# ਸ਼ਿਵ ਕਵਿਤਾ ਅਤੇ ਮਿੱਥ

ਸ਼ਿੰਦਰਪਾਲ ਸਿੰਘ



*Imprint owned by Unistar Books Pvt. Ltd.*

*This book or any part thereof must not be produced in any form whatsoever, without written permission of the author and the publisher.*

© *Author*

**Shiv Kavita ate Myth**
by **Shinderpal Singh, Dr.**

| | | |
|---|---|---|
| First Edition | : | **2000** |
| Price | : | **80/-** |
| Published by | : | **Lokgeet Parkashan**<br>S.C.O. 2427-28, Sector 22-C,<br>Chandigarh - 160022<br>Ph. 712969, 714237 |
| Type Setting | : | **PCIS,** Chandigarh |
| Printed at | : | **Jai Offset Printers,** Chandigarh |

# ਸ਼ਿਵ ਕਵਿਤਾ ਅਤੇ ਮਿੱਥ

# ਵਿਸ਼ੈ-ਸੂਚੀ


ਪੰਨਾ

ਆਦਿਕਾ

**ਅਧਿਆਇ ਪਹਿਲਾ:** 17 - 42

**ਮਿੱਥ, ਮਿੱਥ-ਵਿਗਿਆਨ ਅਤੇ ਮਿੱਥ ਰੂਪਾਂਤਰਣ**

ੳ) ਮਿੱਥ: ਪਰਿਭਾਸ਼ਾ, ਸੰਕਲਪ ਅਤੇ ਹੋਂਦ-ਵਿਧੀ

ਅ) ਮਿੱਥ-ਵਿਸ਼ਲੇਸ਼ਣ ਦੀਆਂ ਵਿਧੀਆਂ

1. ਮਨੋਵਿਸ਼ਲੇਸ਼ਣੀ: ਸਿਗਮੰਡ ਫਰਾਇਡ, ਸੀ. ਜੀ. ਯੁੰਗ ਅਤੇ ਯੱਕ ਲਾਕਾਂ
2. ਸਭਿਆਚਾਰ ਸ਼ਾਸਤਰੀ: ਲੈਵੀ ਸਤਰਾਸ
3. ਸਾਹਿਤ ਸ਼ਾਸਤਰੀ: ਰੋਲਾਂ ਬਾਰਤ ਅਤੇ ਨਾਰਥੋ ਫਰਾਈ

ੲ) ਮਿੱਥ- ਰੂਪਾਂਤਰਣ

**ਅਧਿਆਇ ਦੂਜਾ:** 45 - 60

**ਸ਼ਿਵ ਕੁਮਾਰ ਦੀ ਕਵਿਤਾ ਦਾ ਮਿੱਥ-ਪ੍ਰਬੰਧ**

ੳ) ਮਾਨਵੀ ਭਾਵ-ਸੰਸਾਰ: ਮੂਲ ਪ੍ਰੇਰਕ

1. ਆਧੁਨਿਕਤਾਵਾਦੀ ਸੰਵੇਦਨਾ
2. ਸਭਿਆਚਾਰਕ ਮਾਨਤਾਵਾਂ
3. ਮਾਨਵੀ ਹੋਂਦ ਦਾ ਸਦੀਵੀ ਸੰਕਟ
4. ਸੰਤੁਲਿਤ ਮਾਨਵੀ ਹੋਂਦ ਦੀ ਸਥਾਪਨਾ

ਅ) ਪੰਜਾਬੀ ਸਭਿਆਚਾਰਕ ਪੈਟਰਨ ਅਤੇ ਸ਼ਿਵ ਦਾ ਮਿੱਥ-ਸੰਗਠਨ

1. ਰਿਸ਼ਤੇ-ਨਾਤੇ
2. ਰਸਮੋ-ਰਿਵਾਜ਼
3. ਲੋਕ-ਵਿਸ਼ਵਾਸ
4. ਮਿੱਥਕ ਅਤੇ ਪੌਰਾਣਿਕ ਸੰਦਰਭ

ੲ) ਮਿੱਥ-ਪ੍ਰਬੰਧ ਦਾ ਸਰੂਪ

**ਅਧਿਆਇ ਤੀਜਾ :** 63 - 81

**ਸ਼ਿਵ ਕੁਮਾਰ ਦੀ ਕਵਿਤਾ ਵਿੱਚ ਮਿੱਥ-ਰੂਪਾਂਤਰਣ**

ੳ) ਸਭਿਆਚਾਰਕ ਸਥਾਪਨਾਵਾਂ ਦਾ ਰੂਪਾਂਤਰਣ

1. ਮਾਨਵੀ ਰਿਸ਼ਤਿਆਂ ਦਾ ਵਿਰੋਧ
2. ਟੈਬੂਆਂ ਦਾ ਵਿਰੋਧ
3. ਮਾਰਯਾਦਾਵਾਂ ਦਾ ਨਿਖੇਧ
4. ਸਭਿਆਚਾਰਕ ਕੀਮਤਾਂ ਦਾ ਰੂਪਾਂਤਰਣ
5. ਸਭਿਆਚਾਰਕ ਪ੍ਰਤੀਕਾਂ ਦੀ ਪੁਨਰ-ਸਥਾਪਨਾ

ਅ) ਸਦਾਚਾਰਕ ਸਥਾਪਨਾਵਾਂ ਦਾ ਰੂਪਾਂਤਰਣ

1. ਸਦਾਚਾਰਕਤਾ, ਮਹਿਜ਼ ਬੰਧਨ
2. ਸਦਾਚਾਰਕਤਾ ਅਤੇ ਕਾਮੁਕਤਾ



ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ ਫੋਨ [illegible]

3. ਵਿਕ੍ਰਿਤ ਨਾਇਕ ਦੇ ਸਦਾਚਾਰ ਦੀ ਸਥਾਪਨਾ
4. ਮਾਨਵੀ ਕਾਮਨਾਵਾਂ ਅਤੇ ਖਾਹਿਸ਼ਾਂ ਦੀ ਪੂਰਤੀ ਦਾ ਸਭਿਆਚਾਰ
ੲ) ਮਾਨਵੀ ਹੋਂਦ ਦੀਆਂ ਸਥਾਪਨਾਵਾਂ ਦਾ ਰੂਪਾਂਤਰਣ
1. ਕਾਮਨਾਵਾਂ ਆਧਾਰਿਤ ਮਾਨਵੀ-ਹੋਂਦ
2. ਸਵੈ-ਕੇਂਦਰਿਤ ਮਾਨਵੀ-ਹੋਂਦ
3. ਵਿਖੰਡਿਤ ਅਤੇ ਵਿਸ਼ਾਦਗ੍ਰਸਤ ਮਾਨਵੀ-ਹੋਂਦ
4. ਪਾਪ, ਗੁਨਾਹ ਅਤੇ ਦਮਨ ਦੀ ਅਵਸਥਾ
5. ਮਾਨਵੀ-ਹੋਂਦ ਦਾ ਵਪਾਰੀਕਰਨ

ਅਧਿਆਇ ਚੌਥਾ: 83-126
ਸ਼ਿਵ ਕੁਮਾਰ ਦੇ ਕਾਵਿਕ ਪੈਟਰਨ
ੳ) ਕਾਵਿਕਤਾ ਦੇ ਸ੍ਰੋਤ
1. ਮਿੱਥ
2. ਸਭਿਆਚਾਰਕ ਅਵਚੇਤਨ ਦਾ ਨਿਰਮਾਣ
3. ਸਭਿਆਚਾਰਕ ਪ੍ਰਤੀਕ-ਪ੍ਰਬੰਧ
4. ਮਨੁੱਖ ਤੇ ਬ੍ਰਹਿਮੰਡ ਦੀ ਇਕਸੁਰਤਾ
5. ਔਰਤ ਦਾ ਸਵੈ-ਮੁਖੀ ਸੰਬੋਧ
ਅ) ਕਾਵਿਕਤਾ ਦੇ ਪ੍ਰਗਟਾਅ-ਮਾਧਿਅਮ
1. ਰੁਮਾਂਟਿਕ ਦ੍ਰਿਸ਼ਟੀ
2. ਪ੍ਰਗੀਤਾਤਮਿਕਤਾ ਅਤੇ ਸਰੋਦੀਪਣ
3. ਸੁਹਜਾਤਮਿਕਤਾ
4. ਭਾਸ਼ਾਈ ਸਿਸਟਮ ਦੀ ਵਿਲੱਖਣਤਾ
5. ਸਭਿਆਚਾਰ ਅਤੇ ਪ੍ਰਕਿਰਤੀ ਆਧਾਰਿਤ ਬਿੰਬਾਵਲੀ
ੲ) ਕਾਵਿ-ਪ੍ਰਵਚਨ
1. ਦਾਰਸ਼ਨਿਕ ਸੁਰ
2. ਅੰਤਰਮੁਖੀ ਸੁਰ
3. ਸਮਾਜਿਕ ਮਰਯਾਦਾਵਾਂ ਦਾ ਭੰਜਨ
4. ਦੁਫੇੜਤਾ ਦੀ ਸਥਿਤੀ ਦਾ ਸੁਰ

ਅਧਿਆਇ ਪੰਜਵਾਂ: 127-140
ਲੂਣਾ ਦੇ ਬਿਰਤਾਂਤ ਦੀ ਮਿੱਥਿਕਤਾ
ੳ) ਮਿੱਥ- ਪ੍ਰਬੰਧ ਦਾ ਬਿਰਤਾਂਤਕ ਨਵ- ਨਿਰਮਾਣ
1. ਕਾਮਨਾ ਦਾ ਉਦਾੱਤੀਕਰਣ
2. ਪ੍ਰਕਿਰਤਕ ਪ੍ਰਤੀਕ ਪ੍ਰਬੰਧ ਰਾਹੀਂ ਕਾਸਮਿਕ-ਸੱਚ ਨਾਲ਼ ਸੰਵਾਦ
ਅ) ਕਾਮਨਾਮੂਲਕ ਮਿੱਥ-ਪ੍ਰਬੰਧ ਸਿਰਜਣ ਦੇ ਪੈਟਰਨ
1. ਲੂਣਾ ਦੇ ਕਿਰਦਾਰ ਦੀ ਪੁਨਰ- ਵਿਉਂਤ
2. ਪੂਰਨ ਦਾ ਚਿਤਰਾਤਮਿਕ ਪਰਿਵਰਤਨ
3. ਸੁਲਵਾਨ ਦਾ ਅਸੰਤੁਲਿਤ ਵਿਵਹਾਰ

ਨਿਸ਼ਕਰਸ਼ 143- 147
ਪੁਸਤਕ-ਸੂਚੀ 148 - 158

ਡਾ. ਦੀਪਕ ਮਨਮੋਹਨ ਸਿੰਘ ਨੂੰ

# ਆਦਿਕਾ

ਵੀਹਵੀਂ ਸਦੀ ਦੇ ਸਾਹਿਤ-ਸਿਧਾਤਾਂ ਨੇ ਪੂਰਬਲੀ ਆਲੋਚਨਾ ਦੇ ਗੈਰ-ਵਿਗਿਆਨਕ ਰੂਪਾਂ ਨੂੰ ਰੱਦ ਕਰਕੇ ਵਿਗਿਆਨਕ ਵਿਸ਼ਲੇਸ਼ਣ ਲਈ ਰਾਹ ਪੱਧਰਾ ਕੀਤਾ ਹੈ ਅਤੇ ਪ੍ਰਭਾਵਮੂਲਕ (impressionistic) ਤੇ ਅਨੁਕਰਣਮਈ (immitational) ਆਲੋਚਨਾ ਪ੍ਰਵਿਰਤੀਆਂ ਨੂੰ ਰੱਦ ਕਰਕੇ ਸਾਹਿਤ-ਸਮੀਖਿਆ ਨੂੰ ਇੱਕ 'ਗਿਆਨ ਦਾ ਸੰਗਠਿਤ ਸਰੂਪ'(organised body of knowledge) ਸਥਾਪਤ ਕਰਨ ਦਾ ਉਪਰਾਲਾ ਕੀਤਾ ਹੈ। ਇਸ ਕਰਕੇ ਇਹ ਆਲੋਚਨਾ, ਵਿਸ਼ਲੇਸ਼ਣ ਸਮੇਂ ਸਾਹਿਤਕ-ਪਾਠ ਦੀ ਹੋਂਦ-ਵਿਧੀ ਦੇ ਮੂਲ ਤੱਤਾਂ ਤੇ ਸਰੋਕਾਰਾਂ ਦੇ ਸਮੂਰਤ ਰੂਪਾਂ ਅਤੇ ਅਮੂਰਤ ਪ੍ਰੇਰਕਾਂ (motivations) ਦੇ ਸਰਬਾਂਗੀ ਸੰਦਰਭਾਂ ਦਾ ਵਿਸ਼ਲੇਸ਼ਣ ਕਰਨ ਵਲ ਰੁਚਿਤ ਹੈ। ਇਸ ਪ੍ਰਯੋਜਨ ਲਈ ਉਹ, ਸਾਹਿਤ ਸਿਰਜਣਾ ਨੂੰ ਮਨੁੱਖੀ ਵਿਵਹਾਰ ਦੇ ਸੰਪੂਰਨਤਾ-ਮੂਲਕ (holoistic) ਪਰਿਪੇਖ ਦੇ ਅੰਤਰਗਤ ਰੱਖ ਕੇ ਸਮੁੱਚੀਆਂ ਮਨੁੱਖੀ ਸਿਰਜਣਾਵਾਂ ਨੂੰ ਮਾਨਸਿਕ ਗਤੀਸ਼ੀਲਤਾ ਦੇ ਅਨੁਰੂਪਤਾਮੂਲਕ(analogical) ਸੰਬੰਧ ਵਿੱਚ ਚਿਤਵਦੀ ਹੈ ਅਤੇ ਵਡੇਰੇ ਪ੍ਰਬੰਧ ਦੇ ਅੰਤਰਗਤ ਸਮਝਣ ਦਾ ਯਤਨ ਕਰਦੀ ਹੈ। ਇਸ ਦੇ ਫਲਸਰੂਪ, ਸਮਕਾਲੀ ਚਿੰਤਨ ਵਿੱਚ ਸਾਹਿਤਕ ਪਾਠ, ਮਾਨਸਿਕ ਗਤੀਸ਼ੀਲਤਾ ਦਾ ਅਲਾਮਤੀ ਵਰਤਾਰਾ ਬਣ ਕੇ ਮਾਨਸਿਕ ਹਕੀਕਤਾਂ ਦੀ ਸੁਹਜਾਤਮਿਕ ਅਤੇ ਕਲਾਤਮਿਕ ਪੇਸ਼ਕਾਰੀ ਹੋ ਨਿੱਬੜਦਾ ਹੈ।

ਇਸ ਤੋਂ ਅਗਲੇਰੇ ਪੱਧਰ ਉੱਤੇ ਸਮਕਾਲੀ ਸਾਹਿਤ ਸਮੀਖਿਆ ਦਾ ਕਾਰਜ ਤੇ ਮਨੋਰਥ, ਅਵਚੇਤਨ ਪੱਧਰ ਉੱਤੇ ਹੋਂਦਸ਼ੀਲ ਮਨੋਸਰੀਰਕ ਗਤੀਸ਼ੀਲਤਾ (psyhco-biological dynamism) ਰਾਹੀਂ ਸਿਰਜਿਤ ਮਨੁੱਖੀ ਕਾਮਨਾ ਦੇ ਪ੍ਰੇਰਨਾ- ਸ੍ਰੋਤਾਂ ਅਤੇ ਪ੍ਰੇਰਕਾਂ ਨੂੰ ਨਿਰਧਾਰਤ ਕਰਦੇ ਹੋਏ ਉਨ੍ਹਾ ਦੇ ਅਪ੍ਰੱਖ ਰੋਲ ਨੂੰ ਸਮਝਣਾ ਹੈ। ਇਸ ਦੇ ਨਾਲ ਹੀ ਇਸ ਦਾ ਮੰਤਵ ਮਾਨਵੀ-ਕਾਮਨਾ ਨੂੰ ਵਿਚਾਰ-ਪ੍ਰਬੰਧ ਵਿੱਚ ਰੂਪਾਂਤ੍ਰਿਤ ਕਰਨ ਵਾਲੇ ਸਾਹਿਤਕ ਰੂਪਾਕਾਰਾਂ, ਪ੍ਰਤੀਕ-ਪ੍ਰਬੰਧਾਂ, ਭਾਸ਼ਾਈ ਸੰਗਠਨਾਂ ਅਤੇ ਸਾਹਿਤਕ-ਪਰੰਪਰਾਵਾਂ ਦੇ ਸੰਜਮਸ਼ੀਲ ਪ੍ਰਬੰਧ ਨੂੰ ਸਮਝਣਾ ਹੈ। ਸਪਸ਼ਟ ਹੈ ਕਿ ਸਮਕਾਲੀ ਸਾਹਿਤ-ਆਲੋਚਨਾ, ਸਾਹਿਤ ਸਿਰਜਣਾ ਦੇ ਸਮੁੱਚੇ ਸੰਦਰਭਾਂ ਦੀ ਨਿਸ਼ਾਨਦੇਹੀ ਕਰਕੇ ਪਾਠ ਦੇ ਪ੍ਰਗਟਾਅਮੂਲਕ ਪਾਸਾਰਾਂ ਨੂੰ ਨਿਰਧਾਰਤ ਕਰਦੀ ਹੋਈ ਅਮੂਰਤ ਵਿਚਾਰ-ਪ੍ਰਬੰਧ ਅਤੇ ਸਮੂਰਤ ਪ੍ਰਗਟਾਅ-ਪ੍ਰਬੰਧ ਦਾ ਸਰਬ-ਪੱਖੀ ਵਿਸ਼ਲੇਸ਼ਣ ਕਰਨ ਲਈ ਯਤਨਸ਼ੀਲ ਹੈ।

ਇਸ ਤਰ੍ਹਾਂ ਸਮਕਾਲੀ ਸਾਹਿਤ - ਚਿੰਤਨ ਅਤੇ ਆਲੋਚਨਾ ਦੀ ਗਿਣਨਯੋਗ ਪ੍ਰਾਪਤੀ ਸਾਹਿਤਕ ਰਚਨਾਵਾਂ ਅਤੇ ਧਾਰਾਵਾਂ ਦੀ ਮਾਨਵੀ ਚੇਤਨਾ ਦੀ ਗਤੀਸ਼ੀਲਤਾ ਦੇ ਪ੍ਰਸੰਗ ਵਿੱਚ ਨਵੇਂ ਸਿਰਿਉਂ ਵਿਆਖਿਆ ਤੇ ਪੁਨਰ ਵਿਆਖਿਆ ਬਣ ਜਾਂਦੀ ਹੈ। ਸਾਹਿਤਕ-ਪਾਠਾਂ ਦੀ ਅਜਿਹੀ ਵਿਆਖਿਆ ਤੇ ਪੁਨਰ-ਵਿਆਖਿਆ ਪੱਛਮੀ ਸਾਹਿਤ-ਚਿੰਤਨ ਵਿੱਚ ਇਕ ਪਰੰਪਰਾ ਵਜੋਂ ਸਥਾਪਤ ਹੋ ਚੁੱਕੀ ਹੈ।

ਹਥਲੀ ਪੁਸਤਕ ਵਿੱਚ ਅਸੀਂ ਪੰਜਾਬੀ ਦੇ ਪ੍ਰਸਿੱਧ ਕਵੀ, ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਸੰਸਾਰ ਦੇ ਵਿਲੱਖਣ ਤੇ ਨਿਵੇਕਲੇ ਪ੍ਰੇਰਨਾ-ਸ੍ਰੋਤਾਂ ਤੇ ਪ੍ਰੇਰਕਾਂ ਨੂੰ ਤਲਾਸ਼ਣ ਦਾ ਯਤਨ ਕੀਤਾ ਹੈ ਅਤੇ ਉਸਦੇ ਸਾਹਿਤਕ ਪਾਠ ਦੀ ਹੋਂਦ-ਵਿਧੀ ਅਤੇ ਭਾਵ-ਸੰਸਾਰ ਦੀ ਪੁਨਰ-ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਖੋਜ-ਕਾਰਜ ਵਿਚ ਮਿੱਥ-ਰੂਪਾਂਤਰਣ ਦੀ

ਪ੍ਰਕਿਰਿਆ ਨੂੰ ਅਜਿਹਾ ਮੂਲ ਸਿਰਜਣਾਤਮਿਕ ਪ੍ਰਵਰਗ (category) ਮੰਨਿਆ ਗਿਆ ਹੈ ਜੋ ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਸੰਸਾਰ ਦੇ ਵਿਲੱਖਣ, ਕਾਵਿਕ ਤੇ ਸੁਹਜ-ਸ਼ਾਸਤਰੀ ਆਧਾਰਾਂ ਨੂੰ ਨਿਰਧਾਰਤ ਕਰਦੀ ਹੈ।

ਪੁਸਤਕ ਦੇ ਪਹਿਲੇ ਅਧਿਆਇ ਵਿੱਚ ਮਿੱਥ ਦੇ ਸੰਕਲਪ ਨੂੰ ਸਪਸ਼ਟ ਕਰਦੇ ਹੋਏ ਸਮਕਾਲੀ ਮਨੋਵਿਸ਼ਲੇਸ਼ਣ, ਸੰਰਚਨਾਤਮਿਕ ਮਾਨਵ-ਵਿਗਿਆਨ ਅਤੇ ਸਾਹਿਤ ਸਮੀਖਿਆ ਦੇ ਉਨ੍ਹਾਂ ਸਿਧਾਂਤਾਂ ਤੇ ਪੱਧਤੀਆਂ ਨੂੰ ਵਿਚਾਰਿਆ ਗਿਆ ਹੈ, ਜੋ ਮਿੱਥ ਨੂੰ ਮਿੱਥਿਕਤਾ ਨਾਲੋਂ ਨਿਖੇੜ ਕੇ ਸਮਕਾਲੀ ਆਚਾਰ-ਵਿਹਾਰ ਦੇ ਇਸ ਸਿਰਜਣਾਤਮਿਕ ਕਾਰਜ ਨੂੰ ਮਿੱਥਿਕਤਾ ਨਾਲ ਜੋੜਦੇ ਹੋਏ ਮਿੱਥ ਨੂੰ ਆਦਿ-ਕਾਲੀਨ ਵਰਤਾਰਾ ਸਥਾਪਤ ਕਰਨ ਦੀ ਥਾਂ, ਹਰ ਯੁੱਗ ਤੇ ਹਰੇਕ ਸੰਦਰਭ ਦੇ ਵਾਹਨ ਵਜੋਂ ਪੇਸ਼ ਕਰਦੇ ਹਨ।

ਮਨੋਵਿਸ਼ਲੇਸ਼ਣੀ ਚਿੰਤਨ ਵਿੱਚ ਮਿੱਥ ਦੀ ਸੰਕਲਪਨਾ ਨੂੰ ਸਿਗਮੰਡ ਫਰਾਇਡ, ਸੀ. ਜੀ. ਯੁੰਗ, ਯੱਕ ਲਾਕਾਂ ਅਤੇ ਉਤਰ-ਸੰਰਚਨਾਵਾਦੀਆਂ ਨੇ ਵਿਚਾਰਿਆ ਹੈ ਅਤੇ ਸਥਾਪਤ ਕੀਤਾ ਹੈ ਕਿ ਮਾਨਵੀ ਵਿਵਹਾਰ ਤੋਂ ਪ੍ਰੇਰਿਤ ਸਮਾਜਿਕ ਵਰਤਾਰਿਆਂ ਦੀ ਆਧਾਰਸ਼ਿਲਾ ਵਿੱਚ ਮਾਨਵੀ ਅਵਚੇਤਨ, ਅਹਿਮ ਰੋਲ ਅਦਾ ਕਰਦਾ ਹੈ। ਸਭਿਆਚਾਰ ਸ਼ਾਸਤਰ ਦੇ ਮੁੱਖ ਸੰਸਥਾਪਕ ਲੈਵੀ ਸਤਰਾਸ ਨੇ ਮਿੱਥ ਨੂੰ ਭਾਸ਼ਾ ਵਾਂਗ, ਸਾਹਿਤ ਸ਼ਾਸਤਰੀ ਰੋਲਾਂ ਬਾਰਤ ਅਤੇ ਨਾਰਥੋ ਫਰਾਈ ਨੇ ਮਿੱਥ ਦੀ ਸੰਕਲਪਨਾ ਤੇ ਇਸਦੀ ਹੋਂਦ-ਵਿਧੀ ਨੂੰ ਆਪਣੇ ਚਿੰਤਨ ਦਾ ਇਕ ਬੁਨਿਆਦੀ ਸਰੋਕਾਰ ਬਣਾ ਕੇ ਸਥਾਪਤ ਕੀਤਾ ਕਿ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਮਾਨਵੀ-ਚਿੰਤਨ ਨੂੰ ਅਲੌਕਿਕਤਾ ਵਲੋਂ ਮਾਨਵਤਾ ਵਲ ਤਬਦੀਲ ਕਰਦੀ ਹੈ ਅਤੇ ਪ੍ਰਕਿਰਤੀਮੁਖੀ ਸਰੋਕਾਰਾਂ ਤੇ ਸੰਦਰਭਾਂ ਨੂੰ ਮਨੁੱਖਵਾਦੀ ਸੰਦਰਭਾਂ ਵਲ ਰੁਚਿਤ ਕਰਦੀ ਹੈ।

ਦੂਜੇ ਅਧਿਆਇ ਵਿਚ ਸ਼ਿਵ ਕੁਮਾਰ ਦੀ ਕਵਿਤਾ ਵਿਚ ਗਤੀਸ਼ੀਲ ਮਿੱਥ-ਪ੍ਰਬੰਧ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਕਾਵਿ-ਸੰਸਾਰ ਆਪਣੇ ਆਪ ਵਿੱਚ ਯਥਾਰਥ ਦੇ ਦੂਸਰੇ ਕ੍ਰਮ (second order of reality) ਦੇ ਰੂਪ ਵਿਚ ਹੋਂਦ ਧਾਰਨ ਕਰਦਾ ਹੈ ਅਤੇ ਉਸ ਯਥਾਰਥ ਦੀ ਸਮੁੱਚਤਾਮੂਲਕ ਤੇ ਤਰਕਮਈ ਵਿਆਖਿਆ ਕਰਦਾ ਹੈ। ਕਾਵਿ-ਭਾਸ਼ਾ, ਕਿਉਂਕਿ ਪ੍ਰਤੱਖਣਾਮੂਲਕ ਅਤੇ ਸੰਚਾਰਮੂਲਕ ਗੁਣ ਰੱਖਦੀ ਹੈ, ਇਸ ਲਈ, ਕਾਵਿ-ਭਾਸ਼ਾ, ਦੀ ਇਹ ਵਿਲੱਖਣਤਾ ਹੀ ਮਿੱਥ-ਪ੍ਰਬੰਧ ਦਾ ਆਧਾਰ ਬਣਦੀ ਹੈ,

ਸ਼ਿਵ ਕੁਮਾਰ ਦੇ ਮਿੱਥ-ਪ੍ਰਬੰਧ ਦਾ ਅਹਿਮ ਪਹਿਲੂ ਮਾਨਵੀ ਭਾਵ-ਸੰਸਾਰ ਪ੍ਰਤੀ ਸੰਬੋਧ ਹੈ ਜਿਸ ਵਿਚ ਚਾਰ ਮੂਲ ਪ੍ਰੇਰਕ; ਆਧੁਨਿਕਤਾਵਾਦੀ ਜੀਵਨ ਦ੍ਰਿਸ਼ਟੀਕੋਣ, ਮਾਨਵੀ ਹੋਂਦ ਦਾ ਸਦੀਵੀ ਸੰਕਟ, ਵਿਜੋਗੇ ਹੋਏ ਮਨੁੱਖ ਦੀ ਵਿਸ਼ਾਦਗ੍ਰਸਤ ਅਵਸਥਾ ਅਤੇ ਸੰਤੁਲਿਤ ਮਾਨਵੀ ਹੋਂਦ ਦੀ ਸਥਾਪਨਾ, ਵਿਸ਼ੇਸ਼ ਰੂਪ ਵਿੱਚ ਉਭਰਦੇ ਹਨ। ਦੂਜਾ ਪਾਸਾਰ ਪੰਜਾਬੀ ਸਭਿਆਚਾਰਕ ਪੈਟਰਨ ਦੇ ਅੰਤਰਗਤ ਸ਼ਿਵ ਕੁਮਾਰ ਦੇ ਮਿੱਥ-ਸੰਗਠਨ ਦਾ ਸਰੂਪ ਹੈ ਜਿਸ ਵਿਚ ਰਿਸ਼ਤੇ-ਨਾਤੇ, ਰਸਮੋ - ਰਿਵਾਜ, ਲੋਕ-ਵਿਸ਼ਵਾਸ ਅਤੇ ਪੌਰਾਣਿਕ ਹਵਾਲਿਆਂ ਦੇ ਵਿਸ਼ੇਸ਼ ਕਾਵਿਕ-ਵਿਵੇਕ ਦਾ ਰੂਪਾਂਤਰਣ ਹੈ। ਇਸ ਅਧਿਆਇ ਦਾ ਅੰਤਿਮ ਪਾਸਾਰ ਸ਼ਿਵ ਕੁਮਾਰ ਦੇ ਮਿੱਥ-ਪ੍ਰਬੰਧ ਦਾ ਸਰੂਪ ਨਿਰਧਾਰਤ ਕਰਨਾ ਹੈ।

ਤੀਜੇ ਅਧਿਆਇ ਵਿਚ ਸ਼ਿਵ ਕੁਮਾਰ ਦੀ ਕਵਿਤਾ ਦੇ ਬੁਨਿਆਦੀ ਸਿਰਜਣਾਤਮਿਕ ਪ੍ਰਵਰਗ ਵਿੱਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਵਿੱਚ ਮੁੱਖ ਰੂਪ ਵਿਚ ਸਭਿਆਚਾਰਕ, ਸਦਾਚਾਰਕ ਅਤੇ ਮਾਨਵੀ ਹੋਂਦ ਦੀਆਂ ਮੂਲ ਸਥਾਪਨਾਵਾਂ ਦੇ ਰੂਪਾਂਤਰਣ ਦੀ ਪ੍ਰਕਿਰਿਆ ਦਾ ਵਿਸਥਾਰਪੂਰਵਕ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਗਿਆ ਹੈ।

*The heart of the fool is in his mouth, but the mouth of the wise man is in his heart.*

**– Franklin**

Silence is more eloquent than words.

**– Carlyle**

ਸਭਿਆਚਾਰਕ ਸਥਾਪਨਾਵਾਂ ਦੇ ਰੂਪਾਂਤਰਣ ਦੀ ਪ੍ਰਕਿਰਿਆ 'ਤੇ ਚਰਚਾ ਕਰਦਿਆਂ ਹੋਇਆਂ ਜਿਹੜੇ ਵਿਭਿੰਨ ਮੁੱਦੇ ਚਰਚਾ ਦਾ ਕੇਂਦਰ-ਬਿੰਦੂ ਬਣਦੇ ਹਨ, ਉਨ੍ਹਾਂ ਵਿੱਚ ਮਾਨਵੀ-ਰਿਸ਼ਤਿਆਂ ਦਾ ਵਿਰੋਧ, ਟੈਬੂਆਂ ਦਾ ਨਿਖੇਧ, ਪ੍ਰਚਲਤ ਮਰਯਾਦਾਵਾਂ ਦਾ ਨਿਖੇਧ ਅਤੇ ਭੰਜਨ, ਸਭਿਆਚਾਰਕ ਕੀਮਤਾਂ ਦਾ ਰੂਪਾਂਤਰਣ ਅਤੇ ਸਭਿਆਚਾਰਕ ਪ੍ਰਤੀਕਾਂ ਦੀ ਪੁਨਰ-ਸਥਾਪਨਾ ਸ਼ਾਮਲ ਹਨ। ਸਦਾਚਾਰਕ ਸਥਾਪਨਾਵਾਂ ਦੇ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਸ਼ਿਵ ਕੁਮਾਰ ਪ੍ਰਚਲਤ ਕੀਮਤਾਂ ਨੂੰ ਮਹਿਜ਼ ਬੰਧਨ ਸਮਝਦਾ ਹੈ। ਸਦਾਚਾਰਕਤਾ ਅਤੇ ਕਾਵਿਕਤਾ ਉੱਤੇ ਆਪਣੇ ਕਾਵਿਕ-ਵਿਵੇਕ ਨੂੰ ਕੇਂਦਰਿਤ ਕਰਦਾ ਹੋਇਆ ਕਵੀ ਵਿਕ੍ਰਿਤ ਨਾਇਕ ਦੇ ਸਦਾਚਾਰ ਦੀ ਸਥਾਪਤੀ ਲਈ ਅਗਰਸਰ ਹੈ। ਸ਼ਿਵ ਕੁਮਾਰ ਦੇ ਕਾਵਿਕ-ਜਗਤ ਵਿਚ ਪ੍ਰਵਾਹਮਾਨ ਹਾਵੀ ਤਰਕ ਜਦੋਂ ਪ੍ਰਚਲਤ ਨੈਤਿਕ ਕੀਮਤਾਂ ਤੇ ਸਥਾਪਤ ਸਦਾਚਾਰ ਨੂੰ ਇਕ ਬੰਧਨ ਤੇ ਟੈਬੂ ਵਜੋਂ ਉਦੀਪਤ ਕਰਦਾ ਹੈ ਤਾਂ ਮਾਨਵੀ ਕਾਮਨਾਵਾਂ ਅਤੇ ਖਾਹਿਸ਼ਾਂ ਦੀ ਪੂਰਤੀ ਦਾ ਸਦਾਚਾਰ ਉਸਦੇ ਬਦਲ ਵਜੋਂ ਉਭਰਦਾ ਹੈ।

ਇਸ ਅਧਿਆਇ ਦੇ ਅੰਤ ਵਿਚ ਮਾਨਵੀ-ਹੋਂਦ ਦੀਆਂ ਸਥਾਪਨਾਵਾਂ ਦੇ ਰੂਪਾਂਤਰਣ ਦੇ ਜਿਹੜੇ ਪਾਸਾਰ ਨਜ਼ਰ ਆਉਂਦੇ ਹਨ ਉਨ੍ਹਾਂ ਵਿੱਚ ਕਾਮਨਾ ਆਧਾਰਿਤ ਮਾਨਵੀ ਹੋਂਦ ਅਤੇ ਸਵੈ-ਕੇਂਦਰਿਤ ਮਾਨਵੀ ਹੋਂਦ ਦੀਆਂ ਵਿਭਿੰਨ ਦਿਸ਼ਾਵਾਂ, ਅਵਸਥਾਵਾਂ ਤੇ ਹਾਲਤਾਂ ਨੂੰ ਵਿਸ਼ਲੇਸ਼ਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਵਿਖੰਡਿਤ ਤੇ ਵਿਸ਼ਾਦਗ੍ਰਸਤ ਅਵਸਥਾ ਦੇ ਨਾਲ਼ ਨਾਲ਼ ਪਾਪ, ਗੁਨਾਹ ਤੇ ਦਮਨ ਦੀ ਅਵਸਥਾ ਵੀ ਮਨੁੱਖ ਦੀ ਸਮਾਜਿਕਤਾ ਦੇ ਅਹਿਮ ਪਹਿਲੂ ਹਨ ਅਤੇ ਇਨ੍ਹਾਂ ਵਿਚ ਵਿਚਰਦਿਆਂ ਹੋਇਆਂ ਮਾਨਵੀ ਹੋਂਦ ਦਾ ਵਪਾਰੀਕਰਣ ਸ਼ਿਵ ਕੁਮਾਰ ਦੇ ਕਾਵਿਕ-ਅਨੁਭਵ ਦਾ ਬੁਨਿਆਦੀ ਤਰਕ ਹੈ। ਇਸ ਚਰਚਾ ਦੇ ਫਲਸਰੂਪ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਚਲਤ ਮੱਧਕਾਲੀ ਸਾਂਸਕ੍ਰਿਤਕ ਤੇ ਨੈਤਿਕ ਕਦਰਾਂ ਦੇ ਰੂਪਾਂਤ੍ਰਿਤ ਹੋਣ ਦੀ ਪ੍ਰਕਿਰਿਆ ਉਪਰਾਂਤ ਜਿਹੜਾ ਕਲਾਤਮਿਕ ਬਿੰਬ ਸ਼ਿਵ ਦੇ ਕਾਵਿਕ-ਜਗਤ ਵਿਚ ਸਿਰਜਿਆ ਗਿਆ ਹੈ, ਉਹ ਪੂਰਨ ਭਾਂਤ ਧਰੁਵੀਕਰਨ(polarisation) ਵਾਲੀ ਸਥਿਤੀ ਦੀ ਉਪਜ ਹੈ।

ਇਸ ਪੁਸਤਕ ਦੇ ਚੌਥੇ ਅਧਿਆਇ ਵਿਚ ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਸੰਸਾਰ ਦੇ ਕਾਵਿਕ-ਪੈਟਰਨਾਂ ਨੂੰ ਤਲਾਸ਼ਣ ਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ ਇਸ ਪ੍ਰਵਾਹ ਦੌਰਾਨ ਪ੍ਰਾਪਤ ਕੀਤੇ ਨਤੀਜਿਆਂ ਵਿੱਚ ਕਾਵਿਕਤਾ ਦੇ ਸ੍ਰੋਤ, ਪ੍ਰਗਟਾਅ-ਮਾਧਿਆਮ ਅਤੇ ਕਾਵਿ-ਪ੍ਰਵਚਨ; ਅਜਿਹੇ ਪੈਟਰਨ ਸਥਾਪਤ ਹੋਏ ਹਨ ਜਿਹੜੇ ਸ਼ਿਵ ਕੁਮਾਰ ਦੀ ਕਵਿਤਾ ਦੇ ਰੂਪਗਤ ਆਡੰਬਰ ਤੱਕ ਹੀ ਸੀਮਤ ਨਹੀਂ ਬਲਕਿ ਸੰਚਾਰ-ਪ੍ਰਕਿਰਿਆ ਦੀਆਂ ਅੰਦਰੂਨੀ ਜੁਗਤਾਂ ਨਾਲ਼ ਪੂਰੀ ਸ਼ਿੱਦਤ ਨਾਲ਼ ਜੁੜੇ ਹੋਏ ਹਨ। ਜਿੱਥੋਂ ਤੱਕ ਸ਼ਿਵ ਕੁਮਾਰ ਦੀ ਕਾਵਿਕਤਾ ਦੇ ਸ੍ਰੋਤਾਂ ਦੀ ਤਲਾਸ਼ , ਵਿਉਂਤ ਅਤੇ ਕਾਵਿ-ਉਸਾਰੀ ਦਾ ਸੰਬੰਧ ਹੈ, ਉਸ ਵਿੱਚ ਮਿੱਥ ਦਾ ਪ੍ਰਯੋਗ ਤੇ ਰੂਪਾਂਤਰਣ ਸਭਿਆਚਾਰਕ ਅਵਚੇਤਨ ਦਾ ਨਿਰਮਾਣ, ਸਭਿਆਚਾਰਕ ਪ੍ਰਤੀਕ-ਪ੍ਰਬੰਧ ਤੋਂ ਇਲਾਵਾ ਮਨੁੱਖ ਦੀ ਬ੍ਰਹਿਮੰਡ ਤੇ ਪ੍ਰਕਿਰਤੀ ਨਾਲ਼ ਇਕਸੁਰਤਾ ਤੇ ਸੁਮੇਲਤਾ ਅਤੇ ਔਰਤ ਦਾ ਸਰਬਮੁਖੀ ਸੰਬੰਧ ਸ਼ਾਮਲ ਹੈ। ਸ਼ਿਵ-ਕਾਵਿ ਦੀ ਕਾਵਿਕਤਾ ਅਤੇ ਪ੍ਰਗਟਾਅ ਮਾਧਿਅਮ ਵੀ ਵਿਸ਼ੇਸ਼ ਉਲੇਖ ਦੀ ਮੰਗ ਕਰਦੇ ਹਨ। ਇਨ੍ਹਾਂ ਪ੍ਰਗਟਾਅ-ਮਾਧਿਅਮਾਂ ਵਿਚ ਸ਼ਿਵ ਕੁਮਾਰ ਦੀ ਰੁਮਾਂਟਿਕ ਦ੍ਰਿਸ਼ਟੀ, ਉਸ ਵਲੋਂ ਸਿਰਜੀ ਗਈ ਵਿਸ਼ੇਸ਼ ਪ੍ਰਗੀਤਾਤਮਿਕਤਾ ਤੇ ਸਰੋਦੀਪਣ, ਸੁਹਜਾਤਮਿਕਤਾ, ਭਾਸ਼ਾਈ ਸਿਸਟਮ ਦੀ ਵਿਲੱਖਣਤਾ ਤੋਂ ਇਲਾਵਾ ਸਭਿਆਚਾਰ ਤੇ ਪ੍ਰਕਿਰਤੀ ਨੂੰ ਆਧਾਰ ਬਣਾ ਕੇ ਰਚੀ ਗਈ ਕਾਵਿਕ-ਬਿੰਬਾਵਲੀ ਸ਼ਾਮਲ ਹੈ। ਇਹ ਪ੍ਰਗਟਾਅ-ਮਾਧਿਅਮ

ਹੀ ਸ਼ਿਵ ਕੁਮਾਰ ਨੂੰ ਬਾਕੀ ਸੁਹਜਵਾਦੀ ਕਵੀਆਂ ਨਾਲੋਂ ਨਿਖੇੜਦੇ ਹਨ।

ਇਸ ਅਧਿਆਇ ਦੇ ਅੰਤ ਵਿਚ ਸ਼ਿਵ ਕੁਮਾਰ ਦੇ ਕਾਵਿ-ਪ੍ਰਵਚਨ 'ਤੇ ਚਰਚਾ ਕਰਦਿਆਂ ਹੋਇਆਂ ਉਸ ਵਿਚ ਉਪਲਬਧ ਹਾਵੀ ਸੁਰ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ। ਸ਼ਿਵ ਦੇ ਕਾਵਿ-ਜਗਤ ਵਿਚ ਜਿੱਥੇ ਮਾਨਵੀ-ਸਰੋਕਾਰਾਂ ਨਾਲ਼ ਸੰਬੰਧਿਤ ਬੁਨਿਆਦੀ ਪ੍ਰਸ਼ਨਾਂ ਨੂੰ ਮੁਖਾਤਿਬ ਹੋ ਕੇ ਦਾਰਸ਼ਨਿਕ ਸੁਰ ਵਿਚ ਕਾਵਿ-ਪ੍ਰਵਚਨ ਉਸਾਰਿਆ ਗਿਆ ਹੈ, ਉਥੇ ਸੰਸਾਰਿਕਤਾ ਤੋਂ ਉਪਰਾਮ ਹੋ ਕੇ ਅੰਤਰਮੁਖੀ ਸੁਰ ਦਾ ਆਭਾਵ ਵੀ ਨਹੀਂ ਹੈ। ਅੰਤਰਮੁਖੀ ਸੁਰ ਵਿਚ ਬੋਲਦਾ ਹੋਇਆ ਸਾਡਾ ਇਹ ਸਮਰਥ ਸ਼ਾਇਰ, ਅੰਦਰੂਨੀ ਮਾਨਸਿਕ ਜਗਤ ਵਿਚ ਕਾਰਜਸ਼ੀਲ ਗਤੀਸ਼ੀਲਤਾ ਨੂੰ ਬਾਹਰੀ ਸਮਾਜਿਕਤਾ ਦੇ ਪ੍ਰਕਰਣ ਵਿਚ ਪ੍ਰਸਤੁਤ ਕਰਦਾ ਹੈ। ਇਸ ਸਥਿਤੀ ਦਾ ਕਾਵਿਕ-ਤਰਕ-ਵਿਧਾਨ ਪ੍ਰਸਤੁਤ ਕਰਦਾ ਹੋਇਆ ਸ਼ਿਵ ਕੁਮਾਰ ਪ੍ਰਚਲਤ ਸਮਾਜਿਕ ਮਰਯਾਦਾਵਾਂ ਦਾ ਭੰਜਨ ਕਰਦਾ ਹੈ ਅਤੇ ਆਪਣੇ ਪਾਤਰਾਂ ਦੇ ਅਨੁਸਾਰੀ ਕਦਰਾਂ ਦਾ ਨਵ-ਨਿਰਮਾਣ ਕਰਦਾ ਪ੍ਰਤੀਤ ਹੁੰਦਾ ਹੈ। ਇਸ ਪ੍ਰਕਿਰਿਆ ਵਿਚ ਕਈ ਵਾਰ ਉਹ ਥਿੜਕਦਾ ਜਾਪਦਾ ਹੈ ਅਤੇ ਦੁਫੇੜਤਾ ਦੀ ਸਥਿਤੀ ਵਿਚ ਵਿਚਰਦਾ ਹੈ। ਉਸਦੀ ਇਹ ਸਥਿਤੀ ਦੀਰਘਕਾਲੀ ਨਹੀਂ ਬਲਕਿ ਅਲਪਕਾਲੀ ਹੈ ਅਤੇ ਉਸਦਾ ਪ੍ਰੌਢ ਕਾਵਿ-ਅਨੁਭਵ ਉਸਨੂੰ ਦੁਫੇੜਤਾ ਦੀ ਤ੍ਰਾਸਦਿਕਤਾ ਵਿਚੋਂ ਬਚ ਨਿਕਲਣ ਲਈ ਪੱਥ-ਪ੍ਰਦਰਸ਼ਨ ਕਰਦਾ ਹੈ।

ਇਸ ਅਧਿਆਇ ਵਿਚ ਅਜਿਹੇ ਵਿਚਾਰ-ਫਲ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਦੇ ਅਧਿਐਨ ਉਪਰਾਂਤ ਅਸੀਂ ਕਹਿ ਸਕਦੇ ਹਾਂ ਕਿ ਸ਼ਿਵ ਕੁਮਾਰ, ਨਿਰਸੰਦੇਹ ਇਕ ਅਜਿਹਾ ਸ਼ਾਇਰ ਹੈ ਜਿਸਨੇ ਜ਼ਿੰਦਗੀ ਨੂੰ ਉਸਦੀ ਸਮੁੱਚਤਾ, ਗਤੀਸ਼ੀਲਤਾ ਤੇ ਪ੍ਰਕਾਰਜਸ਼ੀਲਤਾ ਵਿਚ ਅਨੁਭਵ ਕੀਤਾ ਹੈ ਅਤੇ ਪ੍ਰਤੱਖਣ-ਕਿਰਿਆ ਦੀ ਪ੍ਰਤਿਭਾ ਰਾਹੀਂ ਭਲੀਭਾਂਤ ਸਾਕਾਰ ਕੀਤਾ ਹੈ।

ਪੰਜਵੇਂ ਅਧਿਆਇ ਵਿਚ ਲੂਣਾ ਦੇ ਬਿਰਤਾਂਤ ਦੀ ਮਿੱਥਿਕਤਾ ਉਲੀਕਣ ਦਾ ਵਿਵਹਾਰਕ ਪ੍ਰਯਤਨ ਕੀਤਾ ਗਿਆ ਹੈ। ਬਿਰਤਾਂਤ ਦੇ ਅਧਿਐਨ ਤੋਂ ਸਹਿਜੇ ਹੀ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ਼ਿਵ ਕੁਮਾਰ ਮਾਨਵੀ-ਕਾਮਨਾ ਨੂੰ ਨਕਾਰਨ ਦੀ ਬਜਾਇ ਇਸ ਮੂਲ਼ ਭੂਤ ਵ੍ਰਿਤੀ ਦੇ ਉਦੱਾਤੀਕਰਣ ਲਈ ਅਗਰਸਰ ਹੈ । ਉਹ ਪ੍ਰਕਿਰਤੀ ਦੀ ਵਿਸ਼ਾਲ ਕੈਨਵਸ ਵਿਚੋਂ ਪ੍ਰਤੀਕ-ਪ੍ਰਬੰਧ ਸਿਰਜ ਕੇ ਕਾਸਮਿਕ-ਸੱਚ ਨਾਲ਼ ਸੰਵਾਦ ਰਚਾਉਂਦਾ ਹੈ ਤਾਂ ਜੋ ਇਸ ਬਿਰਤਾਂਤ ਵਿਚ ਪੇਸ਼ ਹੋ ਰਹੇ ਯਥਾਰਥ ਨੂੰ ਬ੍ਰਹਿਮੰਡੀ ਯਥਾਰਥ ਨਾਲ਼ ਤੁਲਨਾਇਆ ਜਾ ਸਕੇ। ਇਸ ਮੋਟਿਫ਼ ਵਾਸਤੇ ਉਹ ਜਿਹੜੇ ਪੈਟਰਨ ਅਖਤਿਆਰ ਕਰਦਾ ਹੈ ਉਨ੍ਹਾਂ ਵਿਚ ਸਰਬ ਪ੍ਰਮੁੱਖ ਆਪਣੇ ਮਿੱਥਿਕ ਪਾਤਰਾਂ ਦੇ ਕਥਾਗਤ ਰੋਲ ਨੂੰ ਨਵੇਂ ਸਿਰਿਉਂ ਵਿਉਂਤਦਾ ਹੈ। ਸ਼ਿਵ ਕੁਮਾਰ ਦੇ ਇਨ੍ਹਾਂ ਸੁਚੇਤ ਯਤਨਾਂ ਦੇ ਫਲਸਰੂਪ ਇਹ ਰਚਨਾ ਸਮੁੱਚੇ ਆਧੁਨਿਕ ਪੰਜਾਬੀ ਕਾਵਿ-ਜਗਤ ਦੀ ਅਨੂਠੀ ਪ੍ਰਾਪਤੀ ਹੋ ਨਿੱਬੜਦੀ ਹੈ।

ਇਸ ਪੁਸਤਕ ਦੇ ਅੰਤਿਮ ਅਧਿਆਇ ਵਿੱਚ ਸਮੁੱਚੇ ਖੋਜ-ਕਾਰਜ ਦੀਆਂ ਉਪਲਬਧੀਆਂ ਦਾ ਸੰਖੇਪ ਬਿਉਰਾ ਪ੍ਰਸਤੁਤ ਕੀਤਾ ਗਿਆ ਹੈ। ਮਨੋਵਿਗਿਆਨ/ਮਨੋਵਿਸ਼ਲੇਸ਼ਣ, ਦਰਸ਼ਨ ਸ਼ਾਸਤਰ, ਭਾਸ਼ਾ ਵਿਗਿਆਨ, ਮਾਨਵ-ਵਿਗਿਆਨ, ਤਰਕ-ਵਿਗਿਆਨ, ਸਾਹਿਤ ਚਿੰਤਨ ਅਤੇ ਸਾਹਿਤ ਸਮੀਖਿਆ ਦੇ ਖੇਤਰਾਂ ਵਿਚ ਹੋਈਆਂ ਨਵੀਨ ਪ੍ਰਾਪਤੀਆਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਈਆਂ ਅੰਤਰ-ਦ੍ਰਿਸ਼ਟੀਆਂ (insights) ਦੀ ਬਦੌਲਤ ਸਾਹਿਤ-ਆਲੋਚਨਾ ਅਤੇ ਇਸਦੇ ਮਾਪ-ਦੰਡ (para-metres) ਵੀ ਇੱਕ ਅੰਤਰ-ਅਨੁਸ਼ਾਸਨੀ ਪਹੁੰਚ-ਵਿਧੀ ਬਣ ਗਏ ਹਨ। ਇਸ ਪਹੁੰਚ ਵਿਧੀ, ਜੀਵਨ-ਦ੍ਰਿਸ਼ਟੀਕੋਣ ਅਤੇ ਸਮੀਖਿਆ ਪ੍ਰਣਾਲੀ ਨੂੰ ਗਿਆਨ ਦਾ ਸੰਗਠਤ ਸਰੂਪ ਸਮਝਦੇ ਹੋਏ ਅਸੀਂ ਸ਼ਿਵ ਕੁਮਾਰ ਦੇ ਕਾਵਿ-ਮੰਡਲ ਦਾ ਵਿਸ਼ਲੇਸ਼ਣ ਤੇ ਪੁਨਰ-

# ਮਿੱਥ, ਮਿੱਥ-ਵਿਗਿਆਨ ਅਤੇ ਮਿੱਥ-ਰੂਪਾਂਤਰਣ

ੳ) ਮਿੱਥ: ਪਰਿਭਾਸ਼ਾ, ਸੰਕਲਪ ਅਤੇ ਹੋਂਦ-ਵਿਧੀ

ਅ) ਮਿੱਥ-ਵਿਸ਼ਲੇਸ਼ਣ ਦੀਆਂ ਵਿਧੀਆਂ

1. ਮਨੋਵਿਸ਼ਲੇਸ਼ਣੀ: ਸਿਗਮੰਡ ਫਰਾਇਡ, ਸੀ. ਜੀ. ਯੁੰਗ ਅਤੇ ਯੱਕ ਲਾਕਾਂ
2. ਸਭਿਆਚਾਰ ਸ਼ਾਸਤਰੀ: ਲੈਵੀ ਸਤਰਾਸ
3. ਸਾਹਿਤ ਸ਼ਾਸਤਰੀ : ਰੋਲਾਂ ਬਾਰਤ ਅਤੇ ਨਾਰਥੋ ਫਰਾਈ

ੲ) ਮਿੱਥ-ਰੂਪਾਂਤਰਣ

### ੳ) ਮਿੱਥ: ਪਰਿਭਾਸ਼ਾ, ਸੰਕਲਪ ਅਤੇ ਹੋਂਦ- ਵਿਧੀ

ਮਨੁੱਖ ਦੀਆਂ ਸਭਿਆਚਾਰਕ ਅਤੇ ਗਿਆਨ-ਸ਼ਾਸਤਰੀ ਸਿਰਜਣਾਵਾਂ ਵਿਚ ਮਿੱਥ-ਸਿਰਜਣਾ, ਇਕ ਅਹਿਮ ਅਤੇ ਮਹੱਤਵਪੂਰਣ ਸਿਰਜਣਾ ਹੈ। ਮਿੱਥ-ਸਿਰਜਣ ਦੀ ਪ੍ਰਕਿਰਿਆ ਮਾਨਵਤਾ ਦੇ ਜਨਮ ਤੋਂ ਲੈ ਕੇ ਹੁਣ ਤੱਕ ਨਿਰੰਤਰ ਰੂਪ ਵਿਚ ਪ੍ਰਚਲਤ ਰਹੀ ਹੈ ਅਤੇ ਮਾਨਵੀ ਸਮਝ ਤੇ ਗਿਆਨ ਨੂੰ ਪ੍ਰਤੱਖਣ ਅਥਵਾ ਪ੍ਰਗਟ ਕਰਨ ਦੀ ਮੂਲ ਜੁਗਤ ਦੇ ਰੂਪ ਵਿਚ ਪ੍ਰਚਲਤ ਰਹੀ ਹੈ, ਪਰੰਤੂ ਅਸੀਂ ਇਸਨੂੰ ਸਹੀ ਅਤੇ ਵਿਗਿਆਨਕ ਰੂਪ ਵਿਚ ਸਮਝਣ ਲਈ ਬਹੁਤ ਦੇਰ ਨਾਲ਼ ਯਤਨ ਆਰੰਭ ਕੀਤੇ ਹਨ। ਵੀਹਵੀਂ ਸਦੀ ਦੇ ਆਰੰਭ ਤੱਕ ਮਿੱਥ ਵਿਸ਼ਲੇਸ਼ਣ ਦਾ ਵਿਧੀ-ਪੂਰਵਕ ਅਤੇ ਵਿਗਿਆਨਕ ਯਤਨ ਕਰਨ ਦੀ ਪਰੰਪਰਾ ਕਾਇਮ ਨਹੀਂ ਹੋ ਸਕੀ ਸੀ। ਇਸ ਕਰਕੇ ਪੂਰਵਲੇ ਚਿੰਤਕ, ਮਿੱਥ ਨੂੰ ਜਾਂ ਤਾਂ ਕੇਵਲ ਆਰੰਭਿਕ ਸਮਾਜਿਕ ਵਿਵਸਥਾਵਾਂ ਦੀ ਗਾਲਪਨਿਕ ਕਥਾ-ਵਿਧੀ ਹੀ ਸਮਝਦੇ ਰਹੇ ਜਾਂ ਫਿਰ ਮਾਨਵੀ/ਪਰਾ-ਮਾਨਵੀ ਸਥਿਤੀਆਂ ਨੂੰ ਰੂਪਮਾਨ ਕਰਨ ਵਾਲੀ ਪ੍ਰਗਟਾਅ-ਜੁਗਤ ਸਮਝਦੇ ਰਹੇ, ਜੋ ਦੂਸਰੇ ਬਿੰਬਾਂ/ਪ੍ਰਤੀਕਾਂ ਰਾਹੀਂ ਕਿਸੇ ਮਾਨਵੀ-ਹੋਂਦ ਜਾਂ ਪਰਾਭੌਤਿਕੀ ਹੋਂਦ ਦੇ ਵਿਸ਼ੇਸ਼ ਤਰਕ ਨੂੰ ਪੇਸ਼ ਕਰਨ ਦਾ ਯਤਨ ਕਰਦੀ ਹੈ। ਇਸ ਕਰਕੇ ਇਹ ਦੋਵੇਂ ਵਿਧੀਆਂ ਖੁਸ਼ਫਹਿਮੀ ਦਾ ਸ਼ਿਕਾਰ ਰਹੀਆਂ ਕਿ ਮਿੱਥ-ਸਿਰਜਣਾ ਦਾ ਕਾਰਜ-ਖੇਤਰ ਸਿਰਫ਼ ਆਦਿਕਾਲੀਨ ਕਬਾਇਲੀ ਚੇਤਨਾ ਦੇ ਪ੍ਰਕਿਰਤੀਮੁਖੀ ਸੰਦਰਭਾਂ ਦੀ ਗਾਲਪਨਿਕ ਜਾਂ ਤਾਰਕਿਕ ਪੇਸ਼ਕਾਰੀ ਹੈ। ਸਮਕਾਲੀ ਚਿੰਤਨ ਨੇ ਇਸ ਮਿੱਥ-ਸਿਰਜਣਾ ਦੀ ਪ੍ਰਕਿਰਿਆ ਨੂੰ ਮਨੁੱਖ ਦੀ ਮੂਲ ਸਿਰਜਣਾਤਮਿਕ ਪ੍ਰਕਿਰਿਆ ਦੇ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ ਅਤੇ ਸਥਾਪਤ ਕੀਤਾ ਕਿ ਮਿੱਥ-ਸਿਰਜਣਾ ਕੇਵਲ ਆਦਿਕਾਲੀਨ ਸਮਾਜ ਦੀ ਗਿਆਨ ਨੂੰ ਪ੍ਰਤੱਖਣ ਜਾਂ ਪ੍ਰਗਟਾਉਣ ਦੀ ਵਿਧੀ ਮਾਤਰ ਨਹੀਂ ਹੈ, ਸਗੋਂ ਮਨੁੱਖ ਨੇ ਹਰ ਯੁੱਗ ਵਿਚ ਮਿੱਥ-ਸਿਰਜਣਾ ਰਾਹੀਂ ਆਪਣੇ ਸਮਕਾਲੀ ਯੁੱਗ ਦੀਆਂ ਵਿਰੋਧਤਾਵਾਂ ਨੂੰ ਪੇਸ਼ ਕੀਤਾ ਹੈ।

ਮਿੱਥ ਦੇ ਸੰਕਲਪ ਨੂੰ ਸਮਝਣ ਲਈ 'ਮਿੱਥ' ਪਦ ਦੇ ਦੋ ਅਰਥ-ਪਾਸਾਰਾਂ ਨੂੰ ਸਮਝਣਾ ਅਤਿਅੰਤ ਲਾਜ਼ਮੀ ਹੈ। ਪਹਿਲਾ ਹੈ 'ਮਿਥਿਆ'(Mythical) ਅਤੇ ਦੂਸਰਾ ਹੈ 'ਮਿੱਥਿਕਤਾ' (Mythopoeic)। ਜਦੋਂ ਅਸੀਂ 'ਮਿੱਥ' ਦੇ ਸੰਕਲਪ ਨੂੰ 'ਮਿਥਿਆ' ਦੇ ਅੰਤਰਗਤ ਸਮਝਦੇ ਹਾਂ ਤਾਂ ਅਸੀਂ ਮਿੱਥ ਦੀ ਸਿਰਜਣਾ ਦਾ ਮਨੋਰਥ ਕਥਾ ਦੀ ਪੇਸ਼ਕਾਰੀ ਨੂੰ ਲੈਂਦੇ ਹਾਂ। ਜਿਸ ਕਰਕੇ ਮਿੱਥ ਦਾ ਭਾਵ ਝੂਠ/ ਗਾਲਪਨਿਕ ਬਣ ਜਾਂਦਾ ਹੈ। ਇਹ ਬਹੁਤ ਹੀ ਲੋਕ-ਪ੍ਰਿਆ ਸੰਕਲਪ ਹੈ ਅਤੇ ਮਿੱਥ ਦੀ ਪ੍ਰਚਲਤ ਅਧਿਐਨ-ਵਿਧੀ ਦਾ ਕੇਂਦਰ-ਬਿੰਦੂ ਰਿਹਾ ਹੈ। ਅਜਿਹੀ ਧਾਰਨਾ ਵਾਲੇ ਚਿੰਤਕਾਂ ਨੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਕਿ ਮਿੱਥ, ਸਾਹਿਤ-ਸਿਰਜਣਾ ਲਈ ਇਕ ਆਧਾਰ ਵਸਤੂ ਹੈ ਜਿਸਨੂੰ ਮਾਨਵੀ ਕਲਪਨਾ ਦੀ ਸੁਹਜਾਤਮਿਕ ਸਿਰਜਣਾ ਸਵੀਕਾਰ ਕੀਤਾ ਜਾ ਸਕਦਾ ਹੈ। ਇਸਦਾ ਭਾਵ ਇਹ ਹੈ ਕਿ ਮਿੱਥ ਦਾ ਸਿਰਜਕ ਇਕ ਸਾਹਿਤਕਾਰ ਹੈ ਜੋ ਆਪਣੀ ਕਰਤਾਰੀ ਕਲਪਨਾ ਦੇ ਬਲਬੂਤੇ ਇੱਕ ਗਾਲਪਨਿਕ ਜਗਤ ਦੀ ਸਿਰਜਣਾ ਕਰਦਾ ਹੈ ਜਿਸਦਾ ਮਨੋਰਥ ਮਨੁੱਖ ਅਤੇ ਪ੍ਰਕਿਰਤੀ ਦੀਆਂ ਵਿਰੋਧੀ ਅਵਸਥਾਵਾਂ ਵਿਚ ਸੰਕਟ-ਗ੍ਰਸਤ ਮਨੁੱਖ ਦੀਆਂ ਸਮੱਸਿਆਵਾਂ, ਪ੍ਰਾਪਤੀਆਂ/ਅਪ੍ਰਾਪਤੀਆਂ ਤੋਂ ਉਤਪੰਨ ਖੁਸ਼ੀਆਂ, ਗਮੀਆਂ ਤੇ ਮਾਨਸਿਕ ਉਲਝਨਾਂ ਦਾ ਨਿਵਾਰਨ ਕਰਨਾ ਹੈ। ਸਪਸ਼ਟ ਹੈ ਕਿ ਇਸ ਪ੍ਰਕਾਰ ਦੇ ਚਿੰਤਨ ਵਿਚ 'ਮਿੱਥ' ਦਾ ਭਾਵ 'ਕਥਾ-ਰਸ' ਦੇ ਪ੍ਰਯੋਜਨ ਨਾਲ਼ ਜੁੜਿਆ ਹੋਣ ਕਰਕੇ ਇਸਦੀ ਸੁਹਜਾਤਮਿਕ ਅਤੇ ਕਥਾਗਤ ਸਾਰਥਿਕਤਾ ਹੀ ਅਹਿਮੀਅਤ ਰੱਖਦੀ ਹੈ।

'ਮਿੱਥ' ਦੇ ਦੂਸਰੇ ਅਰਥ-ਪਾਸਾਰ, ਮਿੱਥਿਕਤਾ ਦੇ ਅੰਤਰਗਤ ਇਸ ਸੰਕਲਪ ਦਾ ਅਧਿਐਨ ਵੀਹਵੀਂ ਸਦੀ ਦੇ ਅੱਧ ਵਿੱਚ ਸੰਭਵ ਹੋਇਆ। ਮੁੱਢਲੇ ਰੂਪ ਵਿਚ ਮਿੱਥ ਦਾ ਵਿਗਿਆਨਕ ਵਿਸ਼ਲੇਸ਼ਣ ਇਟਲੀ ਦੇ ਚਿੰਤਕ ਵੀਕੋ ਦੀ ਪੁਸਤਕ The New Science ਨਾਲ਼ ਹੁੰਦਾ ਹੈ।

ਉਸਨੇ ਮਨੁੱਖ ਦੀ ਗਿਆਨ-ਮੂਲਕ ਪ੍ਰਕਿਰਿਆ ਦੇ ਰੂਪ ਵਿਚ ਮਿੱਥ ਨੂੰ ਸਮਝਦੇ ਹੋਏ ਇਸਦੇ ਵਿਸ਼ਲੇਸ਼ਣ ਨੂੰ ਇਤਿਹਾਸ ਦੀ ਪ੍ਰਕਿਰਿਆ ਨਾਲ ਜੋੜਿਆ ਅਤੇ ਸਥਾਪਤ ਕੀਤਾ ਕਿ ਮਿੱਥ-ਸਿਰਜਣਾ ਦਾ ਧੁਰਾ ਉਸਦੇ ਯੁੱਗ ਦੀਆਂ ਮੂਲ ਵਿਰੋਧਤਾਵਾਂ ਹੋਣ ਕਰਕੇ ਮਿੱਥ, ਹਮੇਸ਼ਾਂ ਵਿਸ਼ੇਸ਼ ਯੁੱਗ ਦੀ ਸਮੂਹਿਕ ਮਾਨਸਿਕਤਾ ਦੇ ਤਰਕ-ਵਿਧਾਨ ਨੂੰ ਪ੍ਰਗਟ ਕਰਦੀ ਹੈ। ਇਸ ਕਰਕੇ ਉਸ ਲਈ ਮਿੱਥ-ਸਿਰਜਣਾ ਝੂਠੇ ਬਿਰਤਾਂਤ ਜਾਂ ਫੋਕੀਆਂ ਕਥਾਵਾਂ ਹੋਣ ਦੀ ਥਾਂ ਇੱਕ ਵਿਗਿਆਨ ਦੇ ਵਾਂਗ ਹੈ ਜੋ ਮਨੁੱਖ ਦੇ 'ਕਾਵਿਕ ਵਿਵੇਕਾਂ' (poetic Wisdom) ਉਪਰ ਆਧਾਰਿਤ ਹੋਣ ਕਰਕੇ ਮਾਨਵੀ ਪ੍ਰਤੱਖਣ ਦੇ ਗਿਆਨ-ਮੂਲਕ ਵਿਵਹਾਰ ਨਾਲ ਜੁੜੀ ਹੋਈ ਹੈ।[1]

ਵੀਕੋ ਦੇ ਮਿੱਥ-ਵਿਸ਼ਲੇਸ਼ਣ ਨੇ ਦਾਰਸ਼ਨਿਕ ਚਿੰਤਕਾਂ ਦਾ ਧਿਆਨ ਖਿੱਚਿਆ। ਉਸ ਦੇ ਸਮਕਾਲੀ ਦਰਸ਼ਨ-ਸ਼ਾਸਤਰੀ ਚਿੰਤਕ ਕੈਜ਼ੀਰਰ ਅਨੁਸਾਰ ਮਨੁੱਖ ਦੀ ਬੁਨਿਆਦੀ ਵਿਸ਼ੇਸ਼ਤਾ ਉਸਦੀ ਪ੍ਰਤੀਕ ਸਿਰਜਣ ਦੀ ਸਮਰਥਾ ਵਿਚ ਹੈ। ਮਨੁੱਖ ਦੁਆਰਾ ਸਿਰਜੇ ਗਏ ਪ੍ਰਤੀਕ, ਅਸਲ ਵਿਚ ਯਥਾਰਥ ਨੂੰ ਗਿਅਨ-ਮੂਲਕ ਵਿਧੀ ਰਾਹੀਂ ਪ੍ਰਗਟ ਕਰਨ ਦੀ ਪ੍ਰਕਿਰਿਆ ਹੈ। ਇਸ ਕਰਕੇ ਮਨੁੱਖ ਦੀਆਂ ਵਿਭਿੰਨ ਸਿਰਜਣਾਵਾਂ ਜਿਵੇਂ ਭਾਸ਼ਾ, ਕਲਾ, ਮਿੱਥ, ਧਰਮ ਅਤੇ ਵਿਗਿਆਨ ਆਦਿ ਭਿੰਨ ਭਿੰਨ ਕੋਟੀਆਂ ਦੇ ਪ੍ਰਤੀਕ -ਪ੍ਰਬੰਧ ਨੂੰ ਵਿਉਂਤਣ ਦੇ ਕਾਰਜ ਰਾਹੀਂ ਹੀ ਹੋਂਦ ਧਾਰਨ ਕਰਦੇ ਹਨ। ਇਸ ਤਰ੍ਹਾਂ ਕੈਜ਼ੀਰਰ ਅਨੁਸਾਰ 'ਮਿੱਥ' ਦਾ ਸੰਕਲਪ ਮਹਿਜ਼ ਮਿਥਿਆ ਤੱਕ ਸੀਮਤ ਨਹੀਂ ਬਲਕਿ ਮਨੁੱਖੀ ਮਨ ਦੀ ਸੰਰਚਨਾ ਅਨੁਸਾਰ ਸਿਰਜਿਤ ਵਿਸ਼ੇਸ਼ ਕਿਸਮ ਦੀ ਗਿਆਨ-ਸ਼ਾਸਤਰੀ ਪਰਿਪਾਟੀ ਹੈ।[2]

ਜਰਮਨੀ ਦੇ ਧਰਮ-ਸ਼ਾਸਤਰੀ ਚਿੰਤਕ ਮੈਕਸਮੂਲਰ ਨੇ ਮਿੱਥ ਦੇ ਬੁਨਿਆਦੀ ਸਰੋਕਾਰਾਂ 'ਤੇ ਚਰਚਾ ਕਰਦਿਆਂ 'ਮਿਥੀਕਲ' ਤੋਂ ਕਥਾਤਮਿਕਤਾ ਦਾ ਅਰਥ ਗ੍ਰਹਿਣ ਕੀਤਾ ਅਤੇ 'ਮਿਥੀਲਾਜੀਕਲ' ਨੂੰ ਮਿੱਥ-ਸਿਰਜਣਾ ਦੇ ਗਿਆਨ-ਸ਼ਾਸਤਰੀ ਪ੍ਰਬੰਧ ਨਾਲ ਜੋੜਿਆ ਜਿਸਦਾ ਕੇਂਦਰਬਿੰਦੂ ਕਿਸੇ ਵੀ ਸਭਿਆਚਾਰ ਵਿਚ ਮਿੱਥ-ਸਿਰਜਣਾ ਦੇ ਆਧਾਰ ਵਿਚ ਗਤੀਸ਼ੀਲ ਪ੍ਰਬੰਧ-ਮੂਲਕ ਪਾਸਾਰਾਂ ਦੀ ਹੋਂਦ ਨੂੰ ਮਿਥਣਾ ਹੈ।[3]

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਮਿੱਥ ਦੀ ਪ੍ਰਕਿਰਿਆ ਆਦਿ ਕਾਲ ਤੋਂ ਹੀ ਮਨੁੱਖੀ-ਚਿੰਤਨ ਦਾ ਅਹਿਮ ਹਿੱਸਾ ਰਹੀ ਹੈ। ਮਨੁੱਖ ਆਪਣੇ ਗਿਆਨ ਨੂੰ 'ਮਿੱਥ' ਦੇ ਪ੍ਰਬੰਧਸ਼ੀਲ ਵਰਤਾਰੇ ਵਿਚ ਬੰਨ੍ਹ ਕੇ ਸਮਕਾਲੀ ਯਥਾਰਥ ਦੀਆਂ ਭੌਤਿਕੀ, ਪਰਾ-ਭੌਤਿਕੀ, ਪ੍ਰਾਕਿਰਤਕ ਅਤੇ ਮਾਨਸਿਕ ਸਮੱਸਿਆਵਾਂ ਨੂੰ ਵਿਸ਼ੇਸ਼ ਪ੍ਰਕਾਰ ਦੇ ਪ੍ਰਤੀਕ-ਪ੍ਰਬੰਧ ਵਿਚ ਰੱਖ ਕੇ ਪੇਸ਼ ਕਰਦਾ ਰਿਹਾ ਹੈ। ਮਨੁੱਖ ਦੁਆਰਾ ਸਿਰਜਿਆ ਹੋਇਆ ਪ੍ਰਤੀਕ-ਪ੍ਰਬੰਧ ਉਸ ਦੀਆਂ ਅਗਲੇਰੀਆਂ ਪੁਸ਼ਤਾਂ ਲਈ ਯਥਾਰਥ ਦਾ ਰੂਪ ਬਣ ਕੇ ਮਨੁੱਖੀ ਮਨ ਵਿਚ ਗਿਆਨ ਦਾ ਸੰਚਾਰ ਕਰਦਾ ਰਿਹਾ ਹੈ। ਇਸ ਤਰ੍ਹਾਂ ਮਿੱਥ ਨੂੰ ਮਨੁੱਖ ਦੁਆਰਾ ਪ੍ਰਸਤੁਤ ਯਥਾਰਥ ਦੀਆਂ ਵਿਆਖਿਆ-ਵਿਧੀਆਂ ਵਿਚੋਂ ਇਕ ਅਹਿਮ ਵਿਆਖਿਆ-ਵਿਧੀ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਮਿੱਥ ਦੀ ਹੋਂਦ-ਵਿਧੀ ਦੇ ਪ੍ਰਸ਼ਨ ਨੂੰ ਮੁਖਾਤਿਬ ਹੁੰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਸਨੂੰ ਵਿਆਖਿਆ ਸ਼ਾਸਤਰੀ ਪ੍ਰਵਰਗ ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ। ਮਿੱਥ ਦੇ ਤਰਕ ਦਾ ਕੇਂਦਰ-ਬਿੰਦੂ ਮਨੁੱਖੀ ਮਨ ਰਾਹੀਂ ਯਥਾਰਥ ਦੇ ਕਿਸੇ ਰੂਪ ਨੂੰ ਖ਼ਾਸ ਵਿਆਖਿਆ ਦੇ ਪ੍ਰਬੰਧ ਅਧੀਨ ਬੰਨ੍ਹ ਕੇ ਪੇਸ਼ ਕਰਨਾ ਹੈ। ਇਸ ਕਰਕੇ ਮਿੱਥ, ਯਥਾਰਥ ਦੇ ਅਸਤਿਤਵ ਸ਼ਾਸਤਰੀ ਪਾਸਾਰਾਂ ਦੀ ਖ਼ੁਦਮੁਖਤਾਰੀ ਖ਼ਤਮ ਹੋ ਕੇ ਉਹ ਵਿਆਖਿਆ ਦੇ ਚਰਿੱਤਰ ਦੇ ਅਨੁਸਾਰ ਆਪਣਾ ਰੂਪ ਧਾਰਨ ਕਰ ਲੈਂਦੇ ਹਨ। ਇਸ ਰੂਪ ਵਿਚ ਮਿੱਥ, ਯਥਾਰਥ ਦਾ ਬਿੰਬ/ਅਕਸ ਜਾਂ ਯਥਾਰਥ ਦਾ ਪਰਤੌ ਹੋਣ ਦਾ ਨਿਵੇਕਲਾ ਦ੍ਰਿਸ਼ਟੀਬਿੰਬ ਪੇਸ਼ ਕਰਦੀ ਹੈ ਜਿਸਦੀ ਆਪਣੀ ਖ਼ੁਦਮੁਖਤਾਰ ਹੋਂਦ ਹੁੰਦੀ ਹੈ। ਇਸ ਪ੍ਰਕਾਰ ਮਿੱਥ ਦੀ ਸਿਰਜਣਾ ਦਾ ਆਧਾਰ ਉਸਦੇ ਵਿਆਖਿਆ ਸ਼ਾਸਤਰੀ

ਪ੍ਰਵਰਗ ਦੇ ਰੂਪ ਵਿਚ ਹੋਂਦ ਗ੍ਰਹਿਣ ਕਰਨ ਦੇ ਤੌਰ 'ਤੇ ਮੰਨਿਆ ਜਾ ਸਕਦਾ ਹੈ।

ਆਪਣੇ ਇਸ ਵਿਆਖਿਆ-ਸ਼ਾਸਤਰੀ ਚਰਿੱਤਰ ਦੇ ਫਲਸਰੂਪ, ਮਿੱਥ ਹਮੇਸ਼ਾਂ ਯਥਾਰਥ ਦੇ ਦੂਜੇਲੇ ਕ੍ਰਮ (Second order of reality) ਦੀ ਸਿਰਜਣਾ ਕਰਦੀ ਹੈ। ਮਿੱਥ ਦੀ ਸਿਰਜਣ-ਪ੍ਰਕਿਰਿਆ ਵਿਚ ਇਸਦਾ ਯਥਾਰਥ ਨਾਲ ਦੋ-ਧਾਰਾ ਸੰਬੰਧ ਹੁੰਦਾ ਹੈ। ਇਕ ਪਾਸੇ ਤਾਂ ਇਹ ਯਥਾਰਥ ਦੀ ਹੋਂਦ-ਵਿਧੀ ਦੇ ਮੂਲ ਪ੍ਰਸੰਗਾਂ ਨਾਲ ਆਪਣਾ ਸੰਵਾਦ ਸਿਰਜਦੀ ਹੋਈ, ਯਥਾਰਥ ਦੇ ਮੂਲ ਸਰੋਕਾਰਾਂ ਵਿਚੋਂ ਆਪਣਾ ਤਰਕ ਪ੍ਰਾਪਤ ਕਰਦੀ ਹੈ ਅਤੇ ਦੂਜੇ ਪਾਸੇ ਯਥਾਰਥ ਦੀ ਵਾਸਤਵਿਕਤਾ ਵਸਤੂ-ਵਿਵੇਕ ਦੇ ਸਮਾਨਾਂਤਰ ਆਪਣਾ ਮਿੱਥਕੀ-ਵਿਵੇਕ ਸਿਰਜਦੀ ਹੋਈ ਯਥਾਰਥ ਦੇ ਤਰਕ-ਵਿਧਾਨ ਸਮਾਂਨਾਂਤਾਰ ਦੂਜੇਲੇ ਕ੍ਰਮ ਦੇ ਯਥਾਰਥ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਰਹਿੰਦੀ ਹੈ। ਰੋਲਾਂ ਬਾਰਤ ਮਿੱਥ ਦੀ ਹੋਂਦ-ਵਿਧੀ ਦਾ ਮੂਲ ਆਧਾਰ ਦੂਜੇਲੇ ਕ੍ਰਮ ਦੇ ਚਿਹਨ-ਪ੍ਰਬੰਧ (Second order of semantic system) ਨੂੰ ਮੰਨਦਾ ਹੈ। ਉਹ ਭਾਸ਼ਾ ਦੀ ਹੋਂਦ-ਵਿਧੀ ਨੂੰ ਯਥਾਰਥ ਦੇ ਇਕਹਿਰੇ ਪ੍ਰਬੰਧਾਂ ਦੇ ਗਿਆਨ ਦਾ ਸੰਚਾਰ ਕਰਨ ਵਾਲੀ ਵਸਤੂ ਮੰਨਦਾ ਹੋਇਆ ਮਿੱਥ ਨੂੰ ਦੂਸਰੇ ਪੱਧਰ ਦੇ ਚਿਹਨਾਤਮਿਕ ਕਾਰਜ ਨਾਲ ਜੋੜਦਾ ਹੈ।[4]

ਯਥਾਰਥ ਦੇ ਪਹਿਲੇ ਕ੍ਰਮ ਦੇ ਸਮਾਨਾਂਤਰ ਇਸ ਦੇ ਦੂਜੇਲੇ ਕ੍ਰਮ ਦੀ ਸਿਰਜਣਾ ਕਰਨ ਹਿਤ ਮਿੱਥ ਦਾ ਚਰਿੱਤਰ ਪ੍ਰਤੀਕਾਤਮਿਕ ਬਣ ਜਾਂਦਾ ਹੈ ਅਤੇ ਇਹ ਹਮੇਸ਼ਾਂ ਹੀ ਕਿਸੇ ਸਭਿਆਚਾਰ ਵਿਚ ਪ੍ਰਚਲਤ ਪ੍ਰਤੀਕ -ਪ੍ਰਬੰਧ ਦਾ ਅਹਿਮ ਭਾਗ ਬਣ ਜਾਂਦੀ ਹੈ। ਮਿੱਥ ਦੀ ਅਰਥ-ਸੰਚਾਰ-ਪ੍ਰਕਿਰਿਆ ਕਦੇ ਵੀ ਉਸਦੇ ਸਰਲ ਅਰਥਾਂ ਵਿਚ ਸੰਭਵ ਨਹੀਂ ਹੁੰਦੀ ਸਗੋਂ ਉਹ ਮਨੁੱਖੀ ਸੰਕਟਾਂ ਨੂੰ ਭਿੰਨ ਭਿੰਨ ਪ੍ਰਤੀਕਾਂ ਵਿਚ ਬੰਨ੍ਹ ਕੇ ਪੇਸ਼ ਕਰਦੀ ਹੈ। ਮਿੱਥ ਵਿੱਚ ਪੇਸ਼ ਕੀਤੇ ਜਾ ਰਹੇ ਪ੍ਰਤੀਕ ਆਪਣੇ ਰੂਪ, ਆਕਾਰ ਅਤੇ ਅਰਥ-ਛਵੀਆਂ ਦੇ ਰੂਪ ਵਿਚ ਪੇਸ਼ ਹੋ ਰਹੀ ਵਿਚਾਰਧਾਰਾ ਨੂੰ ਰੂਪਮਾਨ ਕਰਨ ਲਈ ਬੁਨਿਆਦੀ ਸਾਧਨ ਪੇਸ਼ ਕਰਦੇ ਹਨ, ਜਿਵੇਂ ਸਾਗਰ ਅਤੇ ਆਕਾਸ਼ ਵਿਸ਼ਾਲਤਾ ਦਾ ਪ੍ਰਤੀਕ ਬਣ ਕੇ ਉਭਰਦੇ ਹਨ। ਧਰਤੀ ਨਿਮਰਤਾ ਦੇ ਪ੍ਰਤੀਕ ਵਜੋਂ, ਦੈਂਤ ਸਮੱਸਿਆਵਾਂ ਦੇ ਪ੍ਰਤੀਕ ਵਜੋਂ ਅਤੇ ਰਾਜਾ ਮਾਨਵੀ-ਸਮਰੱਥਾ ਦੇ ਪ੍ਰਤੀਕ ਵਜੋਂ ਪੇਸ਼ ਹੋ ਕੇ ਮਿੱਥ ਦੀ ਅਰਥ-ਸੰਚਾਰ-ਪ੍ਰਕਿਰਿਆ ਨੂੰ ਸੀਮਤ ਅਰਥਾਂ ਤੋਂ ਵਿਸ਼ਾਲ ਅਰਥਾਂ ਵਿਚ ਰੂਪਾਂਤ੍ਰਿਤ ਕਰ ਦਿੰਦੇ ਹਨ। ਸਪਸ਼ਟ ਹੈ ਕਿ ਮਿੱਥ ਕੋਡਾਂ/ਪ੍ਰਤੀਕਾਂ/ਚਿੰਨ੍ਹਾਂ ਦਾ ਪ੍ਰਕਾਰਜ ਸਰਲ ਅਰਥਾਂ ਦਾ ਸੰਚਾਰ ਕਰਨਾ ਨਹੀਂ ਹੁੰਦਾ ਸਗੋਂ ਸਮੁੱਚੇ ਪਾਠਾਤਮਿਕ ਸੰਗਠਨ ਨੂੰ ਪ੍ਰਤੀਕਾਤਮਿਕ ਸੰਗਠਨ ਵਿਚ ਬਦਲ ਕੇ ਯਥਾਰਥ ਦੀ ਅਗਲੇਰੇ ਪੱਧਰ ਦੀ ਪ੍ਰਤੀਕਾਤਮਿਕ ਪੇਸ਼ਕਾਰੀ ਕਰਨਾ ਹੁੰਦਾ ਹੈ ਜਿਸਨੂੰ ਪੜ੍ਹਨ ਤੇ ਸੁਣਨ ਵਾਲਾ ਆਪਣੇ ਵਿਵੇਕ ਰਾਹੀਂ ਪੁਨਰ ਪੇਸ਼ਕਾਰੀ ਦੀ ਵਿਧੀ ਰਾਹੀਂ ਡੀਕੋਡ ਕਰਦਾ ਹੈ।

ਮਿੱਥ ਦੀ ਹੋਂਦ-ਵਿਧੀ ਵਿਚ ਮਿੱਥ-ਤਰਕ ਨੂੰ ਸਿਰਜਣ ਵਾਲੇ ਆਧਾਰ-ਭੂਤ ਤੱਤਾਂ ਦੀ ਬੁਨਿਆਦ ਮਾਨਵੀ ਹੋਂਦ ਦੇ ਮੂਲ-ਭੂਤ ਸਰੋਕਾਰ ਮੰਨੇ ਜਾ ਸਕਦੇ ਹਨ। ਮਿੱਥ, ਹਮੇਸ਼ਾਂ ਮਾਨਵੀ-ਹੋਂਦ ਦੇ ਮੂਲ-ਭੂਤ ਸਰੋਕਾਰਾਂ ਨੂੰ ਮੁਖਾਤਿਬ ਹੋ ਕੇ ਆਪਣੇ ਵਿਆਖਿਆ ਸ਼ਾਸਤਰ ਦੀ ਉਸਾਰੀ ਕਰਦੀ ਹੈ। ਇਸੇ ਕਰਕੇ ਹੀ ਮਿੱਥ ਦੀ ਸਿਰਜਣਾ ਦਾ ਕੇਂਦਰ-ਬਿੰਦੂ ਮਨੁੱਖ ਦੀਆਂ ਆਤਮਿਕ/ਸਵੈਗਤ ਸਮੱਸਿਆਵਾਂ ਹੋ ਨਿੱਬੜਦੀਆਂ ਹਨ। ਮਿੱਥ ਦੇ ਗੰਭੀਰ ਵਿਸ਼ਲੇਸ਼ਣ ਨਾਲ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਜਾਂ ਤਾਂ ਸਮੁੱਚੇ ਰੂਪ ਵਿੱਚ ਆਤਮਿਕ ਸੰਕਟਾਂ ਨੂੰ ਪੇਸ਼ ਕਰਦੀਆਂ ਹਨ ਜਾਂ ਫਿਰ ਦੂਸਰੀਆਂ ਮਾਨਵੀ ਸਥਿਤੀਆਂ ਦੇ ਆਤਮਿਕ ਪਾਸਾਰਾਂ ਨੂੰ ਪੇਸ਼ ਕਰਨ ਵਲ ਰੁਚਿਤ ਹੁੰਦੀਆਂ ਹਨ। ਨੇਕੀ/ਬਦੀ ਦੇ ਤਣਾਉ ਵਿਚ ਉਚੇ ਆਦਰਸ਼ਾਂ ਦੀ ਪ੍ਰੀਖਿਆ ਦੌਰਾਨ ਨਾਇਕ ਦੀ ਜਿੱਤ, ਮਨੁੱਖ ਦੇ ਸਵੈਮੁਖੀ ਆਤਮਿਕ ਪ੍ਰਸ਼ਨਾਂ ਪ੍ਰਤੀ ਮਿੱਥ, ਆਪਣੇ ਮਿੱਥਕ-ਪ੍ਰਤੀ-ਉੱਤਰ ਪ੍ਰਦਾਨ ਕਰਦੀ ਹੋਈ ਆਪਣੇ ਤਰਕ ਦੀ ਉਸਾਰੀ ਕਰਦੀ ਹੈ। ਇੱਥੇ ਹੀ ਬੱਸ ਨਹੀਂ

ਕੋਈ ਵੀ ਮਿੱਥ ਜਿੰਨੀ ਵੱਡੀ ਆਤਮਿਕ ਸਮੱਸਿਆ ਦਾ ਪ੍ਰਤੀਉੱਤਰ ਪੇਸ਼ ਕਰੇਗੀ, ਉਸਦੀ ਸਾਰਥਿਕਤਾ ਤੇ ਉਸਦਾ ਮਹੱਤਵ ਵੀ ਉਨਾ ਹੀ ਵਿਸ਼ਾਲ ਤੇ ਵਡੇਰਾ ਹੋਵੇਗਾ।

ਇਸੇ ਕਰਕੇ ਹੀ ਮਿੱਥ, ਸਮਕਾਲੀ ਯਥਾਰਥ ਦੀ ਵਿਵਹਾਰਕ ਸੁਰ ਉੱਪਰ ਪ੍ਰਸ਼ਨਚਿੰਨ੍ਹ ਖੜ੍ਹਾ ਕਰਦੀ ਹੈ। ਸਮਕਾਲੀ ਯਥਾਰਥ ਦੀ ਵਿਵਹਾਰਕ ਸੁਰ ਸਦਾ ਹੀ ਵਕਤੀ ਅਤੇ ਇਤਫ਼ਾਕੀ ਕਦਰਾਂ-ਕੀਮਤਾਂ ਦੀ ਉਸਾਰੀ ਕਰਦੀ ਹੈ ਜਦੋਂਕਿ ਮਿੱਥ ਹਮੇਸ਼ਾਂ ਪਰਾ-ਇਤਿਹਾਸਕ ਤੇ ਪਰਾ-ਕਾਲਿਕ ਕੀਮਤਾਂ ਦੀ ਉਸਾਰੀ ਕਰਨ ਦਾ ਯਤਨ ਕਰਦੀ ਹੈ। ਇਸੇ ਕਰਕੇ ਅੰਬਰਤੋ ਈਕੋ ਮਿੱਥ ਦੇ ਇਸ ਚਰਿੱਤਰ ਨੂੰ 'ਖੁਲ੍ਹੇ ਅੰਤ ਵਾਲੇ ਪਾਠ' ਦਾ ਨਾਂ ਦਿੰਦਾ ਹੈ।[5] ਇਸ ਖੁਲ੍ਹੇ ਅੰਤ ਦੇ ਕਾਰਨ ਹੀ ਮਿੱਥ, ਵਿਸ਼ੇਸ਼ ਕਾਲ ਦੀਆਂ ਸੀਮਾਵਾਂ ਵਿੱਚ ਬੱਝਣ/ ਸਿਮਟਣ ਦੀ ਥਾਂ ਆਪਣੇ ਆਪ ਨੂੰ ਕਾਲ-ਮੁਕਤ ਕਰ ਲੈਂਦੀ ਹੈ।

ਲੈਵੀ ਸਤਰਾਸ ਨੇ ਵੀ ਮਿੱਥ ਦੇ ਉਪਰੋਕਤ ਚਰਿੱਤਰ ਨੂੰ ਸਮਝਦਿਆਂ ਇਸਨੂੰ ਇਤਿਹਾਸਕ ਅਤੇ ਗੈਰ-ਇਤਿਹਾਸਕ ਮੰਨਿਆ ਸੀ।[6] ਫਲਸਰੂਪ, ਮਿੱਥ ਹਮੇਸ਼ਾਂ ਹੀ ਸਮਕਾਲੀ ਯਥਾਰਥ ਦੀ ਵਿਵਹਾਰਕ ਸੁਰ ਉਪਰ ਕਿੰਤੂ ਕਰਕੇ ਇਸ ਵਿਚ ਸਥਾਈ ਮਾਨਵੀ ਗੁਣਾਂ ਦੀ ਤਲਾਸ਼ ਕਰਦੀ ਹੋਈ ਸਮਕਾਲੀ ਯਥਾਰਥ ਦੇ ਪ੍ਰਸੰਗਾਂ ਦੀ ਇਤਿਹਾਸਕਤਾ ਨੂੰ ਪਰਾ-ਇਤਿਹਾਸਕਤਾ ਵਿਚ ਬਦਲ ਦਿੰਦੀ ਹੈ।

ਉਪਰੋਕਤ ਚਰਚਾ ਅਨੁਸਾਰ ਮਿੱਥ ਦੀ ਪਰਿਭਾਸ਼ਾ, ਸੰਕਲਪ ਅਤੇ ਹੋਂਦ-ਵਿਧੀ ਪ੍ਰਤੀ ਵਿਦਵਾਨ-ਚਿੰਤਕਾਂ ਦੇ ਭਿੰਨ ਭਿੰਨ ਦ੍ਰਿਸ਼ਟੀਕੋਣ ਅਤੇ ਧਾਰਨਾਵਾਂ ਪ੍ਰਚਲਤ ਰਹੀਆਂ ਹਨ। ਪਹਿਲੇ ਪੱਧਰ 'ਤੇ ਮਿੱਥ ਨੂੰ ਕੇਵਲ ਕਥਾ ਸਮਝਿਆ ਜਾਂਦਾ ਰਿਹਾ ਹੈ ਜਦੋਂਕਿ ਸਮਕਾਲੀ ਚਿੰਤਨ ਵਿਚ ਮਿੱਥ ਨੂੰ ਮਹਿਜ਼ ਕਥਾ ਮੰਨਣ ਦੀ ਥਾਂ ਸਮੁੱਚੇ ਰੂਪ ਵਿਚ ਵਿਆਖਿਆ-ਸ਼ਾਸਤਰੀ-ਵਿਧੀ ਜਾਂ ਗਿਆਨ ਪੱਧਤੀ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਗਿਆ ਅਤੇ ਸਥਾਪਤ ਕੀਤਾ ਕਿ ਮਿੱਥ, ਸਿਰਫ਼ ਆਦਿ-ਕਾਲੀਨ ਸਮਾਜਿਕ ਵਿਵਸਥਾਵਾਂ ਵਿਚ ਪ੍ਰਚਲਤ ਕਥਾ-ਵਿਧੀ ਹੀ ਨਹੀਂ ਬਲਕਿ ਮਨੁੱਖ ਦੀ ਅਜਿਹੀ ਵਿਆਖਿਆ-ਸ਼ਾਸਤਰੀ-ਵਿਧੀ ਹੈ ਜੋ ਆਦਿ-ਕਾਲ ਤੋਂ ਲੈ ਕੇ ਅੱਜ ਤੱਕ ਲਗਾਤਾਰ ਪ੍ਰਚਲਤ ਰਹੀ ਹੈ। ਇਸ ਤਰ੍ਹਾਂ ਮਿੱਥ ਦੀ ਸਾਰਥਿਕਤਾ ਤੇ ਪ੍ਰਕਾਰਜਸ਼ੀਲਤਾ ਸਿਰਫ਼ ਆਦਿ-ਕਾਲੀ ਪਾਠਾਂ ਤੱਕ ਸੀਮਤ ਨਾ ਹੋ ਕੇ ਸਮਕਾਲੀ/ ਆਧੁਨਿਕ ਗਿਆਨ-ਸ਼ਾਸਤਰ ਤੱਕ ਨਿਰੰਤਰ ਰੂਪ ਵਿਚ ਫੈਲੀ ਹੋਈ ਹੈ। ਇਸ ਪ੍ਰਕਾਰ ਮਿੱਥ ਅਤੇ ਮਿੱਥ-ਅਧਿਐਨ ਬੀਤੇ ਦੀ ਕਹਾਣੀ ਕਹਿਣ ਦੇ ਨਾਲ਼ ਨਾਲ਼ ਸਮਕਾਲੀ ਗਿਆਨ-ਪ੍ਰਬੰਧਾਂ ਦੇ ਪੁਰਤਾਤਵੀ ਪ੍ਰਸੰਗਾਂ ਦੀ ਤਲਾਸ਼ ਅਤੇ ਸਥਾਪਤੀ ਲਈ ਯਤਨ ਕਰਨਾ ਵੀ ਹੈ।

## ਅ) ਮਿੱਥ-ਵਿਸ਼ਲੇਸ਼ਣ ਦੀਆਂ ਵਿਧੀਆਂ

### 1. ਮਨੋਵਿਸ਼ਲੇਸ਼ਣੀ : ਸਿਗਮੰਡ ਫਰਾਇਡ; ਸੀ. ਜੀ. ਯੁੰਗ ਅਤੇ ਯੱਕ ਲਾਕਾਂ

'ਮਿੱਥ ਦੇ ਸੰਕਲਪ ਅਤੇ ਉਸਦੀ ਹੋਂਦ-ਵਿਧੀ ਦਾ ਵਿਧੀਗਤ ਵਿਸ਼ਲੇਸ਼ਣ ਕਰਨ ਲਈ ਸਮਕਾਲੀ ਚਿੰਤਨ ਵਿਚ ਭਿੰਨ ਭਿੰਨ ਅਧਿਐਨ ਵਿਧੀਆਂ ਨੇ ਆਪਣਾ ਸਿਧਾਂਤ-ਚੌਖਟਾ ਪ੍ਰਦਾਨ ਕੀਤਾ ਹੈ। ਇਨ੍ਹਾਂ ਵਿਧੀਆਂ ਵਿਚ ਮਨੋਵਿਸ਼ਲੇਸ਼ਣਵਾਦੀ ਵਿਧੀ ਨੇ ਮਨੁੱਖੀ ਮਨ ਦੇ ਵਿਸ਼ਲੇਸ਼ਣ ਦੀ ਜੁਗਤ ਰਾਹੀਂ ਮਿੱਥ ਦੇ ਸੰਕਲਪ ਅਤੇ ਹੋਂਦ ਵਿਧੀ ਦੇ ਆਧਾਰ-ਮੂਲਕ ਸੰਕਲਪਾਂ ਨੂੰ ਬਿਲਕੁਲ ਹੀ ਨਵੇਂ ਢੰਗ ਨਾਲ਼ ਪੇਸ਼ ਕੀਤਾ ਹੈ। ਇਸ ਵਿਧੀ ਦੀ ਬੁਨਿਆਦੀ ਧਾਰਨਾਂ ਇਹ ਹੈ ਕਿ ਮਿੱਥ-ਸਿਰਜਣਾ ਨੂੰ ਮਨੁੱਖ ਦੀ ਆਦਿ-ਕਾਲੀਨ ਪ੍ਰਗਟਾਅ ਵਿਧੀ ਹੀ ਨਹੀਂ ਸਗੋਂ ਯਥਾਰਥ ਨੂੰ ਪ੍ਰਤੀਕ-ਪ੍ਰਬੰਧ ਵਿਚ ਬੰਨ੍ਹ ਕੇ ਮਾਨਵੀ ਅਤ੍ਰਿਪਤੀਆਂ ਅਤੇ ਦਮਨ-ਪ੍ਰਕਿਰਿਆ ਦੇ ਪ੍ਰਗਟਾਅ ਮਾਧਿਅਮਾਂ ਦੇ ਵਾਹਨ ਦੇ ਰੂਪ ਵਿਚ ਸਮਝਣਾ ਚਾਹੀਦਾ ਹੈ। ਇਸ ਕਰਕੇ ਮਿੱਥ-ਸਿਰਜਣਾ ਦਾ ਸੰਕਲਪ ਮੂਲਕ ਚੌਖਟਾ ਮਨੁੱਖ ਦੇ ਦਮਨਸ਼ੀਲ ਤੱਤਾਂ ਦੇ ਦਮਨ ਤੋਂ ਬਾਅਦ ਦਮਨ ਨੂੰ ਖਾਰਜ ਕਰਨ

ਲਈ ਸਿਰਜੀ ਜਾਣ ਵਾਲੀ ਮਾਨਵੀ ਸਿਰਜਣਾ ਦਾ ਰੂਪ ਹੈ। ਇਸ ਕਰਕੇ ਹੀ ਹਰ ਇੱਕ ਯੁੱਗ ਵਿਚ ਮਾਨਵੀਂ- ਦਮਨ ਦੀ ਪ੍ਰਵਿਰਤੀ ਅਤੇ ਦਮਨਕਾਰੀ ਤੱਤਾਂ ਦੀ ਪ੍ਰਵਿਰਤੀ ਵਿੱਚ ਤਬਦੀਲੀ ਦੇ ਕਾਰਨ ਮਿੱਥ-ਸਿਰਜਣਾ ਦੇ ਰੂਪ ਵਿਚ ਤਬਦੀਲੀ ਆਉਂਦੀ ਰਹੀ ਹੈ। ਇਸ ਵਿਧੀ ਵਿਚ ਸਿਗਮੰਡ ਫਰਾਇਡ, ਸੀ. ਜੀ. ਯੁੰਗ ਅਤੇ ਯੱਕ ਲਾਕਾਂ ਦਾ ਚਿੰਤਨ ਅਹਿਮੀਅਤ ਰੱਖਦਾ ਹੈ। ਇਸ ਚਿੰਤਨ ਬਾਰੇ ਅਸੀਂ ਕੁਝ ਕੁ ਵਿਸਥਰ ਨਾਲ ਚਰਚਾ ਕਰਾਂਗੇ।

ਮਨੋਵਿਸ਼ਲੇਸ਼ਣ ਤੋਂ ਪਹਿਲਾਂ ਮਨੋਵਿਗਿਆਨ ਜਾਂ ਤਾਂ ਨਿਰੋਲ ਆਕਾਦਮਿਕ ਰੂਪ ਧਾਰਨ ਕਰਦਾ ਸੀ ਜਾਂ ਫਿਰ ਸ਼ੁੱਧ ਵਿਗਿਆਨ ਦੇ ਰੂਪ ਵਿਚ ਸਥਾਪਤ ਹੋਣ ਲਈ ਪ੍ਰਯੋਗ-ਸ਼ਾਲਾਵਾਂ ਵਿੱਚ ਹੋਣ ਵਾਲੀਆਂ ਤਕਨੀਕੀ ਅਤੇ ਮਕਾਨਕੀ ਵਿਧੀਆਂ ਦਾ ਸਮੂਹ ਬਣਦਾ ਜਾ ਰਿਹਾ ਸੀ। ਮਨੋਵਿਸ਼ਲੇਸ਼ਣ ਦੇ ਪ੍ਰਚਲਤ ਹੋਣ ਨਾਲ ਸਰੀਰਕ ਅਤੇ ਤੰਤੂ-ਪ੍ਰਬੰਧ ਦੀ ਗਤੀਸ਼ੀਲਤਾ ਨੂੰ ਮਾਨਸਿਕ ਵਰਤਾਰੇ ਨਾਲ ਜੋੜ ਕੇ ਮਨੁੱਖੀ ਵਿਵਹਾਰ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਅਜਿਹੀ ਪ੍ਰਕਿਰਿਆ ਵਿਚ ਵਿਚਾਰਾਂ ਤੇ ਭਾਵਾਂ ਦੀ ਹੋਂਦ-ਵਿਧੀ ਦਾ ਮਾਨਵੀ ਸੁਭਾਅ ਅਨੁਸਾਰ ਜੋੜ-ਮੇਲ ਕਰਨਾ, ਮਾਨਸਿਕ ਉੱਥਲ-ਪੁਥਲ ਨੂੰ ਚਕਿਤਸਿਕ ਵਿਧੀ ਰਾਹੀਂ ਪ੍ਰਗਟ ਕਰਨਾ ਅਤੇ ਮਾਨਸਿਕ ਮਸਲਿਆਂ ਤੇ ਸੰਕਟਾਂ ਨੂੰ ਸਮਝਣ ਲਈ ਯੋਜਨਾਬੰਦੀ ਕਰਨਾ ਸੰਭਵ ਹੋ ਸਕਿਆ। ਮਨੋਵਿਸ਼ਲੇਸ਼ਣ ਦੇ ਸਿਧਾਂਤਿਕ ਵਿਕਾਸ ਨੂੰ ਤਿੰਨ ਮੁੱਖ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ: ਪਹਿਲਾ, ਫਰਾਇਡਵਾਦੀ ਮਨੋਵਿਸ਼ਲੇਸ਼ਣ, ਦੂਜਾ ਉੱਤਰ ਫਰਾਇਡਵਾਦੀ ਮਨੋਵਿਸ਼ਲੇਸ਼ਣ ਅਤੇ ਤੀਜਾ, ਸੰਰਚਨਾਤਮਿਕ ਮਨੋਵਿਸ਼ਲੇਸ਼ਣ।

**1. ਫਰਾਇਡਵਾਦੀ ਮਨੋਵਿਸ਼ਲੇਸ਼ਣ :**

ਜਰਮਨ ਚਿੰਤਕ ਸਿਗਮੰਡ ਫਰਾਇਡ ਨੇ ਮਨੋਵਿਗਿਆਨ ਦੇ ਖੇਤਰ ਵਿਚ ਪ੍ਰਚਲਤ ਧਾਰਨਾਵਾਂ ਦਾ ਤਿਆਗ ਕਰਕੇ ਮਨੁੱਖੀ ਮਨ ਦੀ ਕਾਰਜਸ਼ੀਲਤਾ ਨੂੰ ਮਨੁੱਖ ਦੀ ਸਰੀਰਕ ਬਣਤਰ ਦਾ ਸਥਾਈ ਅਤੇ ਗਤੀਸ਼ੀਲ ਅੰਗ ਸਮਝ ਕੇ ਮਨੋਵਿਗਿਆਨਕ ਮਸਲਿਆਂ ਨੂੰ ਮਨੋਸਰੀਰਕ ਆਂਗਿਕਤਾ ਰਾਹੀਂ ਸਿਰਜੀਆਂ ਜਾਣ ਵਾਲੀਆਂ ਸਮੱਸਿਆਵਾਂ ਦੇ ਰੂਪ ਵਿਚ ਸਮਝਣ ਦਾ ਯਤਨ ਕੀਤਾ। ਫਰਾਇਡ ਦੀ ਮਨੋਵਿਸ਼ਲੇਸ਼ਣੀ ਵਿਧੀ ਤੋਂ ਪਹਿਲਾਂ ਮਨੋਵਿਗਿਆਨ ਇਸ ਬੁਨਿਆਦੀ ਧਾਰਨਾ ਉਪਰ ਆਧਾਰਿਤ ਸੀ ਕਿ ਮਨੁੱਖੀ ਵਿਵਹਾਰ ਵਿਵੇਕਸ਼ੀਲ ਉਤੇਜਨਾਵਾਂ ਅਤੇ ਸੁਚੇਤ ਤਜਰਬੇ ਰਾਹੀਂ ਨਿਰਮਿਤ ਹੁੰਦਾ ਹੈ। ਮਨੋਵਿਗਿਆਨੀਆਂ ਲਈ ਮਾਨਵੀ-ਵ੍ਰਿਤੀਆਂ ਅਜਿਹੇ ਮਾਨਸਿਕ ਤੱਤ ਸਨ ਜੋ ਵਿਸ਼ੇਸ ਕਿਸਮ ਦੇ ਮਕਾਨਕੀ ਸੰਯੋਗਾਂ ਰਾਹੀਂ ਦੇਸ਼-ਕਾਲ ਨਾਲ ਜੁੜ ਕੇ ਉਨ੍ਹਾਂ ਦੇ ਸਮਰੂਪੀ ਅਸਤਿਤਵ ਧਾਰਨ ਕਰਨ ਵਾਲੇ ਪ੍ਰਤੀਕਾਂ ਦੀ ਸਿਰਜਣਾ ਕਰਦੀਆਂ ਸਨ। ਮਨੋਵਿਸ਼ਲੇਸ਼ਣੀ ਵਿਧੀ ਨੇ ਆਪਣਾ ਧਿਆਨ ਸੁਚੇਤ ਮਾਨਵੀ-ਵਿਵਹਾਰ ਉਪਰ ਕੇਂਦਰਿਤ ਨਹੀਂ ਕੀਤਾ ਬਲਕਿ ਸੁਚੇਤ ਵਿਵਹਾਰ ਦੇ ਆਧਾਰ ਤੱਤ ਅਵਚੇਤਨ ਦੀਆਂ ਕਿਰਿਆਵਾਂ ਨੂੰ ਸਰੀਰਕ ਗਤੀਸ਼ੀਲਤਾ ਦਾ ਪ੍ਰਤੀਫਲ ਮੰਨ ਕੇ ਸੁਚੇਤ ਵਿਵਹਾਰ ਦੀ ਸਿਰਜਣਾ ਦਾ ਉਦਭਵ-ਬਿੰਦੂ ਨਿਸ਼ਚਤ ਕੀਤਾ।[7] ਮਨੋਵਿਸ਼ਲੇਸ਼ਣੀ ਚਿੰਤਕਾਂ ਲਈ ਅਸਭਿਅਕ ਮਾਨਵੀ ਵਿਵਹਾਰ ਵਿਸ਼ੇਸ਼ ਕਿਸਮ ਦੀਆਂ ਇਛਾਵਾਂ ਦੀ ਅਤ੍ਰਿਪਤੀ, ਦਮਨ ਅਤੇ ਸਵੈ-ਪ੍ਰਗਟਾਵੇ ਦੀ ਅਸਮਰਥਾ ਆਦਿ ਸਥਿਤੀਆਂ ਵਿਚੋਂ ਉਪਜਦਾ ਹੈ। ਇਸ ਲਈ ਮਾਨਸਿਕ ਸਮੱਸਿਆਵਾਂ ਦੇ ਹੱਲ ਲਈ ਇਹ ਲਾਜ਼ਮੀ ਹੈ ਕਿ ਇਨ੍ਹਾਂ ਸਥਿਤੀਆਂ ਵਿੱਚੋਂ ਉਪਜਣ ਵਾਲੇ ਤਣਾਉ ਨੂੰ ਖ਼ਤਮ ਕੀਤਾ ਜਾਵੇ। ਫਲਸਰੂਪ, ਮਨੋਵਿਸ਼ਲੇਸ਼ਣੀ ਵਿਧੀ ਦੇ ਨੁਕਤਾ-ਨਿਗਾਹ ਤੋਂ ਮਨੋਵਿਗਿਆਨ ਦਾ ਕਾਰਜ-ਖੇਤਰ ਸਿਰਫ਼ ਮਨੋਸਰੀਰਕ ਸਮੱਸਿਆਵਾਂ ਤੱਕ ਹੀ ਸੀਮਤ ਨਹੀਂ ਹੈ, ਬਲਕਿ ਇਸਦਾ ਖੇਤਰ ਸਮਾਜਿਕ, ਆਰਥਿਕ ਸਾਂਸਕ੍ਰਿਤਕ ਅਤੇ ਅਸਤਿਤਵੀ ਪਾਸਾਰ-ਮੰਡਲਾਂ ਤੱਕ ਫੈਲਿਆ ਹੋਇਆ ਹੈ।

ਫਰਾਇਡ ਦੀਆਂ ਕਿਰਤਾਂ ਦੇ ਅਧਿਐਨ ਉਪਰਾਂਤ ਉਸਦੇ ਵਿਸ਼ਲੇਸ਼ਣ ਨੂੰ ਤਿੰਨ ਭਾਗਾਂ ਵਿੱਚ ਵਿਉਂਤਬੱਧ ਕੀਤਾ ਜਾ ਸਕਦਾ ਹੈ; ਪਹਿਲਾ, ਮਨੋਵਿਸ਼ਲੇਸ਼ਣੀ ਖੋਜ ਦੀ ਵਿਧੀ, ਦੂਜਾ, ਇਸ ਵਿਧੀ ਦੀਆਂ ਬੁਨਿਆਦੀ ਸਥਾਪਨਾਵਾਂ ਅਤੇ ਤੀਜਾ, ਇਨ੍ਹਾਂ ÃæÅêé Ãò» Àêô ÁÅèÅ¢à ÇÅè×¢Ô êÇÕñêéÃò×í ' ਸਭ ਤੋਂ ਪਹਿਲਾਂ ਉਹ 'ਅਵਚੇਤਨ' ਨੂੰ ਮਨੁੱਖੀ ਵਿਵਹਾਰ ਦੀ ਆਧਾਰ-ਸ਼ਿਲਾ ਸਵੀਕਾਰ ਕਰਕੇ , ਉਸ ਦੀ ਹੋਂਦ-ਵਿਧੀ, ਚੇਤਨਾ ਦਾ ਮਾਡਲ, ਕਾਮਭਾਵਨਾ ਦਾ ਮਨੁੱਖੀ ਵਿਵਹਾਰ ਦੀ ਸਿਰਜਣਾ ਵਿਚ ਯੋਗਦਾਨ, ਮਾਨਵੀ-ਵ੍ਰਿਤੀਆਂ ਦੀ ਹੋਂਦ-ਵਿਧੀ ਅਤੇ ਗਤੀਸ਼ੀਲਤਾ ਆਦਿ ਮਸਲਿਆਂ ਦਾ ਨਿਰੂਪਣ ਕਰਦਾ ਹੈ। ਫਿਰ ਉਹ ਮਰੀਜ਼ ਨਾਲ਼ ਖੁਲ੍ਹੇ ਸੰਯੋਗ (free association) ਦੀ ਵਿਧੀ ਰਾਹੀਂ ਮਾਨਸਿਕ ਵਿਸ਼ਿਆਂ ਤੇ ਸਮੱਸਿਆਵਾਂ ਉਪਰ ਚਰਚਾ ਕਰਕੇ ਸੁਪਨਿਆਂ (dreams) ਪ੍ਰਤੀਰੋਧਾਂ (resistance) ਅਤੇ ਰੂਪਾਂਤਰਤਾ (transference)ਦਾ ਵਿਸ਼ਲੇਸ਼ਣ ਕਰਦਾ ਹੈ। ਮਨੋਚਕਿਤਸਾ (psychothraphy) ਰਾਹੀਂ ਉਹ ਕਾਮ-ਪ੍ਰੇਕ-ਸ਼ਕਤੀ (Libido)f ਵ੍ਰਤੀਆਂ (eros)ਅਤੇ ਈਗੋ (Ego) ਦੀ ਗਤੀਸ਼ੀਲਤਾ ਰਾਹੀਂ ਮਾਨਵੀ ਅਵਚੇਤਨ ਵਿਚੋਂ ਉਪਜੀਆਂ ਉਤੇਜਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਅੰਤ ਵਿਚ ਉਹ ਮਨੁੱਖੀ ਵਿਵਹਾਰ ਦੇ ਸਹਿਜ ਰੂਪਾਂ ਤੋਂ ਵਿਸ਼ੇਸ਼ ਪ੍ਰਗਟਾਅ ਰੂਪਾਂ ਵਿਚ ਅਵਚੇਤਨ ਦੇ ਗਤੀਸ਼ੀਲ ਵਰਤਾਰੇ ਨੂੰ ਸਮਝ ਕੇ ਹਕੀਕੀ ਪਾਸਾਰਾਂ ਵਲ ਆਉਂਦਾ ਹੈ ਜਿੱਥੇਂ ਉਹ ਬਾਲ-ਕਾਮੁਕਤਾ (infantile sexuality) ਨੂੰ ਪ੍ਰਤੱਖਣ ਪ੍ਰਕਿਰਿਆ ਦੀਆਂ ਮੁੱਢਲੀਆਂ ਅਤੇ ਦੂਜੈਲੀਆਂ ਪ੍ਰਕਿਰਿਆਵਾਂ ਦਾ ਵਿਵਹਾਰਕ ਵਿਸ਼ਲੇਸ਼ਣ ਅਤੇ ਸਿਧਾਂਤ -ਨਿਰੂਪਣ ਕਰਦਾ ਹੈ।

ਮਨੁੱਖ ਦੀਆਂ ਜੋ ਬੁਨਿਆਦੀ ਪ੍ਰਵਿਰਤੀਆਂ; ਆਤਮ-ਸੁਰੱਖਿਆ ਦੀ ਪ੍ਰਵਿਰਤੀ ਤੇ ਜਨਣ ਦੀ ਪ੍ਰਵਿਰਤੀ, ਪ੍ਰਤੀ ਫਰਾਇਡ ਦੀ ਧਾਰਨਾ ਹੈ ਕਿ ਪਹਿਲੀ ਪ੍ਰਵਿਰਤੀ ਕਿਸੇ ਕਿਸਮ ਦੀਆਂ ਮਾਨਸਿਕ ਗੁੰਝਲਾਂ ਪੈਦਾ ਨਹੀਂ ਕਰਦੀ ਜਦੋਂਕਿ ਦੂਜੀ ਪ੍ਰਵਿਰਤੀ ਕਾਮ-ਪ੍ਰੇਰਕ ਸ਼ਕਤੀ ਦੇ ਰੂਪ ਵਿਚ ਕਾਮੁਕ-ਸੁਤੰਤਰਤਾ ਦੀ ਤਲਾਸ਼ ਕਰਦੀ ਹੈ ਅਤੇ ਸਮਾਜਿਕ-ਸਭਿਆਚਾਰਕ ਪ੍ਰਤਿਮਾਨਾਂ/ ਬੰਧਨਾਂ ਦੇ ਰੂਪ ਵਿਚ ਰੁਕਾਵਟਾਂ ਖੜ੍ਹੀਆਂ ਕਰਦੀ ਹੈ।

ਕਾਮੁਕਤਾ ਸੰਬੰਧੀ ਫਰਾਇਡ, ਦੋ ਮਨੋਗ੍ਰੰਥੀਆਂ ਦੀ ਸਥਾਪਨਾ ਕਰਦਾ ਹੈ: ਇਡੀਪਸ ਮਨੋਗ੍ਰੰਥੀ (Oedipus complex) ਅਤੇ ਇਲੈਕਟਰਾ ਮਨੋਗ੍ਰੰਥੀ (Electra complex) । ਇਨ੍ਹਾਂ ਸੰਕਲਪਾਂ ਨੂੰ ਉਸਨੇ ਯੂਨਾਨੀ ਮਿੱਥ ਪਰੰਪਰਾ ਵਿਚੋਂ ਗ੍ਰਹਿਣ ਕੀਤਾ। ਇਡੀਪਸ ਮਨੋਗ੍ਰੰਥੀ ਅਨੁਸਾਰ ਜਦੋਂ ਦੋ ਵਿਅਕਤੀਆਂ ਵਿਚਕਾਰ ਮਾਨਵੀ ਰਿਸ਼ਤੇ ਦੀਆਂ ਦੋ ਜਾਂ ਦੋ ਤੋਂ ਵੱਧ ਪਰਤਾਂ ਹੋਣ ਅਤੇ ਉਨ੍ਹਾਂ ਦੀ ਆਧਾਰਸ਼ਿਲਾ ਵਿਚ ਕਾਮੁਕਤਾ (sexuality)ਕਾਰਜਸ਼ੀਲ ਹੋਵੇ ਤਾਂ ਇਹ ਮਨੋਗ੍ਰੰਥੀ ਕਈ ਸਮਾਜਿਕ/ਮਾਨਸਿਕ ਉਲਝਣਾਂ ਉਤਪੰਨ ਕਰਨ ਦਾ ਨਿੱਗਰ ਆਧਾਰ ਬਣਦੀ ਹੈ। ਲੜਕੇ ਦਾ ਆਪਣੀ ਮਾਂ ਨਾਲ਼ ਪ੍ਰੇਮ ਆਕਰਸ਼ਣ ਪਿਤਾ ਪ੍ਰਤੀ ਈਰਖਾ ਦੀ ਭਾਵਨਾ ਨੂੰ ਉਪਜਾਉਂਦਾ ਹੈ। ਦੂਜੇ ਪਾਸੇ ਲੜਕੀ ਦੇ ਮਨ ਅੰਦਰ ਲੜਕਾ ਨਾ ਬਣ ਸਕਣ ਦੀ ਅਸਮਰਥਾ ਵਿਸ਼ੇਸ਼ ਕਿਸਮ ਦੀ ਹੀਣ-ਭਾਵਨਾ ਪੈਦਾ ਕਰਦੀ ਹੈ ਅਤੇ ਉਹ ਆਪਣੀ ਇਸ ਹੋਣੀ ਲਈ ਆਪਣੀ ਮਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਨਾਲ਼ ਨਫ਼ਰਤ ਕਰਨ ਲੱਗ ਪੈਂਦੀ ਹੈ ਅਤੇ ਪਿਤਾ ਪ੍ਰਤੀ ਪ੍ਰੇਮ ਆਕਰਸ਼ਣ ਦਾ ਵਿਵਹਾਰ ਕਰਦੀ ਹੈ। ਇਸ ਮਨੋਗ੍ਰੰਥੀ ਨੂੰ ਫਰਾਇਡ ਨੇ 'ਇਲੈਕਟਰਾ ਮਨੋਗ੍ਰੰਥੀ' ਦਾ ਨਾਂ ਦਿੱਤਾ ਹੈ।

ਫਰਾਇਡ ਦੀ ਇਕ ਹੋਰ ਸਥਾਪਨਾ ਅਨੁਸਾਰ ਮਾਨਵੀ-ਚੇਤਨਾ ਤਿੰਨ ਪੱਧਰਾਂ 'ਤੇ ਕਾਰਜਸ਼ੀਲ ਹੈ: ਅਵਚੇਤਨ, ਅਰਧ ਚੇਤਨ ਅਤੇ ਚੇਤਨ। ਇਹ ਤਿੰਨੇ ਪੱਧਰ ਮਾਨਸਿਕ

ਕਿਰਿਆਵਾਂ ਨੂੰ ਇਡ (Id) ਈਗੋ (Ego) ਅਤੇ ਸੁਪਰ ਈਗੋ (Super ego) ਦੇ ਖੇਤਰਾਂ ਵਿਚ ਗਤੀਸ਼ੀਲ ਰੱਖਦੇ ਹਨ। ਇਸ ਦੇ ਅੰਤਰਗਤ ਵਿਅਕਤੀ ਸਮਾਜਿਕ- ਨੈਤਿਕਤਾ, ਬੰਦਸ਼ਾਂ ਅਤੇ ਕਾਨੂੰਨੀ ਵਲਗਣਾਂ ਨੂੰ ਤੋੜ ਕੇ ਪ੍ਰਕਿਰਤਕ ਆਨੰਦ ਪ੍ਰਾਪਤ ਕਰਨ ਦੀ ਚੇਸ਼ਟਾ ਕਰਦਾ ਹੈ। ਇਸ ਦੇ ਉਲਟ ਈਗੋ ਮਨੁੱਖ ਦੀਆਂ ਉਪਰੋਕਤ ਵੇਗਮੱਤੀਆਂ ਆਜ਼ਾਦ ਖਾਹਿਸ਼ਾਂ ਉਪਰ ਨਿਯੰਤਰਣ ਰੱਖਦੀ ਹੈ ਅਤੇ ਉਸਦੇ ਵਿਵਹਾਰ ਨੂੰ ਸਮਾਜਿਕ/ਸਾਂਸਕ੍ਰਿਤਕ ਵਰਤਾਰਾ ਬਣਾਉਣ ਲਈ ਅਗਰਸਰ ਰਹਿੰਦੀ ਹੈ। ਈਗੋ ਦਾ ਕਾਰਜਖੇਤਰ ਚੇਤਨ ਸਥਿਤੀ ਉਪਰ ਜ਼ਿਆਦਾ ਪ੍ਰਭਾਵਸ਼ਾਲੀ ਹੈ। ਫਰਾਇਡ ਅਨੁਸਾਰ ਸੁਪਰ-ਈਗੋ ਦਾ ਸੰਬੰਧ ਮਨੁੱਖ ਦੀ ਜ਼ਮੀਰ/ਸਵੈਮਾਣ ਨਾਲ਼ ਹੁੰਦਾ ਹੈ। ਇਹ ਸ਼ਕਤੀ ਤੇ ਸਥਿਤੀ ਸਮਾਜ ਵਿਚ ਅਨੈਤਿਕ ਸਮਝੇ ਜਾਂਦੇ ਕਾਰਜਾਂ ਲਈ ਸਜ਼ਾ ਅਤੇ ਪ੍ਰਤਿਸ਼ਠਤ ਸਮਝੇ ਜਾਂਦੇ ਕੰਮਾਂ ਲਈ ਇਨਾਮ ਦੇ ਪ੍ਰਤੀਮਾਨ ਦੀ ਸਿਰਜਣਾ ਕਰਦੀ ਹੈ।

ਡਾ. ਫਰਾਇਡ ਦੇ ਮਨੋਵਿਸ਼ਲੇਸ਼ਣ ਦੀ ਇਕ ਹੋਰ ਮੁੱਖ ਪ੍ਰਾਪਤੀ ਮਨੁੱਖੀ ਅਵਚੇਤਨ ਦੀ ਗਤੀਸ਼ੀਲ ਕਾਰਜਸ਼ੀਲਤਾ ਦੇ ਸਵੈ-ਚਲਣ ਵਿਚ ਆਉਣ ਵਾਲੀਆਂ ਰੁਕਾਵਟਾਂ ਕਾਰਨ ਪੈਦਾ ਹੋਣ ਵਾਲੇ ਦਮਨ ਰਾਹੀਂ ਮਾਨਵੀ ਪ੍ਰਵਚਨਾਂ ਦੀ ਸਿਰਜਣਸ਼ੀਲ ਪ੍ਰਕਿਰਿਆ ਨੂੰ ਸਮਝਣਾ ਹੈ। ਫਰਾਇਡ ਨੇ ਸੁਪਨਿਆਂ ਦੇ ਵਿਸ਼ਲੇਸ਼ਣ ਰਾਹੀਂ ਸਾਬਤ ਕਰਨ ਦਾ ਯਤਨ ਕੀਤਾ ਕਿ ਸੁਪਨੇ ਮਨੁੱਖ ਦੇ ਅਵਚੇਤਨ ਵਿਚ ਵਸਦੀਆਂ ਖਾਹਿਸ਼ਾਂ ਦੀ ਪ੍ਰਤੀਕਾਤਮਕ ਪੂਰਨਤਾ ਨੂੰ ਪ੍ਰਾਪਤ ਕਰਨ ਦੀ ਪ੍ਰਵਚਨ-ਮੂਲਕ ਵਿਧੀ ਹੈ। ਬਾਹਰ-ਵਰਤੀ ਯਥਾਰਥ ਦੀਆਂ ਤਲਖ-ਹਕੀਕਤਾਂ ਅਤੇ ਬੇਚੈਨੀਆਂ, ਸੁਪਨਿਆਂ ਦੇ ਰੂਪ ਵਿਚ ਆਨੰਦਮਈ ਪਾਠਾਂ (texts) ਰਾਹੀਂ ਪ੍ਰਗਟ ਹੁੰਦੀਆਂ ਹਨ। ਇਸੇ ਕਰਕੇ ਸੁਪਨੇ ਵਿਸ਼ੇਸ਼ ਕਿਸਮ ਦੇ ਪ੍ਰਤੀਕਾਤਮਿਕ ਪਾਠ ਹਨ ਜਿਨ੍ਹਾਂ ਦੀ ਨਵੇਂ ਸਿਰਿਉਂ ਵਿਆਖਿਆ ਕਰਨ ਦੀ ਜ਼ਰੂਰਤ ਹੈ। ਉਦਾਹਰਣ ਵਜੋਂ ਇੱਕ ਬਦਸੂਰਤ ਛੜੇ ਆਦਮੀ ਨੂੰ ਸੁਪਨਾ ਆਉਂਦਾ ਹੈ ਕਿ ਉਹ ਆਪਣੀ ਖ਼ੂਬਸੂਰਤ ਪਤਨੀ ਨਾਲ਼ ਸ਼ਹਿਰ ਦੇ ਸਭ ਤੋਂ ਵਧੀਆ ਬਾਜ਼ਾਰ ਵਿਚ ਘੁੰਮ-ਫਿਰ ਰਿਹਾ ਹੈ।

ਸੁਪਨਿਆਂ ਦੇ ਨਾਲ਼ ਨਾਲ਼ ਅਵਚੇਤਨ ਦੀ ਗਤੀਸ਼ੀਲਤਾ ਹੋਰ ਮਾਨਵੀ ਕਾਰਜਾਂ ਵਿੱਚ ਵੀ ਪ੍ਰਗਟ ਹੁੰਦੀ ਹੈ ਜਿਸ ਵਿੱਚ ਲਤੀਫ਼ੇ-ਬਾਜ਼ੀ, ਯਾਦਾਂ ਦਾ ਭੁੱਲਣਾ, ਜ਼ਬਾਨ ਦਾ ਲੜਖੜਾਉਣਾ ਆਦਿ ਸ਼ਾਮਲ ਹਨ। ਯਾਦਦਾਸ਼ਤ ਕਮਜ਼ੋਰ ਹੋਣਾ ਜਾਂ ਜ਼ਬਾਨ ਦਾ ਲੜਖੜਾਉਣਾ ਕੋਈ ਮਨੋਸਰੀਰਕ ਬੀਮਾਰੀਆਂ ਨਹੀਂ ਹੁੰਦੀਆਂ ਸਗੋਂ ਅਵਚੇਤਨ ਵਿਚ ਦਮਨ-ਖਾਹਿਸ਼ਾਂ ਦੀ ਸੀਮਤ ਪ੍ਰਗਟਾਅ-ਮੂਲਕ ਸਥਿਤੀ ਨੂੰ ਪੇਸ਼ ਕਰਨ ਵਾਲੀਆਂ ਅਲਾਮਤਾਂ ਹੁੰਦੀਆਂ ਹਨ।

ਇਸ ਤਰ੍ਹਾਂ ਫਰਾਇਡਵਾਦੀ ਮਨੋਵਿਸ਼ਲੇਸ਼ਣ ਵਿਚ ਮਾਨਵੀ ਵਿਵਹਾਰ ਦਾ ਆਧਾਰ ਮਾਨਵੀ ਅਵਚੇਤਨ ਨੂੰ ਮੰਨਿਆ ਗਿਆ ਹੈ ਜਿਸ ਵਿਚ ਇਹ ਮਨੁੱਖੀ ਸ਼ਕਤੀਆਂ ਦਾ ਕੇਂਦਰੀ ਧੁਰਾ ਹੈ ਕਿਉਂਕਿ ਈਗੋ ਅਤੇ ਸੁਪਰਈਗੋ ਦੀ ਕਾਰਜਸ਼ੀਲਤਾ ਕਰਕੇ ਮਨੁੱਖੀ ਖਾਹਿਸ਼ਾਂ ਦੀ ਪੂਰਤੀ ਨਹੀਂ ਹੋ ਸਕਦੀ ਜਿਸ ਕਰਕੇ ਉਨ੍ਹਾਂ ਦੀ ਤ੍ਰਿਪਤੀ ਦੂਜੈਲੀਆਂ ਸਿਰਜਣਾਵਾਂ ਦੀ ਵਿਧੀ ਰਾਹੀਂ ਹੀ ਸੰਭਵ ਹੈ। ਮਿੱਥ ਇਨ੍ਹਾਂ ਦੂਜੈਲੀਆਂ ਸਿਰਜਣਾਵਾਂ ਵਿਚ ਸ਼ਾਮਲ ਹੈ।

**2. ਸੀ. ਜੀ. ਯੁੰਗ ਦੀ ਮਨੋਵਿਸ਼ਲੇਸ਼ਣੀ ਪਹੁੰਚ**

ਡਾ. ਫਰਾਇਡ ਦੇ ਦੋ ਸਾਥੀਆਂ ਐਲਫਰੈੱਡ ਐਡਲਰ (Alfered Adler)ਅਤੇ ਸੀ. ਜੀ. ਯੁੰਗ (C. G. Jung) ਨੇ ਮਨੋਵਿਸ਼ਲੇਸ਼ਣ ਦੇ ਸਿਧਾਂਤਾਂ ਨੂੰ ਹੋਰ ਵਿਕਸਿਤ ਕੀਤਾ। ਇਹ ਦੋਵੇਂ ਚਿੰਤਕ ਕਈ ਸਾਲ ਫਰਾਇਡ ਦੇ ਨਾਲ਼ ਰਹੇ। ਇਨ੍ਹਾਂ ਨੇ ਉਸ ਦਾ ਪ੍ਰਭਾਵ ਆਪਣੀਆਂ ਲਿਖਤਾਂ ਵਿਚ ਕਬੂਲਿਆ ਵੀ ਅਤੇ ਉਸ ਨਾਲੋਂ ਵਿੱਥ ਉੱਤੇ ਖੜ੍ਹਨ ਦਾ ਯਤਨ ਵੀ ਕੀਤਾ। ਇਨ੍ਹਾਂ ਵਿਚੋਂ ਐਡਲਰ ਵਿਅਕਤੀਗਤ ਮਨੋਵਿਗਿਆਨ ਅਤੇ ਯੁੰਗ ਵਿਸ਼ਲੇਸ਼ਣੀ ਮਨੋਵਿਗਿਆਨ ਦੇ ਸਿਧਾਂਤਾਂ ਦਾ ਨਿਰੂਪਣ ਕਰਦਾ ਹੈ। ਯੁੰਗ ਦੇ ਸਿਧਾਂਤਾਂ ਨੇ ਮਨੋਵਿਗਿਆਨ ਤੋਂ ਇਲਾਵਾ

ਸਾਹਿਤ, ਦਰਸ਼ਨ, ਮਾਨਵ-ਵਿਗਿਆਨ ਅਤੇ ਸਮਾਜ-ਸ਼ਾਸਤਰ ਆਦਿ ਅਨੁਸ਼ਾਸਨਾਂ ਨਾਲ ਸੰਬੰਧਿਤ ਚਿੰਤਨ ਨੂੰ ਵੀ ਪ੍ਰਭਾਵਤ ਕੀਤਾ ਹੈ। ਇਸ ਲਈ ਅਸੀਂ ਹਥਲੇ ਪ੍ਰਸੰਗ ਵਿੱਚ ਯੁੰਗ ਦੇ ਵਿਸ਼ਲੇਸ਼ਣੀ ਮਨੋਵਿਗਿਆਨ ਉੱਤੇ ਹੀ ਚਰਚਾ ਕਰਾਂਗੇ।

ਕਾਰਲ ਗੁਸਤਾਵ ਯੁੰਗ ਦੀ ਮੂਲ ਧਾਰਨਾ ਇਹ ਹੈ ਕਿ ਮਾਨਵੀ ਚੇਤਨਾ ਦੀ ਗਤੀਸ਼ੀਲਤਾ ਨਾਲ ਜੁੜੇ ਹੋਏ ਮਾਨਸਿਕ ਮਸਲਿਆਂ ਨੂੰ ਸੁਚੇਤ ਪੱਧਰ ਉੱਤੇ ਸਮਝਣਾ ਸੰਭਵ ਨਹੀਂ ਹੈ ਕਿਉਂਕਿ ਉਹ ਮਸਲੇ ਸਮੂਹਿਕ ਮਾਨਸਿਕਤਾ ਦੇ ਉਨ੍ਹਾਂ ਸਰਬ-ਸਾਧਾਰਣ ਗੁਣਾਂ ਅਤੇ ਤਜਰਬਿਆਂ ਉੱਤੇ ਆਧਾਰਿਤ ਸਮੂਹਿਕ ਅਵਚੇਤਨ ਦੇ ਮਸਲੇ ਹਨ ਜਿਹੜੇ ਅਜੋਕੇ ਯੁੱਗ ਤੋਂ ਆਦਿ ਕਾਲ ਤੱਕ ਪਸਰੇ ਹੋਏ ਹਨ ।ਉਹ ਪਰਾ-ਸਭਿਆਚਾਰਕ ਅਤੇ ਪਰਾ-ਯੁਗੀਨ ਸੰਦਰਭਾਂ ਅਧੀਨ ਕਾਰਜਸ਼ੀਲ ਹੁੰਦੇ ਹੋਏ ਆਰਕੀਟਾਈਪਾਂ ਦੇ ਰੂਪ ਵਿਚ ਹੋਂਦ ਧਾਰਨ ਕਰਦੇ ਹਨ। ਇਸੇ ਕਰਕੇ ਇਨ੍ਹਾਂ ਆਰਕੀਟਾਈਪਾਂ ਦੀ ਹੋਂਦ-ਵਿਧੀ ਅਤੇ ਕਾਰਜਸ਼ੀਲਤਾ ਸਭਿਆਚਾਰਕ ਮਨੁੱਖੀ ਵਰਤਾਰੇ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਵਿਭਿੰਨ ਜਾਤੀਆਂ ਅਤੇ ਇਲਾਕਿਆਂ ਵਿਚ ਕੁਝ ਬੁਨਿਆਦੀ ਸਾਂਝਾਂ ਅਤੇ ਅਨੇਕਾਂ ਵਿਲੱਖਣਤਾਵਾਂ ਦੇ ਰੂਪ ਵਿਚ ਪ੍ਰਗਟ ਕਰਦੇ ਹਨ। ਯੁੰਗ ਦੇ ਸਿਧਾਂਤਾਂ ਵਿਚ ਇਹ ਸਾਰੇ ਸਰੋਕਾਰ ਮਹੱਤਵਪੂਰਣ ਥਾਂ ਰੱਖਦੇ ਹੋਣ ਕਾਰਨ ਹੀ ਉਸਦਾ ਵਿਸ਼ਲੇਸ਼ਣ ਧਰਮ, ਦਰਸ਼ਨ, ਮਿੱਥਾਂ, ਪ੍ਰਤੀਕ-ਪ੍ਰਬੰਧਾਂ ਅਤੇ ਪ੍ਰਗਟਾਉ-ਜੁਗਤਾਂ ਦੇ ਮੁਲਾਂਕਣ ਤੱਕ ਫੈਲਿਆ ਹੋਇਆ ਹੈ। ਯੁੰਗ ਇਨ੍ਹਾਂ, ਸਭਿਆਚਾਰਕ ਵਿਲੱਖਣਤਾਵਾਂ ਨੂੰ ਵਿਸ਼ਵ-ਵਿਆਪੀ ਏਕਤਾ ਵਿਚ ਬੰਨ੍ਹਣ ਦੇ ਆਹਰ ਵਿਚ ਹੈ।

ਯੁੰਗ, ਫਰਾਇਡ ਦੇ ਮਨੋਵਿਸ਼ਲੇਸ਼ਣ ਨਾਲੋਂ ਇਸ ਕਰਕੇ ਬੇਮੁਖ ਹੁੰਦਾ ਹੈ ਕਿ ਫਰਾਇਡ ਕੇਵਲ ਕਾਮੁਕਤਾ (sexuality) ਨੂੰ ਹੀ ਚੇਤਨਾ ਨੂੰ ਚਲਾਉਣ ਵਾਲੀ ਤਾਕਤ ਮੰਨਦਾ ਹੈ। ਉਹ ਊਰਜਾ (energy) ਦੇ ਸੰਕਲਪ ਅਧੀਨ ਹੋਰ ਵੱਖ ਵੱਖ ਮਾਨਸਿਕ ਸ਼ਕਤੀਆਂ ਨੂੰ ਇਕੱਠਾ ਕਰਕੇ ਚੇਤਨਾ ਦੀ ਗਤੀਸ਼ੀਲਤਾ ਨੂੰ ਸਮਝਣ ਦਾ ਯਤਨ ਕਰਦਾ ਹੈ। ਉਹ ਮਨੋਵਿਗਿਆਨ ਵਿਚ ਸੰਵੇਦਨਾ (impulse) ਅਤੇ ਭਾਵਾਤਮਿਕ ਵਿਉਂਤ (derives) ਨੂੰ ਸਮਝਣ ਲਈ ਫੈਲਾਏ ਜਾ ਚੁੱਕੇ ਆਪ ਹੁਦਰੇਪਣ ਨੂੰ ਖ਼ਤਮ ਕਰਨ ਵਲ ਰੁਚਿੱਤ ਹੈ।[੧] ਉਹ ਫਰਾਇਡ ਦੇ ਕਾਮ-ਪ੍ਰੇਰਕ- ਸ਼ਕਤੀ ਲਿਬਡੋ ਦੇ ਸੰਕਲਪ ਦੇ ਵਿਰੋਧ ਵਿਚ ਸਵੈਗਤੀਸ਼ੀਲ ਮਾਨਸਿਕਤਾ (self regulatory psyche) ਦਾ ਸੰਕਲਪ ਪੇਸ਼ ਕਰਦਾ ਹੈ ਜਿਹੜਾ ਕਿ ਅਜਿਹੀ ਊਰਜਾਮਈ ਕਦਰ ਨਾਲ ਸੰਬੰਧਿਤ ਹੈ ਜੋ ਮਾਨਵੀ ਕਿਰਿਆਵਾਂ ਦੇ ਸਮੁੱਚੇ ਖੇਤਰਾਂ ਤੱਕ ਫੈਲਿਆ ਹੋਇਆ ਹੈ। ਇਸੇ ਆਧਾਰ ਉੱਤੇ ਆਪਣੇ ਵਿਸ਼ਲੇਸ਼ਣ ਨੂੰ ਸਥਾਪਤ ਕਰਦਾ ਹੋਇਆ ਯੁੰਗ ਸੁਪਨਿਆਂ (dreams) ਸੁਪਨ-ਚਿੱਤਰਾਂ (fantasies) ਨੂੰ ਅਵਚੇਤਨ ਦੀਆਂ ਵ੍ਰਿਤੀਆਤਮਿਕ ਖਾਹਿਸ਼ਾਂ ਅਤੇ ਉਨ੍ਹਾਂ ਦੇ ਦਮਨ ਦੇ ਪ੍ਰਗਟਾਅ ਦੀ ਪ੍ਰਕਿਰਿਆ ਵਿਚ ਨਹੀਂ ਦੇਖਦਾ ਸਗੋਂ ਇਨ੍ਹਾਂ ਨੂੰ ਆਦਿਕਾਲੀਨ (premordial), ਬਿੰਬਾਂ ਦੇ ਖ਼ਜ਼ਾਨੇ ਵਿੱਚੋਂ ਉਤਪੰਨ ਹੋਏ ਮੰਨਦਾ ਹੈ। ਇਸੇ ਕਰਕੇ ਹੀ ਇਨ੍ਹਾਂ ਦੀ ਹੋਂਦ- ਵਿਧੀ ਅਤੇ ਸੁਭਾਅ ਵਿਅਕਤੀ ਵਿਸ਼ੇਸ਼ ਜਾਂ ਸਭਿਆਚਾਰਕ ਵਿਸ਼ੇਸ਼ ਤੋਂ ਪਰ੍ਹਾਂ ਜਾ ਕੇ ਪਰਾ-ਸਭਿਆਚਾਰਕ (cross cultural) ਬਣ ਜਾਂਦਾ ਹੈ। ਇਹ ਬਿੰਬ ਮਾਨਵੀ ਕਲਪਨਾ ਵਿਚ ਸਿਮਰਤੀ ਦੇ ਅੰਤਰਗਤ ਜਾਂ ਸਿਮਰਤੀ ਤੋਂ ਪਾਰਲੇ ਪੱਧਰ 'ਤੇ ਲੁਕੀਆਂ ਸੰਭਾਵਨਾਵਾਂ ਦੇ ਆਧਾਰ 'ਤੇ ਹੋਂਦ-ਅਖਤਿਆਰ ਕਰਦੇ ਹਨ ਅਤੇ ਹਰ ਇਕ ਵਿਅਕਤੀ ਦੀ ਬਿੰਬ ਸਿਰਜਣ ਸ਼ਕਤੀ ਦਾ ਆਧਾਰ ਰੂਪ ਬਣ ਜਾਂਦੇ ਹਨ। ਯੁੰਗ, ਇਸੇ ਕਰਕੇ ਇਹ ਧਾਰਨਾ ਵਿਅਕਤ ਕਰਦਾ ਹੈ ਕਿ ਇਹ ਲੁਕੇ ਹੋਏ ਤੱਥ ਅਦਭੁੱਤ ਵਰਤਾਰੇ ਨੂੰ ਵਿਅਕਤ ਕਰਦੇ ਹਨ ਜਿਸਦੇ ਫਲਸਰੂਪ ਮਿੱਥਾਂ ਅਤੇ ਲੋਕ-ਗਾਥਾਵਾਂ ਦੇ ਕੁਝ ਕੁ ਮੋਟਿਫ਼ ਹੀ ਪਹਿਚਾਨਣਯੋਗ ਰੂਪਾਂ ਵਿਚ ਦੁਹਰਾਏ ਜਾ ਰਹੇ ਹਨ। ਯੁੰਗ, ਇਨ੍ਹਾਂ ਹੀ ਮੋਟਿਫ਼ਾਂ ਜਾਂ ਬਿੰਬਾਂ ਨੂੰ ਆਰਕੀਟਾਈਪ ਦਾ

ਨਾਂ ਦਿੰਦਾ ਹੈ।[10]

ਯੁੰਗ ਅਨੁਸਾਰ ਸਮੂਹਿਕ ਅਵਚੇਤਨ ਰਾਹੀਂ ਹੀ ਨਿੱਜੀ ਅਵਚੇਤਨ ਨਿਯਮਤ ਹੁੰਦਾ ਹੈ ਕਿਉਂਕਿ ਮਾਨਵੀ ਤਜਰਬਿਆਂ ਦੀ ਆਧਾਰਸ਼ਿਲਾ ਸਮੂਹਿਕ ਅਤੇ ਗਿਆਨ-ਪੱਧਤੀਆਂ ਹੋਣ ਕਰਕੇ ਮਾਨਵੀ ਅਵਚੇਤਨ ਦੀ ਕਾਰਜਸ਼ੀਲਤਾ ਇਕੋ ਸਮੇਂ ਹੀ ਸਮਕਾਲੀ ਪ੍ਰਸੰਗਾਂ ਤੋਂ ਲੈ ਕੇ ਯੁੱਗਾਂ ਪੁਰਾਣੇ ਸੰਦਰਭਾਂ ਤਕ ਫੈਲ ਜਾਂਦੀ ਹੈ। ਸਮੂਹਿਕ ਅਵਚੇਤਨ ਹਮੇਸ਼ਾਂ ਹੀ ਮਾਨਵੀ ਸਭਿਅਤਾ ਦੀ ਮਾਨਸਿਕ ਵਿਰਾਸਤ ਨੂੰ ਸਮੋਈ ਰੱਖਦਾ ਹੈ।

ਫਰਾਇਡ ਤੋਂ ਉਲਟ ਯੁੰਗ, ਕਾਮ-ਪ੍ਰੇਰਕ-ਸ਼ਕਤੀ ਲਿਬਿਡੋ ਨੂੰ ਗੈਰ-ਕਾਮੁਕ ਰੰਗਤ ਦੇਣ ਦੀ ਕੋਸ਼ਿਸ਼ ਕਰਦਾ ਹੈ ਜਿਸ ਕਰਕੇ ਇਹ ਕਾਮ ਪ੍ਰੇਰਣਾ ਦੇ ਨਾਲ ਨਾਲ ਜੀਵਨ-ਸ਼ਕਤੀ (Life force) ਦਾ ਰੂਪ ਧਾਰਨ ਕਰ ਲੈਂਦੀ ਹੈ। ਉਸਨੇ ਕਾਮੁਕਤਾ ਦੇ ਵਿਕਾਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ:

1. ਪੂਰਵ ਕਾਮੁਕ ਉਮਰ : ਇਹ ਤਿੰਨ ਸਾਲ ਦੀ ਉਮਰ ਤੋਂ ਲੈ ਕੇ ਪੰਜ ਸਾਲ ਤੱਕ ਦੀ ਉਮਰ ਹੈ।
2. ਜੁਆਨੀ ਦੀ ਉਮਰ : ਇਹ ਜੀਵਨ ਦਾ ਉਹ ਭਾਗ ਹੈ ਜਿਸ ਵਿਚ ਕਾਮੁਕਤਾ ਸਰਗਰਮ ਰੂਪ ਵਿਚ ਗਤੀਸ਼ੀਲ ਜੀਵਨ ਦਾ ਆਧਾਰ ਬਣ ਜਾਂਦੀ ਹੈ।
3. ਬੁਢਾਪਾ : ਇਹ ਉਮਰ ਵਿਵਹਾਰ ਨੂੰ ਸਭਿਆਚਾਰਕ ਪ੍ਰਤੀਮਾਨਾਂ ਨਾਲ ਖਾਰਜ ਕਰਨ ਦੀ ਉਮਰ ਹੈ।

ਯੁੰਗ ਅਨੁਸਾਰ ਕਾਮੁਕਤਾ, ਮਨੁੱਖੀ ਵਿਵਹਾਰ ਦੀ ਸੰਚਾਲਕ ਸ਼ਕਤੀ ਨਹੀਂ ਸਗੋਂ ਮਨੁੱਖੀ ਜੀਵਨ ਦਾ ਇੱਕ ਭਾਗ (ਜੁਆਨੀ ਦੀ ਉਮਰ) ਹੀ ਇਸ ਭਾਵਨਾ ਤੋਂ ਪੂਰੀ ਤਰ੍ਹਾਂ ਪ੍ਰੇਰਤ ਹੁੰਦਾ ਹੈ। ਜਦੋਂ ਕਿ ਜੀਵਨ ਦੇ ਦੂਜੇ ਦੋ ਭਾਗਾਂ ਵਿਚ ਕਾਮੁਕਤਾ ਜੀਵਨ ਦੀ ਦੂਜੈਲੀ ਸੰਚਾਲਕ ਸ਼ਕਤੀ ਦੇ ਰੂਪ ਵਿਚ ਗਤੀਸ਼ੀਲ ਹੁੰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਯੁੰਗ, ਫਰਾਇਡ ਦੇ ਮਨੋਵਿਸ਼ਲੇਸ਼ਣੀ ਸਿਧਾਂਤਾਂ ਨੂੰ ਨਕਾਰਦਾ ਹੋਇਆ ਆਪਣੀਆਂ ਬੁਨਿਆਦੀ ਸਥਾਪਨਾਵਾਂ ਨੂੰ ਵਡੇਰੇ ਸਮਾਜਿਕ ਪ੍ਰਕਰਣ ਵਿਚ ਸਥਾਪਤ ਕਰਦਾ ਹੈ। ਫਲਸਰੂਪ, ਮਿੱਥ, ਲੋਕ-ਗਾਥਾਵਾਂ ਤੇ ਸਮੂਹਿਕ ਅਵਚੇਤਨ ਆਦਿ ਸੰਕਲਪਨਾਵਾਂ ਦੇ ਅਧਿਐਨ ਹਿਤ ਉਹ ਫਰਾਇਡ ਤੋਂ ਵੱਖਰੀ ਪਹੁੰਚ-ਵਿਧੀ ਦਾ ਧਾਰਨੀ ਹੈ।

**3. ਯੱਕ ਲਾਕਾਂ ਦਾ ਸੰਰਚਨਾਤਮਿਕ ਮਨੋਵਿਸ਼ਲੇਸ਼ਣ**

ਸੰਰਚਨਾਤਮਿਕ ਮਨੋਵਿਸ਼ਲੇਸ਼ਣ ਨੇ ਵੀ ਫਰਾਇਡ ਦੇ ਮਨੋਵਿਸ਼ਲੇਸ਼ਣ ਨੂੰ ਨਵੇਂ ਸਿਰਿਉਂ ਚਿਤਵਿਆ ਹੈ ਅਤੇ ਇਸਦਾ ਆਲੋਚਨਾਤਮਿਕ ਜਾਇਜ਼ਾ ਪੇਸ਼ ਕੀਤਾ । ਇਸ ਧਾਰਾ ਦਾ ਸੰਸਥਾਪਕ ਫਰਾਂਸੀਸੀ ਚਿੰਤਕ ਯੱਕ ਲਾਕਾਂ (Jaques Lacan) ਹੈ ਜਿਸ ਦੀਆਂ ਧਾਰਨਾਵਾਂ ਅਨੁਸਾਰ ਅਵਚੇਤਨ ਅਤੇ ਚੇਤਨ ਦੇ ਵਿਰੋਧ ਬਗੈਰ ਕਿਸੇ ਵੀ ਮਾਨਵੀ ਸਿਰਜਣਾ ਨੂੰ ਸਮਝਣਾ ਸੰਭਵ ਨਹੀਂ ਹੈ। ਇਸ ਕਰਕੇ ਅਵਚੇਤਨ ਅਤੇ ਚੇਤਨ ਦੇ ਸੰਕਲਪਾਂ ਨੂੰ ਸਮਝਣ ਦੇ ਨਾਲ ਨਾਲ ਇਨ੍ਹਾਂ ਦੀ ਅੰਤਰਕਿਰਿਆ (interaction) ਨੂੰ ਸਮਝਣਾ ਵੀ ਅਤਿਅੰਤ ਲਾਜ਼ਮੀ ਹੈ। ਇਹ ਅੰਤਰਕਿਰਿਆ ਭਾਸ਼ਿਕ ਤਜਰਬੇ (Linguistic experience) ਦਾ ਖੇਤਰ ਹੈ। ਇਸ ਕਰਕੇ ਸੰਰਚਨਾਤਮਿਕ ਮਨੋਵਿਸ਼ਲੇਸ਼ਣਵਾਦੀ ਚਿੰਤਕਾਂ ਨੇ ਚੇਤਨ ਅਵਚੇਤਨ ਦੀ ਸਿੱਧੀ-ਸਾਦੀ ਅਤੇ ਯੋਜਨਾ ਰਹਿਤ ਸਹਿ-ਹੋਂਦ ਦੇ ਸੰਕਲਪ ਨੂੰ ਤਿਆਗ ਕੇ ਅੰਦਰੂਨੀ ਸੰਰਚਨਾ ਅਤੇ ਬਾਹਰੀ ਸੰਕਲਪਨਾਵਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਅਨੁਸਾਰ ਇਹ ਨਿਸ਼ਾਨਦੇਹੀ ਭਾਸ਼ਿਕ ਤਜਰਬੇ ਰਾਹੀਂ ਹੀ ਸੰਚਾਲਿਤ ਤੇ ਗਤੀਸ਼ੀਲ ਹੁੰਦੀ ਹੈ ਅਤੇ ਭਾਸ਼ਿਕ ਸੰਰਚਨਾ ਦੇ ਅਨੁਸਾਰ ਹੀ ਮਾਨਵੀ ਤਜਰਬੇ ਸਿਰਜੇ ਜਾ ਸਕਦੇ ਹਨ ।[11]

ਯੱਕ ਲਾਕਾਂ ਨੇ ਚਿਹਨੀਕਰਨ ਦੀ ਪ੍ਰਕਿਰਿਆ ਨੂੰ ਮਾਨਸਿਕ ਪ੍ਰਕਿਰਿਆ ਦੇ ਰੂਪ ਵਿਚ ਚਿਤਵਦੇ ਹੋਏ ਮਾਨਸਿਕ ਸਮੱਸਿਆਵਾਂ ਨੂੰ ਭਾਸ਼ਾ ਵਿਗਿਆਨਕ ਅਤੇ ਮਨੋਵਿਸ਼ਲੇਸ਼ਣੀ ਦੋਹਾਂ ਵਿਧੀਆਂ ਰਾਹੀਂ ਸਮਝਣ ਦਾ ਯਤਨ ਕੀਤਾ ਹੈ। ਉਸਦਾ ਸਮੁੱਚਾ ਚਿੰਤਨ ਫਰਾਇਡ ਦੀਆਂ ਰਚਨਾਵਾਂ ਦੇ ਸਿਧਾਂਤਿਕ ਪੁਨਰ-ਅਧਿਐਨ ਉਪਰ ਆਧਾਰਿਤ ਹੈ, ਜਿਸ ਕਰਕੇ ਡੇਵਿਡ ਆਰਚਰਡ ਅਨੁਸਾਰ ਲਾਕਾਂ ਨੂੰ ਦੂਸਰੇ ਫਰਾਇਡਵਾਦੀਆਂ ਤੋਂ ਨਿਖੇੜਨ ਵਾਲਾ ਤੱਤ ਫਰਾਇਡ ਦਾ ਭਾਸ਼ਾ ਵਿਗਿਆਨਕ ਅਧਿਐਨ ਅਤੇ ਦੂਸਰੇ ਭਾਸ਼ਾ ਵਿਗਿਆਨੀਆਂ ਤੋਂ ਨਿਖੇੜਨ ਵਾਲਾ ਤੱਤ ਭਾਸ਼ਾ ਦੀ ਫਰਾਇਡਵਾਦੀ ਸਮਝ ਹੈ ।[12] ਇਸ ਸਥਿਤੀ ਵਿਚ ਉਸਨੇ ਫਰਾਇਡ ਦੇ ਸਿਧਾਂਤਾਂ ਨੂੰ ਸੋਸਿਊਰ ਅਤੇ ਕਲਾਦ ਲੈਵੀ ਸਤਰਾਸ ਦੇ ਚਿੰਤਨ ਦੇ ਪ੍ਰਸੰਗ ਵਿਚ ਪੁਨਰ ਚਿਤਵਦੇ ਹੋਏ ਮਨੋਵਿਸ਼ਲੇਸ਼ਣ, ਭਾਸ਼ਾ ਵਿਗਿਆਨ ਅਤੇ ਮਾਨਵਿਕੀ ਚਿਹਨ-ਵਿਗਿਆਨ ਦੇ ਉਨ੍ਹਾਂ ਮਹੱਤਵਪੂਰਨ ਪੱਖਾਂ ਨੂੰ ਉਜਾਗਰ ਕੀਤਾ ਜਿਹੜੇ ਅਜੇ ਤਕ ਗੰਭੀਰ ਵਿਚਾਰ-ਵਿਮਰਸ਼ ਦਾ ਕੇਂਦਰ ਨਹੀਂ ਬਣੇ ਸਨ।[13]

ਲਾਕਾਂ ਆਪਣੀਆਂ ਸਥਾਪਨਾਵਾਂ ਦਾ ਆਰੰਭ ਸਬਜੈਕਟ ਦੀ ਕਾਮਨਾ (desire) ਦੀ ਸਿਰਜਣ-ਪ੍ਰਕਿਰਿਆ ਤੋਂ ਕਰਦਾ ਹੈ ਅਤੇ ਉਸਦੇ ਪ੍ਰਤੀਕਾਤਮਿਕ ਪ੍ਰਗਟਾਅ ਦੀ ਵਿਧੀ ਦੇ ਸਮੁੱਦੇ ਪਾਸਾਰਾਂ ਉੱਪਰ ਕੇਂਦਰਿਤ ਕਰਦਾ ਹੈ। ਕਾਮਨਾ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ ਦਾ ਆਧਾਰ ਫਰਾਇਡ ਦਾ ਚਿੰਤਨ ਹੀ ਹੈ ਜਦੋਂ ਕਿ ਪ੍ਰਤੀਕਾਤਮਿਕ ਪ੍ਰਗਟਾਅ ਦੀ ਵਿਧੀ ਸੋਸਿਊਰ ਦੇ ਭਾਸ਼ਾ ਵਿਗਿਆਨ ਵਲੋਂ ਆਉਂਦੀ ਹੈ। ਖੱਪਾ ਜਾਂ ਘਾਟ ਦਾ ਸੰਕਲਪ/ ਵਰਤਾਰਾ ਲਾਕਾਂ ਲਈ ਸਬਜੈਕਟ ਦੀ ਕਾਮਨਾ ਦਾ ਆਧਾਰ ਬਿੰਦੂ ਹੈ, ਕਿਉਂਕਿ ਜਨਮ ਤੋਂ ਬਾਅਦ ਉਹ ਇਕ ਸਮੁੱਚ (totality) ਤੋਂ ਘਟ ਕੇ ਸਿਰਫ਼ ਇਕ ਭਾਗ (part) ਰਹਿ ਜਾਂਦਾ ਹੈ ਅਤੇ ਉਸਦੀ ਕੋਸ਼ਿਸ਼ ਹਮੇਸ਼ਾਂ ਹੀ ਆਪਣੀ ਸਮੁੱਚਤਾ ਨੂੰ ਗ੍ਰਹਿਣ ਕਰਨ ਦੀ ਰਹਿੰਦੀ ਹੈ। ਇਸ ਘਾਟ ਦੀ ਪਹਿਲੀ ਸਥਿਤੀ ਵਿਚ ਉਹ ਆਪਣੀ ਮਾਂ ਨਾਲ ਨਿਰੰਤਰ ਜੁੜੇ ਰਹਿਣ ਕਾਰਨ ਆਪਣੇ ਸਵੈ ਨੂੰ ਮਾਂ ਦੇ ਪ੍ਰਸੰਗ ਵਿਚ ਚਿਤਵਦਾ ਅਤੇ ਪਹਿਚਾਣਦਾ ਹੈ, ਜਿਸ ਕਰਕੇ ਸਰੀਰਕ ਵਿਸ਼ੇਸ਼ਤਾਵਾਂ ਹੀ ਨਹੀਂ ਸਗੋਂ ਮਾਂ ਦੀ ਕਾਮਨਾ ਤੇ ਤਣਾਓ ਵੀ ਉਸ ਦੀ ਚੇਤਨਾ ਉੱਪਰ ਭਾਰੂ ਹੋ ਜਾਂਦੇ ਹਨ। ਉਹ ਆਪਣੇ ਸਵੈ ਨੂੰ ਦੂਸਰਿਆਂ ਰਾਹੀਂ ਨਿਯਮਿਤ ਕਰ ਲੈਂਦਾ ਹੈ ਅਤੇ ਸਬਜੈਕਟ ਉਨ੍ਹਾਂ ਚਿਹਨਕਾਂ (Signifiers) ਨੂੰ ਅਪਣਾ ਲੈਂਦਾ ਹੈ ਜੋ ਅਸਲ ਵਿਚ ਦੂਸਰਿਆਂ ਦੇ ਚਿਹਨਕ ਹੁੰਦੇ ਹਨ।[14]

ਸਬਜੈਕਟ ਵਲੋਂ ਆਪਣੇ ਸਵੈ ਨੂੰ ਦੂਸਰਿਆਂ ਅਨੁਸਾਰ ਪਹਿਚਾਨਣ ਦੀ ਕਿਰਿਆ ਮਨੁੱਖ ਦਾ ਪ੍ਰਾਕਿਰਤਕ ਅਵਸਥਾ ਤੋਂ ਸਭਿਆਚਾਰਕ ਅਵਸਥਾ ਵਿਚ ਰੂਪਾਂਤਰਣ ਹੈ। ਜਿਸ ਤਰ੍ਹਾਂ ਸੋਸਿਊਰ ਵਿਅਕਤੀਗਤੇ ਉਚਾਰ ਨੂੰ ਭਾਸ਼ਾ ਦਾ ਪ੍ਰਗਟਾਅ-ਰੂਪ ਮੰਨਦਾ ਹੈ, ਉਸੇ ਤਰ੍ਹਾਂ ਲਾਕਾਂ ਵੀ ਵਿਅਕਤੀ ਦੇ ਵਿਵਹਾਰ ਪ੍ਰਗਟਾਅ ਨੂੰ ਸਮੂਹਿਕ ਪ੍ਰਗਟਾਅ ਦੇ ਅੰਤਰਗਤ ਰੱਖਦਾ ਹੈ। ਸਬਜੈਕਟ ਵਲੋਂ ਆਪਣੀ ਘਾਟ ਦੀ ਪੂਰਤੀ ਲਈ ਸਿਰਜਿਆ ਜਾਣ ਵਾਲਾ ਪ੍ਰਤੀਕਾਤਮਿਕ ਜਗਤ ਵੀ ਸਭਿਆਚਾਰਕ ਮਰਯਾਦਾਵਾਂ ਦੇ ਪਰਿਪੇਖ ਵਿਚ ਹੀ ਆਪਣੀ ਹੋਂਦ-ਵਿਧੀ ਅਖ਼ਤਿਆਰ ਕਰਦਾ ਹੈ। ਫਰਾਇਡ, ਜਿਸ ਅਵਚੇਤਨ ਨੂੰ ਸੁਤੰਤਰ ਅਤੇ ਸਰਲ ਮੈਕਾਨਿਜ਼ਮ ਦਾ ਪ੍ਰਤੀਫਲ ਮੰਨਦਾ ਸੀ, ਉਹ ਅਸਲ ਵਿਚ ਸਭਿਆਚਾਰਕ ਸੰਰਚਨਾ ਦੇ ਮੂਲ ਪੈਟਰਨ ਦੇ ਅਨੁਸਾਰ ਹੀ ਨਿਯਮਿਤ ਹੁੰਦਾ ਹੈ ਅਤੇ ਅਗਲੇਰੇ ਪੱਧਰ 'ਤੇ ਭਾਸ਼ਾ ਦੀ ਮੂਲ ਸੰਰਚਨਾ ਦਾ ਪਰਤੌ ਹੈ। ਇਸ ਕਰਕੇ ਹੀ ਲਾਕਾਂ, ਇਸ ਗੱਲ ਉਪਰ ਜ਼ੋਰ ਦਿੰਦਾ ਹੈ ਕਿ ਅਵਚੇਤਨ, ਭਾਸ਼ਾ ਵਾਂਗ ਸੰਗਠਿਤ ਹੁੰਦਾ ਹੈ ਅਤੇ ਇਹ ਅਸਲ ਵਿਚ ਦੂਸਰਿਆਂ ਦਾ ਪ੍ਰਵਚਨ ਹੈ। ਮਨੁੱਖੀ ਕਾਮਨਾ ਸਵੈ ਦਾ ਪੂਰਨ ਪ੍ਰਗਟਾਅ ਕਰਨ ਦੀ ਤਾਂਘ ਵਿਚ ਪ੍ਰਤੀਕ ਸਿਰਜਣ ਦੀ ਪ੍ਰਕਿਰਿਆ ਵਿਚ ਵੀ ਅਸਮਰਥ

ਰਹਿੰਦੀ ਹੈ, ਕਿਉਂਕਿ ਉਸ ਵਲੋਂ ਵਰਤੇ ਜਾ ਰਹੇ ਚਿਹਨਕਾਂ ਦੇ ਸੰਕਲਪ ਦੂਸਰਿਆਂ ਵੱਲੋਂ ਸੰਕਲਪਿਤ ਅਤੇ ਨਿਰਧਾਰਤ ਕੀਤੇ ਗਏ ਹਨ।

ਲਾਕਾਂ ਨੇ ਸੋਸਿਊਰ ਦੁਆਰਾ ਪੇਸ਼ ਕੀਤੇ ਗਏ ਚਿਹਨ ਦੀ ਧਾਰਨਾ ਦੀ ਵੀ ਨਵੀਂ ਵਿਆਖਿਆ ਪੇਸ਼ ਕੀਤੀ ਹੈ। ਸੋਸਿਊਰ, ਚਿਹਨ ਦੀ ਸੰਕਲਪਨਾ ਨੂੰ ਪੇਸ਼ ਕਰਦਾ ਹੋਇਆ ਚਿਹਨਕ (signifier) ਅਤੇ ਚਿਹਨਤ (signified) ਦਾ ਸੁਮੇਲ, ਭਾਵ ਸੰਕਲਪ/ਧੁਨੀ ਬਿੰਬ ਜਾਂ ਚਿਹਨਕ/ਚਿਹਨਤ ਮੰਨਦਾ ਹੈ ਅਤੇ ਚਿਹਨਕ ਨੂੰ ਪਹਿਲ ਪ੍ਰਦਾਨ ਕਰਦਾ ਹੈ। ਚਿਹਨਤ ਦਾ ਗਿਆਨ ਜਾਂ ਚਿਹਨਤ ਦੀ ਸਿਰਜਣਾ ਚਿਹਨਕ ਰਾਹੀਂ ਹੀ ਹੁੰਦੀ ਹੈ ਪਰ ਲਾਕਾਂ ਸੋਸਿਊਰ ਦੀ ਪੁਨਰ-ਵਿਆਖਿਆ ਪੇਸ਼ ਕਰਦਾ ਹੋਇਆ ਚਿਹਨਤ ਨੂੰ ਪਹਿਲ ਦਿੰਦਾ ਹੈ। ਉਸ ਲਈ ਚਿਹਨਕ, ਚਿਹਨਤ ਦੀ ਸਿਰਜਣਾ ਨਹੀਂ ਕਰਦਾ ਸਗੋਂ ਚਿਹਨਤ, ਚਿਹਨਕ ਦੀ ਸਿਰਜਣਾ ਕਰਦਾ ਹੈ। ਚਿਹਨੀਕਰਣ ਦੀ ਪ੍ਰਕਿਰਿਆ ਵਿਚ ਕਾਰਜਸ਼ੀਲ ਵਸਤੂ ਅਤੇ ਪ੍ਰਗਟਾਅ-ਰੂਪ ਸਾਡੇ ਅਵਚੇਤਨ ਵਿਚ ਹੀ ਵਿਦਮਾਨ ਹੁੰਦੇ ਹਨ। ਅਸੀਂ ਵਸਤੂਆਂ, ਸਥਿਤੀਆਂ, ਘਟਨਾਵਾਂ ਅਤੇ ਸੰਕਲਪਾਂ ਦੇ ਅਰਥ ਸਮਾਜਿਕ ਨਿਯਮਾਂ ਅਨੁਸਾਰ ਹੀ ਗ੍ਰਹਿਣ ਕਰਦੇ ਹਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਪ੍ਰਚਲਤ ਨਿਯਮਾਂ ਅਤੇ ਮਰਯਾਦਾਵਾਂ ਅਨੁਸਾਰ ਹੀ ਉਨ੍ਹਾਂ ਦੇ ਚਿਹਨਕ ਮਿਥਦੇ ਹਾਂ। ਇਸੇ ਕਰਕੇ ਹੀ ਲਾਕਾਂ ਚਿਹਨਕ ਅਤੇ ਚਿਹਨਤ ਦੇ ਸੁਭਾਅ ਨੂੰ ਵਿਅਕਤ ਕਰਦਾ ਹੋਇਆ Sliced signified ਅਤੇ Floating signifier ਦਾ ਸੰਕਲਪ ਪੇਸ਼ ਕਰਦਾ ਹੈ।

ਇਡੀਪਸ ਗ੍ਰੰਥੀ (Oedipus complex) ਰਾਹੀਂ ਯੁੰਗ, ਮਾਂ ਦੀਆਂ ਕਾਮਨਾਵਾਂ ਦਾ ਬੱਚੇ ਦੇ ਚੇਤਨ ਹੋਣ ਵਾਲੇ ਰੂਪਾਂਤਰਣ ਦੇ ਪ੍ਰਸੰਗ ਵਿਚ ਸਪਸ਼ਟ ਕਰਦਾ ਹੈ ਕਿ ਬੱਚੇ ਦਾ ਮਾਂ ਦੀ ਕੁੱਖੋਂ ਜਨਮ ਲੈਣਾ ਅਤੇ ਜਨਮ ਤੋਂ ਬਾਅਦ ਮਾਂ ਨਾਲ਼ ਸਰੀਰਕ ਤੌਰ 'ਤੇ ਜੁੜਨ ਦੇ ਕਾਰਨ ਮਾਂ ਦਾ ਅਵਚੇਤਨ ਹੀ ਬੱਚੇ ਦੇ ਅਵਚੇਤਨ ਨੂੰ ਨਿਯਮਿਤ ਕਰਦਾ ਹੈ। ਲਾਕਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਮਾਂ ਦੀ ਕਾਮਨਾ ਹਮੇਸ਼ਾਂ ਹੀ ਲਿੰਗ (phallus) ਦੇ ਚਿਹਨ -ਸੰਬੰਧ ਦੀ ਪ੍ਰਭੂ-ਸੱਤਾ ਨੂੰ ਸਵੀਕਾਰਦੀ ਅਤੇ ਪ੍ਰਸਾਰਦੀ ਹੈ। ਉਹ ਲਿੰਗ ਦਾ ਸਰੀਰਕ ਰੂਪ (penis) ਅਤੇ ਪ੍ਰਤੀਕਾਤਮਿਕ ਰੂਪ (phallus) ਨੂੰ ਵੱਖਰੇ ਵੱਖਰੇ ਸੰਕਲਪਾਂ ਦੇ ਰੂਪ ਵਿਚ ਸਾਰੇ ਪਿਤਾ -ਚਿਹਨਪ੍ਰਬੰਧ ਨੂੰ ਅਪਣਾ ਲੈਂਦਾ ਹੈ ਜੋ ਪੁਰਸ਼ ਰਾਹੀਂ ਸਿਰਜੀ ਗਈ ਬੌਧਿਕ ਵਿਆਖਿਆ ਦਾ ਆਧਾਰ ਅਤੇ ਪਾਸਾਰ ਹੈ। ਮਾਂ ਦੇ ਅਵਚੇਤਨ ਵਿਚ ਫੈਲਿਆ ਲਿੰਗ ਦਾ ਚਿਹਨ-ਪ੍ਰਬੰਧ ਹੀ ਬੱਚੇ ਦੇ ਅਵਚੇਤਨ ਉਪਰ ਛਾ ਜਾਂਦਾ ਹੈ ਅਤੇ ਲਿੰਗ ਦਾ ਚਿੰਤਨ ਸਾਡੀ ਪ੍ਰਤੱਖਣ ਸ਼ਕਤੀ ਅਤੇ ਵਿਵਹਾਰ ਦਾ ਬੁਨਿਆਦੀ ਚਿਹਨਤ ਬਣ ਜਾਂਦਾ ਹੈ।[15] ਲਾਕਾਂ ਦਾ ਇਹ ਵਿਚਾਰਧਾਰਕ ਸਰਗਰਮੀਆਂ ਦਾ ਵਸਤੂਪਰਕ ਅਤੇ ਚਿਹਨਤਾਮਿਕ ਪ੍ਰਸੰਗ, ਮਨੋਵਿਸ਼ਲੇਸ਼ਣੀ ਵਿਧੀ ਦੀ ਸੂਖਮ ਪੱਧਰ 'ਤੇ ਗਤੀਸ਼ੀਲ ਸਿਧਾਂਤਿਕ ਸੰਕਲਪਨਾਵਾਂ ਨੂੰ ਵਸਤੂਪਰਕ ਅਤੇ ਬਾਹਰਮੁਖੀ ਸੰਦਰਭ ਪ੍ਰਦਾਨ ਕਰਦਾ ਹੈ।

ਇਸ ਚਰਚਾ ਤੋਂ ਸਪਸ਼ਟ ਹੈ ਕਿ ਮਨੋਵਿਗਿਆਨਕ ਵਿਸ਼ਲੇਸ਼ਣ ਦਾ ਭਾਵ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਮਨੁੱਖੀ ਸਿਰਜਨਾਵਾਂ ਦੇ ਸਮੁੱਚੇ ਸਰੋਕਾਰਾਂ ਅਤੇ ਉਨ੍ਹਾਂ ਨਾਲ਼ ਸੰਬੰਧਿਤ ਹੋਰ ਕਾਰਜ-ਖੇਤਰਾਂ ਨੂੰ ਨਿਰਧਾਰਤ ਕਰਨਾ ਹੈ। ਅਸੀਂ ਦੇਖਿਆ ਹੈ ਕਿ ਡਾ. ਸਿਗਮੰਡ ਫਰਾਇਡ ਨੇ ਮਨੋਵਿਗਿਆਨ ਨੂੰ ਅਕਾਦਮਿਕ ਤੇ ਵਿਵਹਾਰਕ ਪੱਧਰ 'ਤੇ ਪ੍ਰਸਾਰਿਆ, ਵਿਸਤਾਰਿਆ ਅਤੇ ਇਸਦੇ ਅਨੁਸ਼ਾਸਨਾਂ ਦੇ ਮੂਲ ਸਰੋਕਾਰਾਂ ਨੂੰ ਮਾਨਸਿਕ ਕਿਰਿਆਵਾਂ ਨਾਲ਼ ਜੋੜਿਆ। ਯੁੰਗ ਨੇ ਮਨੋਵਿਗਿਆਨਕ ਵਿਸ਼ਲੇਸ਼ਣ ਨੂੰ ਅਜਿਹੀ ਅਧਿਐਨ ਵਿਧੀ ਬਣਾਉਣ ਦੀ ਚੇਸ਼ਟਾ ਕੀਤੀ ਜਿਸ ਨਾਲ਼ ਸਿੱਧੇ ਸਪਸ਼ਟ ਰੂਪ ਵਿਚ ਪ੍ਰਤੱਖਣਯੋਗ ਤੱਤਾਂ ਦੇ ਸਾਰੇ ਕਰਮਾਂ/ਪ੍ਰਤੀਕਰਮਾਂ ਦਾ ਵਿਗਿਆਨਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਜੈਕ ਲਾਕਾਂ ਨੇ ਮਨੋਵਿਗਿਆਨ ਨੂੰ ਪਰਾਭੌਤਿਕਤਾ ਤੋਂ ਨਿਖੇੜਨ ਦੀ ਕੋਸ਼ਿਸ਼ ਕੀਤੀ ਹੈ।

ਇਨ੍ਹਾਂ ਚਿੰਤਕਾਂ ਦੇ ਸਮੁੱਚੇ ਯੋਗਦਾਨ ਦੇ ਫਲਸਰੂਪ ਮਨੋਵਿਸ਼ਲੇਸ਼ਣੀ ਵਿਧੀ ਇਕ ਅਜਿਹੀ ਪਰਿਪਾਟੀ ਵਜੋਂ ਸਥਾਪਤ ਹੁੰਦੀ ਹੈ ਜਿਹੜੀ ਮਨੁੱਖੀ ਮਨ ਨੂੰ ਸਮਝਣ ਲਈ ਸਿਧਾਂਤਿਕ ਅਤੇ ਵਿਵਹਾਰਕ ਨੁਕਤੇ ਅਤੇ ਦ੍ਰਿਸ਼ਟੀ-ਬਿੰਦੂ ਪ੍ਰਦਾਨ ਕਰਦੀ ਹੈ। ਇਸ ਨੇ ਮਨ ਦੀ ਕਾਰਜਸ਼ੀਲਤਾ ਨੂੰ ਮਨੁੱਖ ਦੀ ਮਨੋ-ਸਰੀਰਕ ਬਣਤਰ ਦੇ ਸਥਾਈ ਅਤੇ ਗਤੀਸ਼ੀਲ ਪ੍ਰਕਰਣ ਵਿਚ ਸਮਝਦਿਆਂ ਮਨੋ-ਵਿਗਿਆਨਕ ਮਸਲਿਆਂ ਨੂੰ ਮਨੁੱਖੀ-ਵਿਵਹਾਰ ਦੇ ਬੁਨਿਆਦੀ ਮਸਲੇ ਅਤੇ ਸਿਰਜਣਾਵਾਂ ਪ੍ਰਵਾਨ ਕੀਤਾ ਅਤੇ ਉਨ੍ਹਾਂ ਦੇ ਮਾਨਸਿਕ ਵਿਰੋਧਾਂ ਦੇ ਖਾਤਮੇ ਦੀ ਵਿਧੀ ਰਾਹੀਂ ਖਾਰਜ ਕਰਨ ਦੀ ਪ੍ਰਕਿਰਿਆ ਉਪਰ ਬੱਲ ਦਿੱਤਾ।

ਮਨੋਵਿਸ਼ਲੇਸ਼ਣੀ ਵਿਧੀ ਨੇ ਆਪਣੇ ਸਿਧਾਂਤਾਂ ਰਾਹੀਂ ਮਨੁੱਖੀ ਵਿਵਹਾਰ ਨੂੰ ਅਵਚੇਤਨ ਦੇ ਸ਼ਕਤੀਸ਼ਾਲੀ ਤੇ ਗਤੀਸ਼ੀਲ ਪ੍ਰਬੰਧਾਂ ਰਾਹੀਂ ਸਾਰੀਆਂ ਮਨੁੱਖੀ ਤਾਕਤਾਂ, ਸਮਰਥਾਵਾਂ ਤੇ ਸੀਮਾਵਾਂ ਨੂੰ ਸਿਰਜਿਤ ਤੇ ਨਿਰਧਾਰਿਤ ਮੰਨਿਆ ਅਤੇ ਨਾਲ਼-ਨਾਲ਼ ਇਹ ਵੀ ਸਥਾਪਤ ਕੀਤਾ ਕਿ ਅਰਧ-ਚੇਤਨ ਅਤੇ ਸੁਚੇਤ ਪੱਧਰਾਂ ਦੀ ਗਤੀਸ਼ੀਲਤਾ ਉਸਦੀ ਨਿਰੰਕੁਸ਼ਤਾ ਨੂੰ ਚੁਣੌਤੀ ਦਿੰਦੀ ਹੈ। ਇਸ ਸੰਦਰਭ ਵਿਚ ਸਪਸ਼ਟ ਹੈ ਕਿ ਸਾਹਿਤ-ਸਿਰਜਣ ਪ੍ਰਕਿਰਿਆ ਅਤੇ ਹੋਰ ਮਾਨਵੀ ਸਿਰਜਣਾਵਾਂ ਦਾ ਵਿਸ਼ਲੇਸ਼ਣ ਅਤੇ ਸਾਰਥਿਕ ਅਧਿਐਨ ਮਨੁੱਖ ਦੇ ਬੁਨਿਆਦੀ ਵਿਰੋਧਾਂ ਤੇ ਦੁਜੈਲੀਆਂ ਸਿਰਜਣਾਵਾਂ ਦੇ ਪ੍ਰਸੰਗ ਵਿਚ ਹੀ ਕੀਤਾ ਜਾ ਸਕਦਾ ਹੈ।

**2. ਸਭਿਆਚਾਰ ਸ਼ਾਸਤਰੀ : ਲੈਵੀ ਸਤਰਾਸ**

ਫਰਾਂਸੀਸੀ ਮਾਨਵ ਵਿਗਿਆਨੀ ਕਲਾਦ ਲੈਵੀ ਸਤਰਾਸ (Claude-Levi-Strauss) ਨੇ ਸੱਸਿਊਰ ਦੁਆਰਾ ਪ੍ਰਸਤੁਤ ਕੀਤੇ ਗਏ ਭਾਸ਼ਾਈ ਸਿਧਾਂਤ ਦੇ ਆਧਾਰ 'ਤੇ ਸਮਾਜਿਕ ਤੇ ਸਭਿਆਚਾਰਕ ਪਰ-ਉਸਾਰ (Super-structure) ਦੇ ਪਰਸਪਰ ਸੰਬੰਧਾਂ ਦੀ ਚਰਚਾ ਕੀਤੀ। ਲੈਵੀ ਸਤਰਾਸ ਅਨੁਸਾਰ ਸਾਂਸਕ੍ਰਿਤਕ ਸਿਰਜਣਾਵਾਂ ਦਾ ਅਧਿਐਨ ਭਾਸ਼ਾਈ ਜੁਗਤਾਂ ਦੇ ਵਿਸ਼ਲੇਸ਼ਣ ਦੁਆਰਾ ਸੰਭਵ ਹੁੰਦਾ ਹੈ ਅਤੇ ਭਾਸ਼ਾਈ ਜੁਗਤਾਂ ਨੂੰ ਇਕ ਪਰਿਪੂਰਣ ਸਿਸਟਮ ਵਜੋਂ ਵਿਚਾਰ ਕੇ ਇਨ੍ਹਾਂ ਦੀ ਹੋਂਦ-ਵਿਧੀ ਅਤੇ ਸੰਕਲਪਨਾ ਨੂੰ ਸਮਝਿਆ ਜਾ ਸਕਦਾ ਹੈ ਕਿਉਂ ਜੋ ਸਾਂਸਕ੍ਰਿਤਕ ਸਿਰਜਣਾਵਾਂ ਵੀ ਮਨੁੱਖੀ ਮਾਨਸਿਕਤਾ ਦੇ ਧਰਾਤਲ ਦੀਆਂ ਸਿਰਜਣਾਵਾਂ ਹੀ ਹੁੰਦੀਆਂ ਹਨ। ਇਸ ਤੱਥ ਨੂੰ ਆਧਾਰ ਬਣਾ ਕੇ ਲੈਵੀ ਸਤਰਾਸ ਨੇ ਆਪਣੀਆਂ ਸਥਾਪਨਾਵਾਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਆਦਿ-ਕਾਲੀ ਸਮਾਜਿਕ ਵਿਵਸਥਾਵਾਂ ਵਿਚ ਮਨੁੱਖੀ ਵਿਚਾਰ ਅਤੇ ਵਰਤਾਰੇ ਦੀਆਂ ਸਿਸਟਮੀ ਜੁਗਤਾਂ ਪਹਿਚਾਣੀਆਂ ਜਾ ਸਕਦੀਆਂ ਹਨ। ਇਹ ਜੁਗਤਾਂ, ਸਮਾਜਿਕ ਜੀਵਨ ਦੇ ਪੱਖ ਤੋਂ ਕਾਫ਼ੀ ਉੱਚ ਪੱਧਰ ਦੀ ਤਰਤੀਬ ਤੇ ਸੰਗਠਨ ਵਿਚ ਸੁਨਿਸਚਤ ਵਿਖਾਈ ਦਿੰਦੀਆਂ ਹਨ।

ਮਿੱਥ-ਸਿਰਜਣਾ ਦੇ ਸੰਦਰਭ ਵਿਚ ਲੈਵੀ ਸਤਰਾਸ ਦੀ ਧਾਰਨਾ ਹੈ ਕਿ ਮਿੱਥ, ਮਨੁੱਖ ਦੀ ਅਰਥਹੀਣ ਪ੍ਰਾਪਤੀ ਨਹੀਂ ਬਲਕਿ ਮਾਨਵੀ ਗਿਆਨ ਦੇ ਅਮੀਰ ਭੰਡਾਰੇ ਦਾ ਪਰਤੋ ਹੈ ਜਿਸ ਕਰਕੇ ਮਿੱਥ-ਸਿਰਜਣਾ ਨੂੰ ਮਨੁੱਖੀ ਸਭਿਅਤਾ ਦੇ ਆਰੰਭਿਕ ਵਿਗਿਆਨ ਵਜੋਂ ਸਮਝਣਾ ਚਾਹੀਦਾ ਹੈ। ਉਹ ਮਿੱਥਾਂ ਨੂੰ ਅਜਿਹੀ ਹੀ ਪ੍ਰਕਿਰਤੀ ਦਾ ਲਖਾਇਕ ਮੰਨਦਾ ਹੈ ਤੇ ਮਿੱਥਾਂ ਦਾ ਵਿਗਿਆਨਕ ਅਧਿਐਨ ਭਾਸ਼ਾਈ ਮਾਡਲ ਰਾਹੀਂ ਕਰਨਾ ਤਜਵੀਜ਼ ਕਰਦਾ ਹੈ ਕਿਉਂਕਿ ਭਾਸ਼ਾ ਦਾ ਵਿਸ਼ੇਸ਼ ਸਿਸਟਮ ਮਨੁੱਖ ਦੇ ਅਚੇਤ ਮਨ ਵਿਚ ਵਿਦਮਾਨ ਰਹਿੰਦਾ ਹੈ ਜੋ ਵਿਸ਼ੇਸ਼ ਭੂ-ਖੰਡ ਦੇ ਸ੍ਰਿਸ਼ਟੀਆਤਮਿਕ ਤਰਕ ( Cosmological logic) ਰਾਹੀਂ ਨਿਰਧਾਰਤ ਹੁੰਦਾ ਹੈ। ਭਾਸ਼ਾ ਦਾ ਅਜਿਹਾ ਪ੍ਰਬੰਧ ਸ੍ਰਿਸ਼ਟੀਆਤਮਿਕ ਤਰਕ ਨਾਲ਼ ਪੂਰਵ ਭਾਵਮੂਲਕ (pre -subjective) ਅਤੇ ਪੂਰਵ ਤਰਕਮੂਲਕ (pre -logical) ਸੰਬੰਧ ਰੱਖਦਾ ਹੈ ਜਿਸ ਕਰਕੇ ਭਾਸ਼ਾ ਹਮੇਸ਼ਾਂ ਹੀ ਸ੍ਰਿਸ਼ਟੀਆਤਮਿਕ ਤਰਕ ਨੂੰ ਮਾਨਵੀ ਸਿਰਜਣਾਵਾਂ ਦਾ ਬੁਨਿਆਦੀ ਧੁਰਾ ਕਿਹਾ ਜਾ

ਸਕਦਾ ਹੈ ਅਤੇ ਭਾਸ਼ਾ ਨਾਲ਼ ਇਸ ਤਰਕ ਦੀ ਵਿਸ਼ੇਸ਼ ਇਕਸੁਰਤਾਂ ਦੇਖੀ ਜਾ ਸਕਦੀ ਹੈ। ਇਸੇ ਪ੍ਰਸੰਗ ਵਿਚ ਹੀ ਭਾਸ਼ਾ ਦਾ ਅਧਿਐਨ ਤੇ ਵਿਸ਼ਲੇਸ਼ਣ ਸਾਕਾਰ ਰੂਪ ਵਿਚ ਸਾਨੂੰ ਮਨੁੱਖ ਦੇ ਦੂਜੇ ਵਿਵਹਾਰ ਅਤੇ ਸਿਰਜਣਾਵਾਂ ਦੇ ਮੂਲ਼ ਭੂਤ ਨਿਯਮਾਂ ਦਾ ਗਿਆਨ ਕਰਵਾਉਂਦਾ ਹੈ ਜੋ ਕਿ ਮਿੱਥ, ਟੋਟਮ ਤੇ ਸਾਕਾਚਾਰੀ ਦੇ ਸੰਬੰਧ ਆਦਿ ਮਾਨਵੀ ਸਿਰਜਣਾਵਾਂ ਉਪਰ ਪੂਰੀ ਤਰ੍ਹਾਂ ਲਾਗੂ ਹੁੰਦੇ ਹਨ।

ਲੈਵੀ ਸਤਰਾਸ ਦੇ ਚਿੰਤਨ ਵਿਚ ਵਿਭਿੰਨ ਸੰਦਰਭਾਂ ਤਹਿਤ ਇਨ੍ਹਾਂ ਸੰਰਚਨਾਵਾਂ ਦਾ ਭਾਸ਼ਾਈ ਜੁਗਤਾਂ ਦੇ ਅਨੁਰੂਪ ਸਿਸਟਮ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਤਰ੍ਹਾਂ ਭਾਸ਼ਾਈ ਸੰਬੰਧਾਂ ਤੇ ਸੰਯੋਗਾਂ ਰਾਹੀਂ ਨਿਰਮਿਤ ਚਿਹਨ-ਪ੍ਰਬੰਧ ਦੁਆਰਾ ਭਾਸ਼ਾ ਸੰਚਾਰ ਦੀ ਸਿਰਜਣਾ ਹੁੰਦੀ ਹੈ, ਉਸੇ ਤਰ੍ਹਾਂ ਹੀ ਸਾਂਸਕ੍ਰਿਤਕ ਸੰਬੰਧਾਂ ਦੇ ਆਧਾਰ 'ਤੇ ਸਾਂਸਕ੍ਰਿਤਕ ਚਿਹਨ ਦੇ ਪ੍ਰਬੰਧ ਰਾਹੀਂ ਵਿਸ਼ਾਲ ਸੰਸਕ੍ਰਿਤੀ ਦਾ ਉਦਭਵ ਹੁੰਦਾ ਹੈ। ਚਿਹਨ ਵਿਗਿਆਨ ਦੀ ਮੂਲ਼ ਧਾਰਨਾ ਸੰਸਕ੍ਰਿਤੀ ਦੇ ਸਮੁੱਚੇ ਪਾਸਾਰ ਵਿਚ ਭਾਸ਼ਾਈ ਸਿਸਟਮ ਦੀ ਪ੍ਰਾਥਮਿਕਤਾ ਨੂੰ ਨਿਰਧਾਰਿਤ ਕਰਨ ਅਤੇ ਇਸਦੇ ਸਮਾਨਾਂਤਰ ਸਮੁੱਚੀਆਂ ਮਾਨਵੀ ਪ੍ਰਾਪਤੀਆਂ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਵਿਚ ਹੈ। ਇਸ ਤਰ੍ਹਾਂ ਭਾਸ਼ਾ ਵਿਗਿਆਨਕ ਮਾਡਲ ਦੀ ਮਹੱਤਾ ਦਾ ਪ੍ਰਮਾਣ ਚਿਹਨ ਵਿਗਿਆਨ ਵਿਚ ਜਾ ਕੇ ਹੀ ਨਿਸਚਿਤ ਹੁੰਦਾ ਹੈ।[16]

ਲੈਵੀ ਸਤਰਾਸ ਨੇ ਆਪਣੇ ਮਾਨਵ ਵਿਗਿਆਨੀ ਚਿੰਤਨ ਵਿਚ ਸਾਕਾਚਾਰੀ ਪ੍ਰਬੰਧ ਨੂੰ ਵੀ ਕੇਂਦਰ-ਬਿੰਦੂ ਬਣਾ ਕੇ ਸਮਾਜਿਕ ਵਰਤਾਰੇ ਨੂੰ ਸਮਝਣ 'ਤੇ ਬੱਲ ਦਿੱਤਾ ਹੈ। ਜਿਸ ਤਰ੍ਹਾਂ ਭਾਸ਼ਾ ਵਿਚ ਫੋਨੀਮਾ (phonemes) ਦਾ ਵੱਖਰਾ ਵੱਖਰਾ ਪੈਟਰਨ ਵੱਖਰੇ ਵੱਖਰੇ ਸ਼ਬਦਾਂ ਨੂੰ ਸਿਰਜਦਾ ਹੈ ਅਤੇ ਜਿਨ੍ਹਾਂ ਦੇ ਅੱਗੋਂ ਵੱਖ ਵੱਖ ਅਰਥ ਸੰਚਾਰਿਤ ਹੁੰਦੇ ਹਨ, ਉਸੇ ਤਰ੍ਹਾਂ ਸਾਕਾਚਾਰੀ ਰਿਸ਼ਤਿਆਂ ਵਿਚ ਵੀ ਮਾਨਵੀ-ਸੰਬੰਧ ਭਿੰਨ ਭਿੰਨ ਪ੍ਰਬੰਧਾਂ ਵਿਚ ਜੁੜ ਕੇ ਵੱਖਰੇ ਸਾਂਸਕ੍ਰਿਤਕ ਜੁੱਜ਼ ਅਤੇ ਅਰਥ ਸਿਰਜਦੇ ਹਨ। ਜਿਸ ਤਰ੍ਹਾਂ ਧੁਨੀ-ਪ੍ਰਬੰਧਾਂ ਦਾ ਸੰਯੋਗ ਮਨੁੱਖ ਰਾਹੀਂ ਅਵਚੇਤਨ ਪੱਧਰ 'ਤੇ ਹੁੰਦਾ ਹੈ ਉਸੇ ਤਰ੍ਹਾਂ ਸਾਂਸਕ੍ਰਿਤਕ ਵਰਤਾਰਿਆਂ ਦੇ ਸਿਸਟਮ ਨੂੰ ਵੀ ਮਨੁੱਖੀ ਸਮੂਹ ਅਵਚੇਤਨ ਦੀ ਪੱਧਰ 'ਤੇ ਹੀ ਸਿਰਜਦਾ ਹੈ। ਭਾਸ਼ਾਈ ਸਿਸਟਮ ਦੀ ਰਚਨਾ ਕਰਨ ਵਾਲਾ ਮਨ ਹੀ ਸਮਾਜਿਕ ਸਿਸਟਮ ਦੀ ਰਚਨਾ ਕਰਦਾ ਹੈ।[17]

ਸਾਕਾਚਾਰੀ ਸੰਬੰਧਾਂ ਦਾ ਅਧਿਐਨ ਮੰਗ ਕਰਦਾ ਹੈ ਕਿ ਸਾਂਸਕ੍ਰਿਤਕ ਰਿਸ਼ਤਿਆਂ ਦੇ ਗਹਿਰੇ ਅਰਥ ਸਮਝਣ ਲਈ ਪ੍ਰੌਢ ਵਿਸ਼ਲੇਸ਼ਣੀ ਦ੍ਰਿਸ਼ਟੀ ਨੂੰ ਆਧਾਰ ਬਣਾਇਆ ਜਾਵੇ ਕਿਉਂਕਿ ਸਤਹੀ ਪੱਧਰ ਦੇ ਅਧਿਐਨ ਰਾਹੀਂ ਅਸੀਂ ਕੇਵਲ ਸਾਂਸਕ੍ਰਿਤਕ ਤੱਤਾਂ ਦੇ ਮੇਲ਼ ਤੋਂ ਹੀ ਵਾਕਫ਼ ਹੋ ਸਕਦੇ ਹਾਂ, ਰਿਸ਼ਤਿਆਂ ਅੰਦਰਲੇ ਕਾਰਜਸ਼ੀਲ ਪੈਟਰਨ ਤੋਂ ਨਹੀਂ। ਦੂਜੇ, ਭਾਸ਼ਾਈ ਚਿਹਨ ਆਪਹੁਦਰੇ ਹੋਣ ਕਰਕੇ ਸਾਂਸਕ੍ਰਿਤਕ ਰਿਸ਼ਤਿਆਂ ਦੀ ਪ੍ਰਕਿਰਤੀ ਵੀ ਆਪਹੁਦਰੀ ਹੋਣੀ ਲਾਜ਼ਮੀ ਹੈ। ਇਸ ਤਰ੍ਹਾਂ ਸਤਰਾਸ ਦੀ ਇਹ ਧਾਰਨਾ ਸਵੀਕਾਰਨਯੋਗ ਹੈ ਕਿ ਜਿਸ ਤਰ੍ਹਾਂ ਭਾਸ਼ਾਈ ਸਿਸਟਮ ਦੀ ਸਿਰਜਣਾ ਮਨੁੱਖੀ ਮਨ ਕਰਦਾ ਹੈ, ਉਸੇ ਤਰ੍ਹਾਂ ਉਹੀ ਨਿਯਮ ਦੂਜੀਆਂ ਮਾਨਵੀ ਸਿਰਜਣਾਵਾਂ ਉਪਰ ਵੀ ਲਾਗੂ ਹੁੰਦੇ ਹਨ।[18]

ਮਿੱਥ-ਪ੍ਰਬੰਧ ਵੀ ਸਾਕਾਚਾਰੀ ਸੰਬੰਧਾਂ ਵਾਂਗ ਹੀ ਭਾਸ਼ਾਈ ਸਿਰਜਣਾ ਨਾਲ਼ ਨੇੜਲਾ ਸੰਬੰਧ ਰੱਖਦਾ ਹੈ। ਭਾਸ਼ਾ ਦੇ ਫੋਨੀਮਾ (phonemes) ਵਾਂਗ ਹੀ ਮਿੱਥ ਦੇ 'ਮਿਥੀਮ'(Mytheme) ਵੀ ਵੱਖ ਵੱਖ ਪੈਟਰਨ ਸਿਰਜ ਕੇ ਵੱਖ ਵੱਖ ਮਿੱਥਾਂ ਦੀ ਸਿਰਜਣਾ ਕਰਦੇ ਹਨ। ਜਿਸ ਤਰ੍ਹਾਂ ਭਾਸ਼ਾ ਵਿਚ ਧੁਨੀ ਦੀ ਵਿਸ਼ੇਸ਼ ਕ੍ਰਮ ਵਿਚ ਵਿਸ਼ੇਸ਼ ਸਾਰਥਿਕਤਾ ਹੁੰਦੀ ਹੈ, ਕਿਉਂਕਿ ਉਹ ਨਿਸਚਿਤ ਸ਼ਬਦ ਦਾ ਨਿਰਮਾਣ ਕਰ ਰਿਹਾ ਹੁੰਦਾ ਹੈ, ਉਸੇ ਤਰ੍ਹਾਂ ਮਿਥੀਮ ਵੀ ਵਿਸ਼ੇਸ਼ ਪ੍ਰਬੰਧ ਵਿਚ ਜੁੜ ਕੇ ਵੱਖ ਵੱਖ ਮਿੱਥਾਂ ਦੀ ਸਿਰਜਣਾ ਕਰਦੇ ਹਨ। ਭਾਸ਼ਾ ਦੇ ਧੁਨੀਗ੍ਰਾਮਾਂ ਵਾਂਗ ਹੀ ਮਿੱਥ ਦੇ ਮਿੱਥਗ੍ਰਾਮ

ਵੀ ਵਿਸ਼ੇਸ਼ ਪ੍ਰਸੰਗ ਵਿਚ ਆਪਣਾ ਯੋਗਦਾਨ ਦਿੰਦੇ ਹਨ।

ਲੈਵੀ ਸਤਰਾਸ ਨੇ ਆਪਣੇ ਚਿੰਤਨ ਵਿਚ ਭਾਸ਼ਾਈ ਚਿਹਨਾਂ ਦੇ ਸਮਾਨਾਂਤਰ ਸਾਂਸਕ੍ਰਿਤਕ ਚਿਹਨ ਸਿਰਜ ਕੇ ਚਿਹਨ ਵਿਗਿਆਨ ਦੀ ਅਧਿਐਨ ਵਿਧੀ ਨੂੰ ਸਾਂਸਕ੍ਰਿਤਕ ਸਿਰਜਣਾਵਾਂ ਉਪਰ ਲਾਗੂ ਕਰਕੇ ਨਵੇਂ ਮਾਡਲ ਸਥਾਪਤ ਕੀਤੇ। ਉਸ ਨੇ ਅਮਰੀਕਨ ਮਿੱਥਾਂ ਨੂੰ ਆਪਣੇ ਅਧਿਐਨ ਦੀ ਆਧਾਰ ਸਾਮੱਗਰੀ ਬਣਾ ਕੇ ਇਨ੍ਹਾਂ ਮਾਡਲਾਂ ਨੂੰ ਵਿਸ਼ੇਸ਼ ਅਹਿਮੀਅਤ, ਸਾਰਥਿਕਤਾ ਅਤੇ ਵਿਸਥਾਰ ਪ੍ਰਦਾਨ ਕੀਤਾ। ਲੈਵੀ ਸਤਰਾਸ ਤੋਂ ਪੂਰਬਲੇ ਚਿੰਤਨ ਵਿਚ ਜਿੱਥੇ ਚਿਹਨ ਵਿਗਿਆਨ-ਵਿਧੀ ਨੂੰ ਭਾਸ਼ਾਗਤ ਅਤੇ ਦਾਰਸ਼ਨਿਕ ਮਸਲਿਆਂ ਨੂੰ ਸਮਝਣ ਲਈ ਹੀ ਮਹੱਤਵ ਪੂਰਨ ਵਿਧੀ ਮੰਨਿਆ ਜਾਂਦਾ ਸੀ, ਉਥੇ ਇਸ ਚਿੰਤਕ ਨੇ ਮਾਨਵ-ਵਿਗਿਆਨ ਦੇ ਅਨੁਸ਼ਾਸਨ ਦੀਆਂ ਸਮੱਸਿਆਵਾਂ ਨਾਲ ਇਸ ਵਿਧੀ ਰਾਹੀਂ ਨਿਪਟਣ ਦੀ ਕੋਸ਼ਿਸ਼ ਕੀਤੀ। ਉਸਨੇ, ਨਾ ਕੇਵਲ ਇਸ ਵਿਧੀ ਨੂੰ ਅੰਤਰ ਅਨੁਸ਼ਾਸਨੀ ਹੀ ਬਣਾਇਆ ਬਲਕਿ ਇਸਦਾ ਕਾਰਜ-ਖੇਤਰ ਹੋਰ ਮੋਕਲ਼ਾ ਤੇ ਪ੍ਰੌਢ ਕੀਤਾ।

**3. ਸਾਹਿਤ ਸ਼ਾਸਤਰੀ : ਰੋਲਾਂ ਬਾਰਤ ਅਤੇ ਨਾਰਥੋ ਫਰਾਈ**

ਮਿੱਥ ਦੇ ਸੰਕਲਪ, ਹੋਂਦ-ਵਿਧੀ ਅਤੇ ਸੰਚਾਰ ਪ੍ਰਕਿਰਿਆ ਨੂੰ ਵਿਧੀਗਤ ਰੂਪ ਵਿਚ ਸਮਝਣ ਲਈ ਸਮਕਾਲੀ ਸਾਹਿਤ ਸਮੀਖਿਆ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਸ ਸਮੀਖਿਆ ਦੀ ਮੁੱਖ ਰੁਚੀ ਮਿੱਥ ਦੀ ਗਾਲਪਨਿਕਤਾ ਅਤੇ ਪ੍ਰਤੀਕਾਤਮਿਕਤਾ ਦੀ ਤਹਿ ਵਿਚ ਛੁਪੇ ਮੂਲ਼ ਸਿਰਜਣਾਤਮਿਕ ਤਰਕ ਨੂੰ ਸਮਝਣ ਅਤੇ ਇਸ ਤਰਕ ਦੇ ਸਭਿਆਚਾਰਕ ਤੇ ਗਿਆਨ-ਸ਼ਾਸਤਰੀ ਆਧਾਰਾਂ ਦੀ ਤਲਾਸ਼ ਕਰਨ ਵਿਚ ਹੈ। ਇਸ ਕਰਕੇ ਸਮਕਾਲੀ ਸਾਹਿਤ ਸਮੀਖਿਆ ਇਕ ਪਾਸੇ ਤਾਂ ਮਨੁੱਖ ਦੀ ਪ੍ਰਤੱਖਣ ਪ੍ਰਕਿਰਿਆ ਦੇ ਮਿੱਥਕੀ ਚਰਿੱਤਰ ਨੂੰ ਉਘਾੜਨ ਲਈ ਯਤਨਸ਼ੀਲ ਹੈ ਅਤੇ ਦੂਜੇ ਪਾਸੇ ਮਿੱਥ ਦੀ ਪੇਸ਼ਕਾਰੀ ਦੇ ਸੁਹਜਾਤਮਿਕ ਅਤੇ ਕਲਾਤਮਿਕ ਰੂਪਾਂ ਨੂੰ, ਉਨ੍ਹਾਂ ਦੀਆਂ ਵਿਲੱਖਣਤਾਵਾਂ ਅਤੇ ਵਿਸ਼ਸ਼ਟਤਾਵਾਂ ਵਿਚ ਉਘਾੜਨ ਦੀ ਕੋਸ਼ਿਸ਼ ਕਰਦੀ ਹੈ। ਇਸ ਲਿਹਾਜ਼ ਨਾਲ਼ ਸੋਚਿਆਂ ਸਪਸ਼ਟ ਹੋ ਜਾਂਦਾ ਹੈ ਕਿ ਸਮਕਾਲੀ ਸਾਹਿਤ ਸਮੀਖਿਆ ਮਿੱਥ ਨੂੰ ਮਾਨਵੀ ਚੇਤਨਾ ਦੇ ਉਨ੍ਹਾਂ ਮੂਲ਼ਭੂਤ ਪ੍ਰਵਚਨਾਂ ਵਿਚ ਸ਼ਾਮਲ ਕਰਦੀ ਹੈ ਜਿਹੜੇ ਮਾਨਵੀ ਸਿਰਜਣਾ ਦੇ ਸ੍ਰੋਤ ਵੀ ਹਨ ਅਤੇ ਮਾਨਵੀ ਵਿਵਹਾਰ ਦੇ ਪ੍ਰਗਟਾਅ-ਮੂਲ਼ ਤੱਤ ਵੀ ਹਨ। ਇਸੇ ਕਰਕੇ ਹੀ ਸਾਹਿਤ ਸਮੀਖਿਆ ਦਾ ਮਿੱਥ-ਸ਼ਾਸਤਰੀ ਪਰਿਪੇਖ ਸਾਹਿਤਕ ਰਚਨਾ ਦੀ ਹੋਂਦ ਵਿਧੀ ਦੇ ਮਸਲੇ ਨੂੰ ਪਰਾ-ਇਤਿਹਾਸਕ ਅਤੇ ਪਰਾ-ਪ੍ਰਸੰਗਿਕ ਨੁਕਤੇ ਤੋਂ ਸਮਝਦਾ ਹੋਇਆ ਮਨੁੱਖ ਦੀਆਂ ਆਦਿ ਕਾਲੀਨ-ਵ੍ਰਿਤੀਆਂ ਅਤੇ ਸਮਕਾਲੀ ਇਤਿਹਾਸਕਤਾ ਦੇ ਦਵੰਦ ਵਿਚੋਂ ਪੇਸ਼ ਹੁੰਦੀ ਤਸਲੀਮ ਕਰਦਾ ਹੈ।


**1. ਰੋਲਾਂ ਬਾਰਤ ਦਾ ਮਿੱਥ-ਚਿੰਤਨ**

ਮਿੱਥ ਦੇ ਸਾਹਿਤਕ ਪਰਿਪੇਖ ਵਿਚ ਫਰਾਂਸੀਸੀ ਸਾਹਿਤ-ਚਿੰਤਕ ਰੋਲਾਂ ਬਾਰਤ(Roland Barthes) ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਸਨੇ ਸਮਕਾਲੀ ਸਾਹਿਤਕ, ਸਭਿਆਚਾਰਕ, ਵਪਾਰਕ ਅਤੇ ਇਸ਼ਤਿਹਾਰਬਾਜ਼ੀ ਨਾਲ਼ ਸੰਬੰਧ ਰੱਖਦੇ ਮੂਲ਼ ਰਚਨਾਤਮਿਕ ਮਸਲਿਆਂ ਨੂੰ ਮਿੱਥ ਸਿਰਜਣਾ ਦੀ ਵਿਧੀ ਰਾਹੀਂ ਸਮਝ ਕੇ ਮਿੱਥ ਦੀ ਪ੍ਰਤੱਖਣ ਅਤੇ ਪ੍ਰਸਾਰਣ ਵਿਧੀ ਦੇ ਅਨੁਸਾਰ ਵਿਸ਼ਲੇਸ਼ਣ ਕੀਤਾ ਹੈ। ਉਸਨੇ ਮਿੱਥ ਨੂੰ ਅਜਿਹੀ ਚਿਹਨਾਤਮਿਕ ਕੋਟੀ ਵਜੋਂ ਪੇਸ਼ ਕੀਤਾ ਹੈ ਜੋ ਕਿ ਮਨੁੱਖ ਦੀਆਂ ਸਮੁੱਚੀਆਂ ਸਿਰਜਣਾਵਾਂ ਦਾ ਆਧਾਰ-ਬਿੰਦੂ ਹੈ। ਰੋਲਾਂ ਬਾਰਤ ਅਨੁਸਾਰ ਸਾਡੀਆਂ ਸਮੁੱਚੀਆਂ ਸਾਹਿਤਕ, ਕਲਾਤਮਿਕ, ਵਪਾਰਿਕ ਆਦਿ ਸਿਰਜਣਾਵਾਂ, ਸਮਕਾਲੀ ਪੈਟੀ-ਬੁਰਜਵਾ ਚੇਤਨਾ ਦੀ ਮਿੱਥ ਨੂੰ ਪੇਸ਼ ਕਰਦੀਆਂ ਹਨ। ਇਸ ਕਰਕੇ ਇਨ੍ਹਾਂ ਮਿੱਥਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਸਮੂਹਿਕ ਪ੍ਰਤਿਨਿਧਤਾ ਅਤੇ ਵਿਸ਼ਵਾਸ, ਪੈਟੀ-ਬੁਰਜਵਾ

ਕਲਚਰ ਨੂੰ ਸਰਬ ਵਿਆਪਕ ਪ੍ਰਕਿਰਤੀ ਦੇ ਰੂਪ ਵਿਚ ਰੂਪਾਂਤ੍ਰਿਤ ਕਰਨ ਲਈ ਯਤਨਸ਼ੀਲ ਹੈ। ਆਪਣੇ ਇਸ ਵਿਸ਼ਲੇਸ਼ਣ ਲਈ ਰੋਲਾਂ ਬਾਰਤ ਚਿਹਨ ਵਿਗਿਆਨ ਦੇ ਅਨੁਸ਼ਾਸਨ ਦੀ ਵਰਤੋਂ ਕਰਦਾ ਹੈ। ਉਹ, ਇਸ ਵਿਧੀ ਦੀ ਸਮਰੱਥਾ ਨੂੰ ਸਵੀਕਾਰਦਾ ਹੋਇਆ ਇਸ ਨੂੰ ਹੋਰ ਅਨੁਸ਼ਾਸਨਾਂ 'ਤੇ ਲਾਗੂ ਕਰਨ ਲਈ ਬੁਨਿਆਦੀ ਨਿਯਮਾਂ ਦਾ ਨਿਰੂਪਣ ਕਰਦਾ ਹੈ। ਉਸ ਅਨੁਸਾਰ ਚਿਹਨ ਵਿਗਿਆਨ ਦਾ ਪ੍ਰਯੋਜਨ ਹਰ ਤਰ੍ਹਾਂ ਦੇ ਚਿਹਨਾਂ ਦੇ ਪ੍ਰਬੰਧ ਦੀ ਸਿਰਜਣਾ ਹੈ ਜਿਵੇਂ ਰਹੁ-ਰੀਤਾਂ, ਮਰਯਾਦਾਵਾਂ, ਸੰਗੀਤਮਈ ਧੁਨੀਆਂ, ਵਸਤਾਂ ਤੇ ਬਿੰਬ ਆਦਿ ਦੀ ਸਾਰਥਿਕਤਾ ਦਾ ਆਧਾਰ ਵੀ ਭਾਸ਼ਾ ਵਾਂਗ ਚਿਹਨੀਕਰਣ ਦੀ ਪ੍ਰਕਿਰਿਆ ਹੀ ਹੈ। ਚਿਹਨੀਕਰਣ ਦੀ ਪ੍ਰਕਿਰਿਆ ਦੇ ਚਾਰ ਤੱਤ ਰੋਲਾਂ ਬਾਰਤ ਨੇ ਤਸਲੀਮ ਕੀਤੇ ਹਨ :

(ੳ) ਭਾਸ਼ਾ ਤੇ ਉਚਾਰ (Language and speech))
(ਅ) ਚਿਹਨਕ ਅਤੇ ਚਿਹਨਤ(signifier and signified)
(ੲ) ਵਿਨਿਆਸ ਕ੍ਰਮ ਤੇ ਸਿਸਟਮ (Syntygm and system)
(ਸ) ਵਾਚਾਰਥ ਤੇ ਸ਼ਬਦਾਅਰਥ (Denotation and Connotation)

ਸੋਸਿਊਰ ਦਾ ਚਿਹਨ ਵਿਗਿਆਨ ਜਿਥੇ ਇਕਹਿਰੇ ਪ੍ਰਬੰਧ ਦੀ ਪਰਿਕਲਪਨਾ ਉਪਰ ਆਧਾਰਿਤ ਹੈ, ਉਥੇ ਰੋਲਾਂ ਬਾਰਤ, ਚਿਹਨਕੀਕਰਣ ਦੀ ਪ੍ਰਕਿਰਿਆ ਨੂੰ ਚਿਹਨ-ਪ੍ਰਬੰਧ ਦੇ ਦੂਜੈਲੇ ਕ੍ਰਮ ਵਿਚ ਵਿਦਮਾਨ ਮੰਨਦਾ ਹੈ। ਪਹਿਲਾ ਕ੍ਰਮ ਭਾਸ਼ਾਈ ਚਿਹਨਾਂ ਦਾ ਹੈ, ਜਿਸ ਅਧੀਨ ਭਾਸ਼ਾਈ ਚਿਹਨਕ ਤੇ ਚਿਹਨਤ ਹੁੰਦੇ ਹਨ ਜਦੋਂ ਕਿ ਦੂਜਾ ਕ੍ਰਮ ਪਰਾ-ਭਾਸ਼ਕ (Meta-Lingual) ਚਿਹਨਾ ਦਾ ਹੈ ਜਿਸ ਵਿਚ ਚਿਹਨਤ, ਚਿਹਨਕ ਬਣਕੇ ਸੰਕੇਤਕ ਅਰਥ ਦੀ ਸਿਰਜਣਾ ਕਰਦਾ ਹੈ ਜੋ ਵਿਸ਼ੇਸ਼ ਸਿਧਾਂਤਿਕ ਅਰਥਾਂ ਦਾ ਸੰਚਾਰ ਕਰਦੇ ਹਨ। ਚਿਹਨੀਕਰਣ ਦੀ ਪ੍ਰਕਿਰਿਆ ਦੋ ਪੱਧਰਾਂ 'ਤੇ ਹੋਣ ਕਰਕੇ ਪਹਿਲੇ ਪੱਧਰ 'ਤੇ ਉਹ ਭਾਸ਼ਾ ਨੂੰ ਲੈਂਦਾ ਹੈ ਜੋ ਕਿ ਤਲਾਸ਼ ਦਾ ਪ੍ਰਬੰਧ ਹੈ ਤੇ ਦੂਜੇ ਪੱਧਰ ਤੇ ਚਿਹਨੀਕਰਣ ਦੀ ਪ੍ਰਕਿਰਿਆ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਜੋ ਪਰਾ-ਭਾਸ਼ਾਈ ਹੈ।[19] ਇਸ ਵਿਧੀ ਨੂੰ ਉਸਨੇ ਆਧੁਨਿਕ ਸਮੇਂ ਦੀਆਂ ਮਿੱਥਾਂ ਦੇ ਅਧਿਐਨ ਲਈ ਬਾਖੂਬੀ ਵਰਤਿਆ ਹੈ। ਚਿਹਨਾ ਦੇ ਪ੍ਰਬੰਧ, ਜਿਨ੍ਹਾਂ ਵਿਚ ਖਾਣ-ਪੀਣ ਦੀ ਰਵਾਇਤ, ਕਪੜੇ ਪਾਉਣ, ਛੁੱਟੀਆਂ 'ਤੇ ਜਾਣ ਆਦਿ ਪੈਟੀ ਬੁਰਜਵਾ ਵਰਤਾਰੇ ਨੂੰ ਰੋਲਾਂ ਬਾਰਤ ਮਿੱਥ ਦਾ ਨਾਂ ਦਿੰਦਾ ਹੈ ਜਿਹੜਾ ਸਿੱਧੇ ਰੂਪ ਵਿਚ ਖੁਦਮੁਖਤਾਰ ਅਰਥ ਤਾਂ ਗ੍ਰਹਿਣ ਨਹੀਂ ਕਰਦਾ ਬਲਕਿ ਚਿਹਨੀਕਰਣ ਦੇ ਕਿਸੇ ਹੋਰ ਪ੍ਰਸੰਗ ਰਾਹੀਂ ਪ੍ਰੇਰਤ ਹੁੰਦਾ ਹੈ। ਸਥਾਪਤ ਬੁਰਜੂਆ ਕਲਚਰ ਜਦੋਂ ਵਿਸ਼ੇਸ਼ ਪ੍ਰਸੰਗ ਵਿਚ ਚਿਹਨਾਂ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ ਤਾਂ ਰੋਲਾਂ ਬਾਰਤ ਇਸ ਨੂੰ 'ਭਰਿਆ ਹੋਇਆ ਅਰਥ' ਆਖਦਾ ਹੈ। ਚਿਹਨੀਕਰਣ ਦੀ ਇਸ ਧਾਰਨਾ ਅਨੁਸਾਰ ਆਧੁਨਿਕ ਮਿੱਥ, ਜਿਸ ਵਿਚ ਖਾਣ-ਢੰਗ, ਪਹਿਨਣ-ਢੰਗ ਆਦਿ ਸ਼ਾਮਲ ਹੈ, ਦੀ ਤਹਿ ਵਿਚ ਛੁਪੇ ਅਰਥਾਂ ਨੂੰ ਉਜਾਗਰ ਕਰਨ ਲਈ ਰੋਲਾਂ ਬਾਰਤ ਇਸ ਪ੍ਰਕਾਰ ਖਾਕਾ ਉਲੀਕਦਾ ਹੈ:



ਇਸ ਚਿੱਤਰ ਅਨੁਸਾਰ ਭਾਸ਼ਕ ਚਿਹਨ ਦੇ ਪ੍ਰਾਥਮਿਕ ਚਿਹਨੀਕਰਣ ਤੋਂ ਬਾਅਦ ਦੂਜੈਲਾ ਚਿਹਨੀਕਰਣ ਹੁੰਦਾ ਹੈ ਜਿਸ ਰਾਹੀਂ ਮਿੱਥ ਦੀ ਸਿਰਜਣਾ ਹੁੰਦੀ ਹੈ। ਇਹ ਮਿੱਥ ਇਤਿਹਾਸਕ ਸੱਚ
ਨੂੰ ਪੇਸ਼ ਕਰਦੀ ਹੈ। ਸੰਸਾਰਿਕ ਪ੍ਰਪੰਚ ਭਾਸ਼ਾ ਵਿੱਚ ਕਿਰਿਆਵਾਂ ਦੇ ਰਿਸ਼ਤੇ ਤੇ ਮਨੁੱਖੀ ਕਾਰਜਾਂ ਦੇ ਦਵੰਦਾਤਮਿਕ ਰਿਸ਼ਤੇ ਰਾਹੀਂ ਪੇਸ਼ ਹੁੰਦੇ ਹਨ ਅਤੇ ਮਿੱਥ ਰਾਹੀਂ ਸਾਰ (essence) ਦੇ ਪ੍ਰਚਲਨ ਦੇ ਰੂਪ ਵਿਚ ਪ੍ਰਸਾਰਤ ਹੁੰਦੇ ਹਨ।[20]

ਆਪਣੀ ਪ੍ਰਸਿੱਧ ਪੁਸਤਕ 'Writing Degree Zero' ਵਿਚ ਰੋਲਾਂ ਬਾਰਤ ਚਿਹਨੀਕਰਣ ਦੀ ਪ੍ਰਕਿਰਿਆ 'ਤੇ ਚਰਚਾ ਕਰਦਾ ਹੋਇਆ ਰਚਨਾ ਦੀਆਂ ਸਾਹਿਤਕ ਜੁਗਤਾਂ ਨੂੰ ਚਿਹਨਕ ਮੰਨਦਾ ਹੈ। ਬਾਰਤ ਅਨੁਸਾਰ ਸਮੇਂ ਦੇ ਪਰਿਵਰਤਨ ਨਾਲ਼ ਨਾ ਕੇਵਲ ਵਿਚਾਰਾਂ ਦਾ ਹੀ ਵਿਕਾਸ ਹੁੰਦਾ ਹੈ ਸਗੋਂ ਸਾਹਿਤਕ ਭਾਸ਼ਾ ਵਿਚ ਵੀ ਇਕ ਵਿਸ਼ੇਸ਼ ਕਿਸਮ ਦਾ ਨੈਤਿਕ ਸੰਕਟ ਉਤਪੰਨ ਹੁੰਦਾ ਰਹਿੰਦਾ ਹੈ। ਜਦੋਂ ਭਾਸ਼ਾ ਸਾਮਿਅਕ ਚੇਤਨਾ ਰਾਹੀਂ ਉਤਪੰਨ ਹੋਏ ਭਾਵ-ਮੰਡਲ ਦਾ ਸੰਚਾਰ ਕਰਨ ਤੋਂ ਅਸਮਰਥ ਹੋ ਜਾਂਦੀ ਹੈ ਤਾਂ ਸਾਹਿਤਕ ਚਿਹਨੀਕਰਨ ਦੇ ਰੂਪ ਵਿਚ ਪੁਰਾਤਨ ਭਾਸ਼ਾਈ ਇਕਾਈਆਂ ਅਲੋਪ ਹੋ ਜਾਂਦੀਆਂ ਹਨ ਤੇ ਨਵੀਆਂ ਦੀ ਸਿਰਜਣਾ ਹੋਣ ਲੱਗ ਪੈਂਦੀ ਹੈ ਜੋ ਕਿ ਇਤਿਹਾਸਕ ਪ੍ਰਵਾਹ ਵਿਚ ਵਰਤਮਾਨ ਦੇ ਅਨੁਸਾਰ ਹੁੰਦੀ ਹੈ। ਭਾਸ਼ਾ ਦੇ ਪਹਿਲੇ ਕ੍ਰਮ ਦੇ ਚਿਹਨ ਪ੍ਰਬੰਧ ਵਿਚ ਚਿਹਨਤ, ਸਥਾਪਤ ਵਿਚਾਰਧਾਰਾ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ ਜਿਸ ਕਰਕੇ ਹਰੇਕ ਸਾਹਿਤਕ ਰਚਨਾ ਦਾ ਵਾਸਤਵਿਕ ਭਾਵ ਉਸਦੇ ਸੰਕੇਤਕ ਅਰਥਾਂ ਰਾਹੀਂ ਚਿਹਨ ਪ੍ਰਬੰਧ ਦੇ ਦੂਜੈਲੇ ਕ੍ਰਮ ਵਿਚੋਂ ਹੀ ਲੱਭਿਆ ਜਾ ਸਕਦਾ ਹੈ।

ਰੋਲਾਂ ਬਾਰਤ ਨੇ ਆਪਣੀ ਇਕ ਹੋਰ ਬਹੁ-ਚਰਚਿਤ ਪੁਸਤਕ S/Z ਵਿਚ ਚਿਹਨ ਵਿਗਿਆਨਕ ਵਿਧੀ ਰਾਹੀਂ ਸਾਹਿਤਕ ਰਚਨਾ ਦੇ ਨਿਆਇ ਧਰਾਤਲ ਨੂੰ ਚਿਹਨੀਕਰਨ ਦੀ ਗਤੀਸ਼ੀਲ ਪ੍ਰਕਿਰਿਆ ਦੇ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਬਾਰਤ ਦੀ ਸਥਾਪਨਾ ਅਨੁਸਾਰ ਸਾਹਿਤਕ ਰਚਨਾ ਦੀ ਭਾਸ਼ਾ ਵਿਚਲੇ ਚਿਹਨਕ ਪਾਰਦਰਸ਼ੀ ਪ੍ਰਕਿਰਤੀ ਰੱਖਦੇ ਹਨ ਅਤੇ ਵਸਤੂ-ਜਗਤ ਦੇ ਪ੍ਰਪੰਚਾਂ ਨੂੰ ਵਿਸ਼ੇਸ਼ ਵਿਚਾਰਧਾਰਕ ਸੇਧ ਅਧੀਨ ਪੇਸ਼ ਕਰਦੇ ਹਨ। ਸਾਹਿਤ ਦੀ ਸਿਰਜਣਾਤਮਿਕ ਕਲਾਤਮਿਕਤਾ ਦੀ ਪਹਿਚਾਣ ਲੇਖਕ ਦੁਆਰਾ ਨਹੀਂ ਸਗੋਂ ਪਾਠਕ ਦੁਆਰਾ ਹੁੰਦੀ ਹੈ। ਪਾਠਕ, ਸਹਿਤਕ ਪਾਠ ਨੂੰ ਭੋਗ ਕੇ ਹੀ ਪਾਠ ਦਾ ਕਲਾਤਮਿਕ ਆਨੰਦ ਹਾਸਲ ਕਰਦਾ ਹੈ ਜੋ ਕਿ ਪਾਠਕ ਦੀ ਪ੍ਰਕਿਰਤੀ ਉਪਰ ਨਿਰਭਰ ਕਰਦਾ ਹੈ। ਪੜ੍ਹਨਯੋਗ ਪਾਠ (Readerly texts) ਪਾਠਕ ਨੂੰ ਸਹਿਜੇ ਹੀ ਆਨੰਦ ਪ੍ਰਦਾਨ ਕਰਦੇ ਹਨ ਅਤੇ ਪਾਠਕ ਆਮ ਕਰਕੇ ਉਪਭੋਗਤਾ ਵਾਂਗ ਹੀ ਸਾਹਿਤਕ ਰਚਨਾ ਨੂੰ ਭੋਗਦਾ ਹੈ। ਇਸਦੇ ਉਲ਼ਟ ਲਿਖਣਯੋਗ ਪਾਠ ਅਜਿਹੀਆਂ ਅਜਨਬੀਕ੍ਰਿਤ ਰਚਨਾਵਾਂ ਹੁੰਦੀਆਂ ਹਨ ਜਿਹੜੀਆਂ ਅਰਥ ਉਤਪਾਦਨ ਦੀ ਮੁਹਿੰਮ ਵਜੋਂ ਪਾਈਆਂ ਜਾਂਦੀਆਂ ਹਨ[21] ਸਾਹਿਤਕ ਪਾਠਾਂ ਦੀ ਅਜਿਹੀ ਵੰਡ ਕਰਦਾ ਹੋਇਆ ਰੋਲਾਂ ਬਾਰਤ ਪੜ੍ਹਨਯੋਗ ਪਾਠਾਂ ਨੂੰ ਵਧੇਰੇ ਅਹਿਮੀਅਤ ਪ੍ਰਦਾਨ ਕਰਦਾ ਹੈ ਅਤੇ ਹਰ ਪ੍ਰਕਾਰ ਦੀਆਂ ਕਲਾਸਕੀ ਰਚਨਾਵਾਂ ਨੂੰ ਪੜ੍ਹਨਯੋਗ ਪਾਠ ਸਵੀਕਾਰ ਕਰਦਾ ਹੈ। ਜੇਕਰ ਸਾਹਿਤ-ਰਚਨਾ ਸਮੇਂ ਲੇਖਕ ਲਈ ਸਾਹਿਤ-ਯੋਗਤਾ ਜ਼ਰੂਰੀ ਹੈ ਤਾਂ ਪਾਠਕ ਕੋਲ ਵੀ ਸਾਹਿਤਕ-ਰਚਨਾ ਨੂੰ ਸਮਝਣ ਲਈ ਸਾਹਿਤ-ਯੋਗਤਾ ਲਾਜਮੀ ਹੈ ਅਤੇ ਇਹ ਸਾਹਿਤ ਯੋਗਤਾ ਵੱਖ ਵੱਖ ਪਾਠਕਾਂ ਦੀ ਸਮਝਣ ਦੀ ਸਮਰਥਾ ਅਨੁਸਾਰ ਵੱਖ ਵੱਖ ਹੋਵੇਗੀ। ਇਸ ਤਰ੍ਹਾਂ ਵੱਖ ਵੱਖ ਪਾਠਕ ਸਾਹਿਤ-ਅਧਿਐਨ ਸਮੇਂ ਚਿਹਨਾਂ ਨੂੰ ਅਪਣਾਉਂਦੇ ਹੀ ਨਹੀਂ ਉਹ ਚਿਹਨ ਸਿਰਜਣ ਦੀ ਵਿਧੀ ਰਾਹੀਂ ਨਵੇਂ ਅਰਥਾਂ ਦੀ ਸਿਰਜਣਾ ਵੀ ਕਰਦੇ ਹਨ ਜਿਨ੍ਹਾਂ ਰਾਹੀਂ ਸਾਹਿਤਕ ਆਨੰਦ ਦੀ ਪੂਰਤੀ ਹੁੰਦੀ ਹੈ।

ਇਹ ਪ੍ਰਕਿਰਿਆ, ਸਾਹਿਤ-ਸਿਰਜਣਾ ਦੇ ਕਾਰਜ ਵਾਂਗ ਮਿੱਥ-ਸਿਰਜਣਾ ਦੇ ਅਨੁਰੂਪ

ਹੋਣ ਕਰਕੇ, ਮਿੱਥ ਦੀ ਹੋਂਦ ਦੇ ਅਨੁਸਾਰ ਹੀ ਆਪਣੀ ਹੋਂਦ-ਵਿਧੀ ਅਤੇ ਸੰਚਾਰ ਵਿਧੀ ਨੂੰ ਧਾਰਨ ਕਰਦੀ ਹੈ। ਸਾਹਿਤ-ਪਾਠ ਦੀ ਉਪਰੋਕਤ ਵਿਧੀ ਰਾਹੀਂ ਹੀ ਨਵੇਂ ਅਰਥਾਂ ਦੀ ਸਿਰਜਣਾ ਹੋਣ ਦੀ ਹਮੇਸ਼ਾਂ ਗੁੰਜਾਇਸ਼ ਰਹਿੰਦੀ ਹੈ ਅਤੇ ਨਵੇਂ ਰੂਪ ਵਿਚ ਸਾਹਿਤਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

**2. ਨਾਰਥੋ ਫਰਾਈ ਦਾ ਸਮੀਖਿਆ ਸ਼ਾਸਤਰੀ ਮਿੱਥ-ਚਿੰਤਨ :**

ਨਾਰਥੋ ਫਰਾਈ ਨੇ ਅਮਰੀਕਨ ਨਵ-ਸਮੀਖਿਆ ਅਤੇ ਤਤਕਾਲੀਨ ਜਰਮਨ ਮਨੋਵਿਸ਼ਲੇਸ਼ਣ ਦੇ ਸੰਯੋਗ ਵਿਚੋਂ ਆਪਣੇ ਸਿਧਾਂਤਾਂ ਦੀ ਸਿਰਜਣਾ ਕੀਤੀ ਹੈ। ਇਸ ਕਰਕੇ ਨਾਰਥੋ ਫਰਾਈ ਦਾ ਮਿੱਥ-ਚਿੰਤਨ ਇਕ ਪਾਸੇ ਤਾਂ ਮਨੋਵਿਸ਼ਲੇਸ਼ਣੀ ਜੁਗਤਾਂ ਨੂੰ ਮਹੱਤਵ ਦੇ ਕੇ ਮਿੱਥ ਦੇ ਸਿਰਜਣਧਾਰੀ ਸ੍ਰੋਤਾਂ ਦੀ ਥਾਹ ਪਾਉਣ ਲਈ ਯਤਨਸ਼ੀਲ ਹੈ ਅਤੇ ਦੂਜੇ ਪਾਸੇ ਨਵ-ਅਮਰੀਕੀ ਆਲੋਚਨਾ ਦੇ ਰੂਪਵਾਦੀ ਚਰਿੱਤਰ ਦੇ ਪ੍ਰਭਾਵ ਅਧੀਨ ਸਾਹਿਤਕ ਪਾਠਾਂ ਦੀਆਂ ਮਿੱਥਕੀ ਜੁਗਤਾਂ ਦੀ ਖੁਦਮੁਖਤਾਰੀ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਬਹੁਤ ਹੀ ਪ੍ਰਸਿੱਧ ਧਾਰਨਾ "ਪੁਸਤਕਾਂ ਵਿਚੋਂ ਪੁਸਤਕਾਂ ਪੈਦਾ ਹੁੰਦੀਆਂ ਹਨ" ਦੀ ਸੰਕਲਪਨਾ ਦਾ ਆਧਾਰ ਵੀ ਇਸੇ ਦਵੰਦ ਵਿਚੋਂ ਹੀ ਲੱਭਿਆ ਜਾ ਸਕਦਾ ਹੈ ਕਿ ਪੁਸਤਕ ਜਾਂ ਮਾਨਵੀ ਸਿਰਜਣਾ ਇਕ ਪਾਸੇ ਤਾਂ ਖੁਦਮੁਖਤਾਰ ਵੀ ਹੈ ਅਤੇ ਦੂਜੇ ਪਾਸੇ ਉਸਦੇ ਆਦਿ-ਸ੍ਰੋਤ ਹੋਰ ਪੁਸਤਕਾਂ ਵਿਚ ਮੌਜੂਦ ਹਨ। ਸਪਸ਼ਟ ਰੂਪ ਵਿਚ ਫਰਾਈ ਦੀ ਧਾਰਨਾ ਉਸਨੂੰ ਇਕ ਪਾਸੇ ਤਾਂ ਰੂਸੀ ਰੂਪਵਾਦੀ ਚਿੰਤਕ ਸ਼ਕਲੋਵਸਕੀ ਦੇ "ਸਾਹਿਤ ਦੇ ਅਜਨਬੀਕ੍ਰਿਤ ਚਰਿੱਤਰ" ਤੋਂ ਦੂਰ ਲੈ ਜਾਂਦੀ ਹੈ ਅਤੇ ਦੂਜੇ ਪਾਸੇ ਫਰਾਇਡ ਦੇ 'ਦਮਨ ਤੇ ਸਿਰਜਣਾ' ਜਾਂ ਸੀ. ਜੀ. ਯੁੰਗ ਦੇ 'ਆਰਕੀਟਾਈਪ ਅਤੇ ਸਿਰਜਣਾ' ਤੋਂ ਨਿਖੇੜਦੀ ਹੈ। ਜੇਕਰ ਗੰਭੀਰਤਾ ਨਾਲ਼ ਵਿਚਾਰਿਆ ਜਾਵੇ ਤਾਂ ਨਾਰਥੋ ਫਰਾਈ ਲਈ ਸਮਕਾਲੀ ਸਿਰਜਣਾਵਾਂ ਮਨੁੱਖ ਦੀ ਕਾਵਿਕ ਪਰਿਕਲਪਨਾ 'ਤੇ ਆਧਾਰਿਤ ਮਿੱਥਕ ਯਥਾਰਥ (Mythopoeic reality) ਨੂੰ ਸਿਰਜਣ ਦੀ ਅਭਿਲਾਸ਼ਾ ਅਤੇ ਸਰਗਰਮ ਯਤਨਾਂ ਦਾ ਸਿੱਟਾ ਹਨ। ਇਸ ਕਰਕੇ ਫਰਾਈ ਵਾਸਤੇ ਮਾਨਵੀ ਪ੍ਰਵਚਨ ਮੂਲ਼ ਰੂਪ ਵਿਚ ਇਕ ਪ੍ਰਤੀਕਾਤਮਿਕ ਪ੍ਰਬੰਧ ਦੇ ਰੂਪ ਵਿਚ ਗਤੀਸ਼ੀਲ ਹੋਣ ਵਾਲਾ ਅਜਿਹਾ ਵਰਤਾਰਾ ਹੈ ਜੋ ਵਸਤੂਗਤ ਯਥਾਰਥ ਦੇ ਸਮਾਨਾਂਤਰ ਮਿੱਥਕੀ ਯਥਾਰਥ ਦੀ ਸਿਰਜਣਾ ਕਰਦਾ ਹੈ। ਉਸ ਅਨੁਸਾਰ ਸਾਹਿਤ ਅਤੇ ਸਭਿਆਤਾਵਾਂ ਦਾ ਇਤਿਹਾਸ ਮਿੱਥ ਸੰਸਾਰ (Mythology) ਦਾ ਪਿਛਲੱਗ ਹੈ। ਮਿੱਥ, ਮਨੁੱਖ ਦੀ ਸਹਿਜ ਤੇ ਆਦਿ-ਕਾਲੀਨ ਵਿਧੀ ਰਾਹੀਂ ਸਵੈ ਦੀ ਗੈਰ-ਮਾਨਵੀ ਲੋਕਾਈ ਵਿਚ ਪਹਿਚਾਣ ਸਥਾਪਤ ਕਰਨ ਦੀ ਕਲਪਣਾਸ਼ੀਲ ਕੋਸ਼ਿਸ਼ ਹੈ। ਇਸ ਦੀ ਸਰੋਬਤਮ ਮਿਸਾਲ 'ਰੱਬ-ਕੇਂਦਰਿਤ-ਕਥਾਵਾਂ' ਹਨ। ਬਾਅਦ ਵਿਚ ਮਿੱਥ-ਸੰਸਾਰ ਸਾਹਿਤ ਵਿਚ ਸ਼ਾਮਲ ਹੁੰਦਾ ਗਿਆ ਅਤੇ ਕਥਾਗਤ ਸੰਚਾਰ, ਸਾਹਿਤ ਦਾ ਸੰਰਚਨਾਤਮਿਕ ਨਿਯਮ ਬਣ ਗਿਆ।[22]

Anotomy of Criticism ਵਿਚ ਫਰਾਈ ਨੇ ਸਾਹਿਤ-ਸਿਰਜਣ ਪ੍ਰਕਿਰਿਆ ਵਿਚ ਮੋਡਜ਼ ਅਤੇ ਰੂਪਾਕਾਰਾਂ ਨੂੰ ਥੀਮੈਟਕ ਅਤੇ ਮਿੱਥਕ ਦੁਹਰਾਉ ਦੇ ਰੂਪ ਵਿਚ ਸਥਾਪਤ ਕਰਦੇ ਹੋਏ ਉਨ੍ਹਾਂ ਵਿਧੀਆਂ ਨੂੰ ਤਲਾਸ਼ਿਆ ਜਿਨ੍ਹਾਂ ਰਾਹੀਂ ਸਾਹਿਤ ਵੀ ਮਿੱਥ ਵਾਂਗ ਮੁੱਖ ਰੂਪ ਵਿਚ ਪੂਰਵ-ਚੇਤਨਾਈ ਰੀਤੀਆਂ ਉਪਰ ਜਾ ਕੇ ਰੁਕ ਜਾਂਦਾ ਹੈ। ਇਸੇ ਕਰਕੇ ਹੀ ਇਮਰੇ ਸਲੈਸਕੀ ਮੰਨਦਾ ਹੈ ਕਿ ਫਰਾਈ ਨੇ ਮਿੱਥ ਦੇ ਤਰਕ ਨੂੰ ਪਾਰਗਾਮੀ ਚਿਹਨਤ (Transcendental signified) ਦੇ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ ਜਿਹੜਾ ਕਿ ਸਮੁੱਚੀਆਂ ਸਾਹਿਤ ਸਿਰਜਣਾਵਾਂ ਵਿਚ ਦਾਰਸ਼ਨਿਕ ਧੁਰੇ ਦੇ ਰੂਪ ਵਿਚ ਕੰਮ ਕਰਦਾ ਹੈ।[23]

ਮਿੱਥ-ਸਿਰਜਣਾ ਅਤੇ ਸਾਹਿਤ ਦੇ ਆਪਸੀ ਰਿਸ਼ਤੇ ਨੂੰ ਫਰਾਈ ਨੇ ਦੋ ਵੱਖ ਵੱਖ

ਰੂਪਾਕਾਰਕਾਂ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ .ਪਹਿਲਾ ਹੈ; ਮੋਡਜ਼ ਦਾ ਪ੍ਰਬੰਧ ਅਤੇ ਦੂਜਾ ਹੈ, ਰੂਪਾਂ ਦਾ ਪ੍ਰਬੰਧ। ਮੋਡਜ਼ ਦੇ ਪ੍ਰਬੰਧ ਵਿਚ ਲੇਖਕ, ਮਿੱਥ ਦੇ ਬਹੁ-ਕਾਲਿਕ ਸਰੋਕਾਰਾਂ ਨੂੰ ਪੇਸ਼ ਕਰਦਾ ਹੋਇਆ ਸਾਹਿਤ ਦੇ ਉਨ੍ਹਾਂ ਤੱਤਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਨ੍ਹਾਂ ਰਾਹੀਂ ਸਾਹਿਤ-ਸਿਰਜਣਾ, ਯਥਾਰਥ ਨੂੰ ਪ੍ਰਤੱਖਣ ਦੀ ਜੁਗਤ ਦੇ ਰੂਪ ਵਿਚ ਵਰਤਦੇ ਪ੍ਰਤੀਤ ਹੁੰਦੇ ਹਨ। ਉਹ ਮੁੱਖ ਰੂਪ ਵਿਚ ਤਿੰਨ ਮੋਡਜ਼ ਬਾਰੇ ਚਰਚਾ ਕਰਦਾ ਹੈ ਜਿਵੇਂ ਦੁਖਾਂਤ ਮੋਡਜ਼, ਸੁਖਾਂਤ ਮੋਡਜ਼ ਅਤੇ ਥੀਮੈਟਿਕ ਮੋਡਜ਼। ਦੁਖਾਂਤ ਮੋਡਜ਼ ਵਿਚ ਮੁੱਖ ਰੂਪ ਵਿਚ ਉਚ ਪੱਧਰ ਦਾ ਅਰਥ-ਭਾਵ ਛੁਪਿਆ ਹੋਇਆ ਹੈ ਜਿਸ ਵਿਚ ਰਹਿਨੁਮਾ ਦੇ ਪਤਨ ਦੇ ਪ੍ਰਵਚਨ ਦੀ ਸਿਰਜਣਾ ਕੀਤੀ ਜਾਂਦੀ ਹੈ। ਦੁਨੀਆਂ ਭਰ ਦਾ ਦੁਖਾਂਤ ਸਾਹਿਤ ਮਾਨਵੀ ਹੋਂਦ ਦੇ ਸੀਮਤ ਅਸਤਿਤਵ ਦੇ ਸੰਕਟ ਦੇ ਤਰਕ ਨੂੰ ਉਪਰੋਕਤ ਮਿੱਥਕ-ਪ੍ਰਤੀਕ ਦੇ ਰੂਪ ਵਿਚ ਸਮਝਦਾ ਹੈ। ਸੁਖਾਂਤਿਕ ਮੋਡਜ਼ ਅਧੀਨ ਮੁੱਖ ਰੂਪ ਵਿਚ ਸਮਾਜਿਕ ਇਕਮੁਠਤਾ ਦੀ ਤਾਕਤ ਨੂੰ ਪੇਸ਼ ਕਰਨ ਦੀ ਰੁਚੀ ਅਧੀਨ ਰੁਮਾਂਟਿਕ ਪ੍ਰਵਿਰਤੀਆਂ ਦੇ ਸੰਕਟਾਂ ਅਤੇ ਇਨਾਂ ਸੰਕਟਾਂ ਦੀ ਨਵਿਰਤੀ ਨੂੰ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਸਮੁੱਚੀ ਬਿਰਤਾਂਤਕ-ਧਾਰਾ ਨਾਇਕ ਦੀ ਸਥਾਪਤੀ ਜਾਂ ਉਥਾਨ ਨੂੰ ਬਿਆਨ ਕਰਨ ਲਈ ਯਤਨਸ਼ੀਲ ਰਹਿੰਦੀ ਹੈ। ਤੀਜੇ, ਥੀਮੈਟਿਕ ਮੋਡਜ਼ ਵਿਚ ਨਾਰਥੋ ਫਰਾਈ ਨੇ ਮਨੁੱਖ ਦੀ ਅਸਤਿਤਵ-ਮੂਲਕ ਪੇਸ਼ਕਾਰੀ ਦੀ ਜੁਗਤ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਹੈ ਜੋ ਆਪਣੇ ਆਪ ਵਿਚ ਆਦਿ ਕਾਲੀਨ ਵੀ ਹੈ ਅਤੇ ਆਧੁਨਿਕ ਵੀ। ਉਹ ਮਨੁੱਖੀ ਹੋਂਦ ਦੇ ਉਸ ਯਥਾਰਥ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਨਾ ਤਾਂ ਦੁਖਾਂਤਿਕ ਬਿਰਤਾਂਤਾਂ ਵਾਂਗ ਪਰਾਲੌਕਿਕ ਬ੍ਰਹਿਮੰਡ ਵਿੱਚ ਮਨੁੱਖ ਦੀਆਂ ਪ੍ਰਾਪਤੀਆਂ/ਅਪ੍ਰਾਪਤੀਆਂ ਨੂੰ ਸਥਾਪਤ ਕਰਦਾ ਸੀ ਅਤੇ ਨਾ ਹੀ ਸੁਖਾਂਤਿਕ ਸਾਹਿਤ ਵਾਂਗ ਮਨੁੱਖ ਦੀਆਂ ਰੁਮਾਂਟਿਕ ਪ੍ਰਾਪਤੀਆਂ ਦੀ ਗਾਥਾ ਨੂੰ ਪੇਸ਼ ਕਰਦਾ ਹੈ ਸਗੋਂ ਇਹ ਮਨੁੱਖ ਦੀ ਹੋਂਦ ਦੇ ਉਨ੍ਹਾਂ ਸਰਬ-ਕਾਲਿਕ ਮਸਲਿਆਂ ਨੂੰ ਪੇਸ਼ ਕਰਦਾ ਹੈ ਜੋ ਆਪਣੀ ਤਾਸੀਰ ਵਿਚ ਤਾਂ ਪਰਾ-ਇਤਿਹਾਸਕ ਅਤੇ ਪਰਾ-ਮਾਨਵੀ ਸਮਰਥਾਵਾਂ ਨਾਲ਼ ਭਰਪੂਰ ਹੁੰਦੇ ਹਨ ਪਰੰਤੂ ਦ੍ਰਿਸ਼ਟਮਾਨ ਰੂਪ ਵਿਚ ਸਮਕਾਲੀ ਸੀਮਾਵਾਂ ਤੇ ਸੰਕਟਾਂ ਵਿਚ ਘਿਰੇ ਹੁੰਦੇ ਹਨ।

ਫਰਾਈ ਦੇ ਮੱਤ ਅਨੁਸਾਰ ਸਾਹਿਤ ਦੇ ਵਿਭਿੰਨ ਰੂਪ ਮੋਡਜ਼ ਦੇ ਉਪਰੋਕਤ ਪ੍ਰਬੰਧ ਨੂੰ ਸਿਰਜਣਾਤਮਿਕਤਾ ਦੇ ਬ੍ਰਹਿਮੰਡ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਪਸ਼ਟ ਹੈ ਕਿ ਨਾਰਥੋ ਫਰਾਈ ਦੇ ਚਿੰਤਨ ਵਿਚ ਮਿੱਥ ਅਤੇ ਸਾਹਿਤ ਨੂੰ ਦੋ ਸਮਾਨਾਂਤਰ ਪ੍ਰਬੰਧਾਂ ਦੇ ਰੂਪ ਵਿਚ ਸਮਝਿਆ ਗਿਆ ਹੈ। ਉਸ ਅਨੁਸਾਰ, ਮਿੱਥ, ਇਕ ਅਜਿਹੀ ਵਿਸ਼ਵ-ਦ੍ਰਿਸ਼ਟੀ ਹੈ, ਜਿਸ ਅਨੁਸਾਰ ਮਨੁੱਖ ਆਪਣੇ ਸਵੈ, ਪਰਿਸਥਿਤੀਆਂ ਅਤੇ ਬ੍ਰਹਿਮੰਡ ਨਾਲ਼ ਸੰਬੰਧ ਰੱਖਦੇ ਅਨੇਕਾਂ ਮਸਲਿਆਂ, ਪ੍ਰਸ਼ਨਾਂ ਤੇ ਸਰੋਕਾਰਾਂ ਨੂੰ ਮੁਖਾਤਿਬ ਹੁੰਦਾ ਹੈ, ਉਹ ਨਾ ਕੇਵਲ ਇਨ੍ਹਾਂ ਮਸਲਿਆਂ ਦੇ ਸਿਰਜਣਾਤਮਿਕ ਉੱਤਰ ਤਿਆਰ ਕਰਦਾ ਹੈ, ਸਗੋਂ ਭੌਤਿਕ ਬ੍ਰਹਿਮੰਡ ਦੇ ਸਮਾਨਾਂਤਰ ਸੰਕਲਪਨਾਤਮਿਕ ਬ੍ਰਹਿਮੰਡ ਦੀ ਸਿਰਜਣਾ ਕਰਕੇ ਮਾਨਵੀ ਗਿਆਨ-ਸ਼ਾਸਤਰ ਨੂੰ ਨਵੇਂ ਸੰਦਰਭ ਪ੍ਰਦਾਨ ਕਰਦਾ ਰਹਿੰਦਾ ਹੈ। ਸਾਹਿਤ-ਸਿਰਜਣਾ ਵੀ ਮਾਨਵੀ-ਗਿਆਨ ਦੇ ਅਜਿਹੇ ਪ੍ਰਬੰਧਾਂ ਵਿਚੋਂ ਇੱਕ ਹੈ ਜਿਸਦਾ ਕੇਂਦਰੀ ਤਰਕ-ਵਿਧਾਨ, ਗਿਆਨ-ਸ਼ਾਸਤਰ ਨਾਲ਼ ਤੁਅੱਲਕ ਰੱਖਦਾ ਹੈ ਅਤੇ ਪ੍ਰਗਟਾਅ ਮੂਲਕ ਰੂਪਕੀ-ਤਰਕ ਵਿਧਾਨ ਸੁਹਜਾਤਮਿਕਤਾ ਨਾਲ਼ ਜੁੜਿਆ ਹੋਇਆ ਹੈ। ਸਪਸ਼ਟ ਹੈ ਕਿ ਸਾਹਿਤ ਦਾ ਇਹ ਦੁਪਾਸੜ ਸਰੂਪ, ਮਿੱਥ ਦੇ ਨਾਲ਼ ਨੇੜਲਾ ਰਿਸ਼ਤਾ ਕਾਇਮ ਕਰਦਾ ਹੋਇਆ, ਮਿੱਥ ਦੇ ਸਮੁੱਚੇ ਹੋਂਦ-ਮੂਲਕ ਸੰਦਰਭਾਂ ਨੂੰ ਧਾਰਨ ਕਰਨ ਦੀ ਅਸੀਮ ਸਮਰਥਾ ਗ੍ਰਹਿਣ ਕਰ ਲੈਂਦਾ ਹੈ। ਇਸ ਕਰਕੇ ਸਾਹਿਤ-ਸਮੀਖਿਆ ਦਾ ਸਮੁੱਚਾ ਪ੍ਰਯੋਜਨ ਤੇ ਪ੍ਰਕਾਰਜ ਸਾਹਿਤ ਦੇ ਇਸ ਨਿਵੇਕਲੇ ਚਰਿੱਤਰ ਦੀ ਪਹਿਚਾਣ ਕਰਨਾ ਹੈ। ਇਸੇ ਕਰਕੇ ਹੀ ਉਹ ਇਹ ਸਥਾਪਤ ਕਰਨ ਦਾ ਯਤਨ ਕਰਦਾ ਹੈ ਕਿ ਸਾਹਿਤ ਦੀ ਤਾਰਕਿਕਤਾ ਅਤੇ ਵਿਗਿਆਨਕਤਾ

ਨਾਲ਼ ਭਰਪੂਰ ਸੰਗਤੀਮੂਲਕ(coherent) ਅਤੇ ਸਰਬਾਂਗੀ(comprehensive) ਸਮੀਖਿਆ, ਭਾਵੇਂ ਅਚੇਤ ਰੂਪ ਵਿਚ ਪ੍ਰਚਲਤ ਹੋ ਗਈ ਹੈ, ਪਰੰਤੂ ਇਸਦੇ ਸਿਧਾਂਤਾਂ ਦਾ ਨਿਰੂਪਣ ਕਰਨਾ ਅਜੇ ਬਾਕੀ ਹੈ।[24] ਸਪਸ਼ਟ ਹੈ ਕਿ ਇਹ ਸਿਧਾਂਤ, ਸਾਹਿਤ ਅਤੇ ਮਿੱਥ ਦੇ ਪਰਸਪਰ ਰਿਸ਼ਤੇ ਨੂੰ ਗੰਭੀਰਤਾ ਨਾਲ਼ ਸਮਝਣ ਵਿਚ ਸਹਾਈ ਹੋਣਗੇ।

ੲ) ਮਿੱਥ-ਰੂਪਾਂਤਰਣ

ਮਿੱਥ ਦੀ ਹੋਂਦ-ਵਧੀ, ਸੰਕਲਪਨਾ, ਕਾਰਜ-ਖੇਤਰ ਅਤੇ ਪਾਸਾਰ-ਮੰਡਲ ਨਾਲ਼ ਜੁੜੇ ਹੋਏ ਮਸਲਿਆਂ ਵਿਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਬੜੀ ਅਹਿਮ ਪ੍ਰਕਿਰਿਆ ਹੈ। ਅਸਲ ਵਿਚ ਮਿੱਥ ਦੀ ਹੋਂਦ-ਵਿਧੀ ਦੇ ਆਧਾਰ-ਮੂਲਕ ਸਰੋਕਾਰਾਂ ਵਿਚ ਮਿੱਥ ਦੀ ਪ੍ਰਤੱਖਣ ਪ੍ਰਕਿਰਿਆ ਅਤੇ ਪ੍ਰਗਟਾਅ-ਮੂਲਕ ਪ੍ਰਕਿਰਿਆ ਦੀ ਆਪਣੀ ਵਿਲੱਖਣਤਾ ਤੇ ਵਿਸ਼ੇਸ਼ਤਾ ਹੈ ਜਿਸਨੂੰ ਅਸੀਂ ਮਾਨਵੀ ਵਿਵਹਾਰ ਦੀਆਂ ਅਨੰਤ ਪਰਤਾਂ ਵਿਚ ਦੇਖ ਸਕਦੇ ਹਾਂ। ਇਸੇ ਕਰਕੇ ਮਿੱਥ-ਪ੍ਰਬੰਧ ਨੂੰ ਕਦੇ ਵੀ ਬੰਦ ਪ੍ਰਬੰਧ ਨਹੀਂ ਸਮਝਿਆ ਗਿਆ ਸਗੋਂ ਇਹ ਤਾਂ ਅਜਿਹਾ ਪ੍ਰਬੰਧ ਹੈ ਜਿਸਦੀ ਗਤੀਸ਼ੀਲਤਾ ਦਾ ਘੇਰਾ ਉਸਦੀ ਸਵੈ-ਗਤੀਸ਼ੀਲਤਾ ਵਿਚ ਨਿਹਿਤ ਹੋਣ ਕਰਕੇ ਮਨੁੱਖ ਦੀਆਂ ਸਮੁੱਚੀਆਂ ਸਿਰਜਣਾਵਾਂ ਤੱਕ ਪਸਰਿਆ ਹੋਇਆ ਹੈ। ਮਿੱਥ ਦੀ ਇਸ ਵਿਲੱਖਣ ਵਿਸ਼ੇਸ਼ਤਾ ਨੂੰ ਹੀ ਅਸੀਂ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਕਹਿ ਸਕਦੇ ਹਾਂ ਜਿਸਦਾ ਕੇਂਦਰੀ ਧੁਰਾ ਮਿੱਥ ਦੀ ਉਹ ਪ੍ਰਤੱਖਣ ਤੇ ਪ੍ਰਗਟਾਅ ਪ੍ਰਕਿਰਿਆ ਹੈ ਜਿਸ ਰਾਹੀਂ ਅਸੀਂ ਯਥਾਰਥ ਦੇ ਭੌਤਿਕੀ ਸੰਦਰਭਾਂ ਨੂੰ ਆਪਣੇ ਗਿਆਨ ਸ਼ਾਸਤਰੀ ਤਰਕ-ਵਿਧਾਨ ਅਤੇ ਵਿਚਾਰਧਾਰਕ ਪ੍ਰਬੰਧ ਵਿਚ ਬੰਨ੍ਹ ਕੇ ਉਸਦੀ ਗਿਆਨ-ਮੂਲਕ ਵਿਆਖਿਆ ਕਰਦੇ ਹਾਂ। ਸਪਸ਼ਟ ਹੈ ਕਿ ਮਿੱਥ-ਰੂਪਾਂਤਰਣ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਅਸੀਂ ਯਥਾਰਥ ਦੇ ਭੌਤਿਕੀ ਪ੍ਰਸੰਗਾਂ ਨੂੰ ਮਾਨਵੀ ਚੇਤਨਾ ਦੀ ਸਰਗਰਮ ਸ਼ਮੂਲੀਅਤ ਰਾਹੀਂ ਅਜਿਹੇ ਗਿਆਨ ਸ਼ਾਸਤਰੀ ਸੰਦਰਭਾਂ ਵਿਚ ਸ਼ਾਮਲ ਕਰਕੇ ਉਸਦੇ ਭੌਤਿਕੀ ਸਰੋਕਾਰਾਂ ਦੀ ਭੌਤਿਕਤਾ ਦਾ ਤਿਆਗ ਕਰਕੇ ਉਸਦੀ ਸੰਕਲਪਾਤਮਿਕ ਹੋਂਦ ਨੂੰ ਪ੍ਰਾਥਮਿਕਤਾ ਪ੍ਰਦਾਨ ਕਰਦੇ ਹਾਂ। ਇਸ ਪ੍ਰਾਥਮਿਕਤਾ ਅਧੀਨ ਹੀ ਉਸਦੀ ਭੌਤਿਕਤਾ ਦਾ ਪੁਨਰ ਤਿਆਗ ਕਰਕੇ ਸੰਕਲਪਨਾ ਦੇ ਤਰਕ-ਵਿਧਾਨ ਅਨੁਸਾਰ ਹੀ ਉਸ ਵਰਤਾਰੇ ਦੀ ਹੋਂਦ-ਵਿਧੀ ਅਤੇ ਕਾਰਜਸ਼ੀਲਤਾ ਦੇ ਸਮੁੱਚੇ ਮਸਲਿਆਂ ਨੂੰ ਸਮਝਣ ਲਈ ਯਤਨਸ਼ੀਲ ਰਹਿੰਦੇ ਹਾਂ। ਸਿੱਟੇ ਵਜੋਂ ਯਥਾਰਥ ਦੇ ਸਿਰਜੇ ਹੋਏ ਬਿੰਬ/ਪ੍ਰਤੀਕ ਨੂੰ ਹੀ ਯਥਾਰਥ ਤਸਲੀਮ ਕਰ ਲੈਂਦੇ ਹਾਂ ਅਤੇ ਯਥਾਰਥ ਦੇ ਅਗਲੇਰੇ ਸੰਦਰਭਾਂ ਦੀ ਵਿਆਖਿਆ ਉਪਰੋਕਤ ਤਰਕ-ਵਿਧਾਨ ਅਨੁਸਾਰ ਹੀ ਕਰਨ ਲੱਗ ਪੈਂਦੇ ਹਾਂ।

ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਮਿੱਥ -ਸਿਰਜਣਾ ਦੇ ਸਮੁੱਚੇ ਸੰਦਰਭ ਵਿਚ ਮਿੱਥ-ਸੰਕਲਪਨਾ ਦਾ ਆਧਾਰ ਉਸਦੀ ਪ੍ਰਕਿਰਤੀ ਦੇ ਆਪਸੀ ਰਿਸ਼ਤੇ ਉਪਰ ਉਸਰਿਆ ਹੋਇਆ ਹੈ ਅਤੇ ਰੂਪਾਂਤਰਣ ਦੀ ਪ੍ਰਕਿਰਿਆ ਦੌਰਾਨ ਇਹ ਮਨੁੱਖ ਤੇ ਸਮਾਜ ਦੇ ਰਿਸ਼ਤੇ ਉਪਰ ਕੇਂਦਰਿਤ ਹੋ ਜਾਂਦਾ ਹੈ। ਅਸੀਂ ਮਨੁੱਖ ਤੇ ਪ੍ਰਕਿਰਤੀ ਦੇ ਆਪਸੀ ਰਿਸ਼ਤੇ ਨੂੰ ਉਨ੍ਹਾਂ ਦੇ ਅਨੇਕ ਭੌਤਿਕ ਸੰਦਰਭਾਂ ਵਿਚੋਂ ਤਲਾਸ਼ਣ ਦੀ ਥਾਂ ਮਨੁੱਖ ਤੇ ਸਮਾਜ ਦੇ ਪ੍ਰਤੀਕ-ਪ੍ਰਬੰਧ ਦੇ ਰੂਪ ਵਿਚ ਸਮਝਣ ਦਾ ਯਤਨ ਕਰਦੇ ਹਾਂ। ਸਮਾਜਿਕ ਸੰਦਰਭਾਂ ਦੀ ਭੌਤਿਕਤਾ ਨੂੰ ਪ੍ਰਤੀਕ-ਪ੍ਰਬੰਧ ਵਿਚ ਬੰਨ੍ਹ ਕੇ ਸਮਝਣ ਅਤੇ ਪੇਸ਼ ਕਰਨ ਦੀ ਰੁਚੀ ਦਾ ਅਗਲਾ ਪਾਸਾਰ ਇਹ ਬਣ ਜਾਂਦਾ ਹੈ ਕਿ ਮਾਨਵੀ ਸਿਰਜਣਾਵਾਂ, ਵਿਭਿੰਨ ਸਥਿਤੀਆਂ ਤੇ ਵਿਰੋਧਾਂ ਤੋਂ ਉਪਜੀਆਂ ਮਾਨਤਾਵਾਂ ਨੂੰ ਮਨੋਰਥ-ਪਰਕ ਢੰਗ ਨਾਲ਼ ਅਜਿਹੇ ਪਤਨਗ੍ਰਸਤ ਸੰਦਰਭਾਂ ਵਿਚ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀ ਵਸਤੂਗਤ ਹਕੀਕਤ, ਪ੍ਰਤੀਕਾਤਮਿਕ ਹਕੀਕਤ ਵਿਚ ਬਦਲ ਜਾਂਦੀ ਹੈ। ਉਦਾਹਰਣ ਵਜੋਂ ਹੀਰ-ਵਾਰਿਸ ਵਿਚ ਹੀਰ ਦੀ ਸ਼ਖ਼ਸੀਅਤ ਦਾ ਖ਼ੂਬਸੂਰਤੀ ਦੇ ਸੰਦਰਭ ਵਿਚ ਕੀਤਾ ਗਿਆ ਵਰਣਨ ਦੇਖਿਆ ਜਾ ਸਕਦਾ ਹੈ:

ਕੇਹੀ ਹੀਰ ਦੀ ਕਰੇ ਤਾਰੀਫ਼ ਸ਼ਾਇਰ, ਮੱਥਾ ਚਮਕਦਾ ਹੁਸਨ ਮਤਾਬ ਦਾ ਜੀ,
ਖ਼ੂਨੀ ਚੂੰਡੀਆਂ ਤਾਰੇ ਜਿਉਂ ਚੰਨ ਗਿਰਦੇ, ਸੁਰਖ ਰੰਗ ਜਿਉਂ ਰੰਗ ਸ਼ਰਾਬ ਦਾ ਜੀ।
ਨੈਣ ਨਰਗਸੀ ਮਿਰਗ ਮਮੋਲੜੇ ਦੇ, ਗੱਲ੍ਹਾਂ ਟਹਿਕੀਆਂ ਫੁੱਲ ਗੁਲਾਬ ਦਾ ਜੀ,
ਸੁਰਮਾ ਨੈਣਾਂ ਦੀ ਧਾਰ ਵਿਚ ਫੱਬ ਰਿਹਾ, ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।
ਚਿਹਰੇ ਸੁਹਣੇ 'ਤੇ ਖਤ ਖਾਲ ਬਣਦੇ, ਖ਼ੁਸ਼ਖਤ ਜਿਉਂ ਹਰਫ਼ ਕਿਤਾਬ ਦਾ ਜੀ।
ਹੋਂਠ ਸੁਰਖ ਯਾਕੂਤ ਜਿਉਂ ਲਾਲ ਚਮਕਣ ਠੋਡੀ ਸੇਬ ਵਲਾਇਤੀ ਸਾਰ ਵਿਚੋਂ।
ਨੱਕ ਅਲਫ਼ ਹੁਸੈਨੀ ਦਾ ਪਿੱਪਲਾ ਈ, ਜ਼ੁਲਫ਼ ਨਾਗ ਖ਼ਜ਼ਾਨੇ ਦੀ ਧਾਰ ਵਿਚੋਂ,
ਦੰਦ ਚੰਬੇ ਦੀ ਕਲੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਲਿਖੀ ਚੀਨ ਕਸ਼ਮੀਰ ਤਸਵੀਰ ਜੱਟੀ, ਕੱਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ,
ਗਰਦਨ ਕੂੰਜ ਦੀ ਉਂਗਲਾਂ ਰਵ੍ਹਾਂ ਫਲੀਆਂ, ਹੱਥ ਕੂਲੜੇ ਬਰਗ ਚਨਾਰ ਵਿਚੋਂ।

--------- --------- ---------
--------- --------- ---------

ਇਸ਼ਕ ਬੋਲਦਾ ਜੱਟੀ ਦੇ ਥਾਉਂ-ਥਾਈਂ, ਰਾਗ ਨਿਕਲੇ ਜ਼ੀਲ ਦੀ ਤਾਰ ਵਿਚੋਂ।"

ਹੀਰ ਦੀ ਸੁੰਦਰਤਾ ਦੇ ਉਪਰੋਕਤ ਬਿਆਨ ਤੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਵਾਰਿਸ ਸ਼ਾਹ ਹੀਰ ਦੀ ਭੌਤਿਕਤਾ ਨੂੰ ਖ਼ੂਬਸੂਰਤੀ ਦੇ ਪ੍ਰਤੀਕ-ਪ੍ਰਬੰਧ ਦੇ ਸੰਦਰਭ ਵਿਚ ਬਿਆਨ ਕਰਦਾ ਹੋਇਆ ਭੌਤਿਕਤਾ ਦੇ ਤਰਕ ਨੂੰ ਪ੍ਰਤੀਕ ਦੇ ਤਰਕ ਦੇ ਸਪੁਰਦ ਕਰਦਾ ਹੋਇਆ ਖ਼ੂਬਸੂਰਤੀ ਦੀ-ਮਿੱਥ ਦਾ ਪ੍ਰਤੀਕ-ਪ੍ਰਬੰਧ ਸਿਰਜਦਾ ਹੈ। ਇੱਥੇ ਹੀ ਬੱਸ ਨਹੀਂ; ਉਹ ਸਮਾਜਿਕ ਹਕੀਕਤਾਂ ਤੇ ਵਿਅਕਤੀਗਤ ਰੁਝਾਣਾਂ ਨੂੰ ਪੇਸ਼ ਕਰਨ ਲੱਗਿਆਂ ਵੀ ਅਜਿਹੀ ਵਿਧੀ ਦੀ ਵਰਤੋਂ ਕਰਦਾ ਹੋਇਆ, ਇਸ਼ਕ ਦੇ ਬਿਰਤਾਂਤ ਦੀ ਸਿਰਜਣਾ ਕਰਦਾ ਹੈ।

ਮਿੱਥ-ਰੂਪਾਂਤਰਣ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਮਿੱਥ ਵਿਚ ਪੇਸ਼ ਹੋਣ ਵਾਲੇ ਮੂਲ-ਭੂਤ ਸੰਦਰਭਾਂ ਵਿਚ ਪ੍ਰਵਾਹਮਾਨ ਮਨੁੱਖ ਅਤੇ ਪ੍ਰਕਿਰਤੀ ਦੇ ਆਪਸੀ ਰਿਸ਼ਤੇ ਵਿਚ ਮਨੁੱਖ ਦੇ ਪ੍ਰਕਿਰਤੀ ਪ੍ਰਤੀ ਸੰਪੂਰਨ ਸਮਰਪਣ ਦੇ ਰਚਨਾਤਮਿਕ ਪ੍ਰਸੰਗ ਵਿਚ ਮਨੁੱਖ ਦੀ ਅਸਤਿਤਵੀ ਅਤੇ ਵ੍ਰਿਤੀਆਤਮਿਕ ਨਿਗੂਣਤਾ, ਸਾਹਿਤਕ ਪਾਠ ਦੇ ਨਾਇਕ ਦੀ ਅਸਤਿਤਵੀ ਅਤੇ ਵ੍ਰਿਤੀਆਤਮਿਕ ਉੱਦਾਤੀਕਰਨ ਵਿਚ ਰੂਪਾਂਤ੍ਰਿਤ ਹੋ ਜਾਂਦੀ ਹੈ। ਇਸ ਕਰਕੇ ਮਿੱਥਕ ਪ੍ਰਵਚਨ ਦੀ ਪ੍ਰਕਿਰਤੀਮੁਖਤਾ ਸਾਹਿਤ ਵਿਚ ਵਿਅਕਤੀਮੁਖਤਾ ਰਾਹੀਂ ਮਨੁੱਖ ਅਤੇ ਸਮਾਜ ਦੇ ਆਪਸੀ ਰਿਸ਼ਤੇ ਦੇ ਅਨੇਕ ਸੰਦਰਭਾਂ ਨੂੰ ਸਿਰਜਣ ਅਤੇ ਵ੍ਰਿਤੀਆਤਮਿਕ ਹੋਂਦ ਦੀ ਅਵਹੇਲਣਾ ਕਰਕੇ ਉਸਦੀ ਖਾਹਿਸ਼ ਨੂੰ ਕੁਕਰਮ ਦੇ ਰੂਪ ਵਿਚ ਪੇਸ਼ ਕਰਕੇ ਮਾਂ-ਪੁੱਤਰ ਦੇ ਸਮਾਜਿਕ ਰਿਸ਼ਤੇ ਨੂੰ ਸਿਰਜਣਹਾਰ ਅਤੇ ਸਿਰਜਿਤ ਦੇ ਵਿਰੋਧ ਰਾਹੀਂ ਸਾਕਾਹਾਰੀ ਟੈਬੂ (Taboo) ਦੇ ਰੂਪ ਵਿੱਚ ਪਰਿਭਾਸ਼ਤ ਕਰਦੀ ਹੈ ਪਰੰਤੂ ਸ਼ਿਵ ਕੁਮਾਰ ਰਚਿਤ ਲੂਣਾ ਵਿਚ ਇਹੀ ਪਾਸਾਰ ਲੂਣਾ ਦੀ ਵ੍ਰਿਤੀਆਤਮਿਕ ਅਤੇ ਅਸਤਿਤਵੀ ਸੁਤੰਤਰਤਾ ਦੇ ਐਲਾਨਨਾਮੇ ਦੇ ਰੂਪ ਵਿਚ ਪੇਸ਼ ਹੁੰਦਾ ਹੈ:

ਮੈਨੂੰ ਭਿਟ-ਅੰਗੀ ਨੂੰ ਭਿਟ-ਅੰਗਾ ਵਰ ਦਿਓ,
ਮੋੜ ਲਓ ਇਹ ਫੁੱਲ, ਸੂਲਾਂ ਤਲੀ ਧਰ ਦਿਓ।[25]

-----

"ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨ ਆਵੇ
ਜੇ ਲੂਣਾ ਪੂਰਨ ਨੂੰ ਚਾਹੇ

ਚ੍ਰਿਤਰਹੀਣ ਕਹੇ ਕਿਉਂ
ਜੀਭ ਜਹਾਨ ਦੀ?
-------------------
------------------
ਮੈਂ ਪੂਰਨ ਦੀ ਮਾਂ
ਪੂਰਨ ਦੇ ਹਾਣ ਦੀ।[26]

ਸਪਸ਼ਟ ਹੈ ਕਿ ਮਨੁੱਖ ਦਾ ਪ੍ਰਕਿਰਤੀ ਦੇ ਪੂਰਕ ਹੋਣ ਦਾ ਮਿੱਥਕ ਤਰਕ ਨਿੱਜਵਾਦੀ ਉਥੱਾਨ ਰਾਹੀਂ ਸਵੈ-ਕੇਂਦਰਿਤ ਹੋ ਕੇ ਮਨੁੱਖ ਅਤੇ ਸਮਾਜ ਦੇ ਆਪਸੀ ਵਿਰੋਧ ਵਿਚ ਰੂਪਾਂਤ੍ਰਿਤ ਹੋ ਜਾਂਦਾ ਹੈ।

ਇਸ ਕਰਕੇ ਇਹ ਮੰਨਣਾ ਪਵੇਗਾ ਕਿ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦਾ ਉਦੇਸ਼ ਵਸਤੂਗਤ ਯਥਾਰਥ ਨੂੰ ਮਿੱਥਕ ਯਥਾਰਥ ਵਿਚ ਰੂਪਾਂਤ੍ਰਿਤ ਕਰਦੇ ਹੋਏ ਉਸਦਾ ਅਗਲੇਰਾ ਪਾਸਾਰ, ਜਗਤ ਦੀ ਸਿਰਜਣਾ ਕਰਨਾ ਬਣ ਜਾਂਦਾ ਹੈ। ਸਾਹਿਤ ਸਿਰਜਣਾ ਸਮੇਤ ਸਮੁੱਚੀਆਂ ਮਾਨਵੀ ਸਿਰਜਣਾਵਾਂ ਆਪਣੀ ਵਿਆਖਿਆ ਵਿਧੀ ਨੂੰ ਮਿੱਥਕ ਤਰਕ ਦੀ ਪੇਸ਼ਕਾਰੀ ਕਰਨ ਵਾਲੇ ਸਿਰਜਣਾਤਮਿਕ ਯਥਾਰਥ ਦੇ ਰੂਪ ਵਿਚ ਪੇਸ਼ ਕਰਦੀਆਂ ਹਨ। ਇਸ ਕਰਕੇ ਇਨ੍ਹਾਂ ਸਿਰਜਣਾਵਾਂ ਵਿਚ ਪੇਸ਼ ਹਰੇਕ ਚੀਜ਼/ਸੰਦਰਭ, ਮਿੱਥਕ ਯਥਾਰਥ ਦਾ ਪਰਤੌ ਬਣ ਕੇ ਹੀ ਪੇਸ਼ ਹੁੰਦਾ ਹੈ। ਸਿੱਟੇ ਵਜੋਂ ਮਿੱਥ-ਸਿਰਜਣਾ ਦੀ ਮੂਲ ਰੁਚੀ ਨੂੰ ਨਿਭਾਉਂਦਾ ਹੋਇਆ ਮਾਨਵੀ ਸਿਰਜਣਾਤਮਿਕ ਵਿਵੇਕ, ਵਸਤੂ-ਯਥਾਰਥ ਅਤੇ ਸਮਾਜਿਕ ਹਕੀਕਤਾਂ ਦੇ ਨਾਲ਼ ਸੰਘਰਸ਼ਸ਼ੀਲ ਮਨੁੱਖ ਦੇ ਬਿੰਬ ਨੂੰ ਪੇਸ਼ ਕਰਦਾ ਹੈ।

ਰੂਪਾਂਤਰਣ ਦੀ ਇਸ ਪ੍ਰਕਿਰਿਆ ਦਾ ਇਕ ਸਿੱਟਾ ਇਹ ਵੀ ਨਿਕਲਦਾ ਹੈ ਕਿ ਮਾਨਵੀ ਸਿਰਜਣਾਵਾਂ ਵਿਚ ਪੇਸ਼ ਨਾਇਕ, ਮਨੁੱਖੀ ਸਮਰਥਾ ਦਾ ਪ੍ਰਤੀਕ ਬਣ ਜਾਂਦਾ ਹੈ ਅਤੇ ਇਹ ਸਿਰਜਣਾਵਾਂ ਸਮਕਾਲੀ ਇਤਿਹਾਸਕਤਾ ਤੇ ਮਾਨਵੀ ਸਮਰਥਾ ਦੇ ਦਵੰਦ ਨੂੰ ਪੇਸ਼ ਕਰਦੀਆਂ ਹਨ। ਮਿੱਥ-ਸਿਰਜਣਾ ਵਿਚ ਜਿੱਥੇ, ਮਾਨਵ ਤੇ ਪ੍ਰਕਿਰਤੀ ਜਾਂ ਮਾਨਵ ਤੇ ਰੱਬ ਦੇ ਵਿਰੋਧ ਵਿਚ ਪੇਸ਼ ਹੋਣ ਵਾਲੇ ਮਿੱਥ-ਯਥਾਰਥ ਦੀ ਸੁਰ ਪ੍ਰਕਿਰਤੀਮੁਖੀ ਜਾਂ ਰੱਬ - ਮੁਖੀ ਹੁੰਦੀ ਹੈ, ਉਥੇ ਰੂਪਾਂਤਰਣ ਦੀ ਪ੍ਰਕਿਰਿਆ ਇਸਨੂੰ ਮਨੁੱਖ -ਮੁਖੀ ਬਣਾ ਦਿੰਦੀ ਹੈ। ਇਸੇ ਕਰਕੇ ਸਾਰੀਆਂ ਮਨੁੱਖੀ ਸਿਰਜਣਾਵਾਂ ਦੇ ਸਾਰੇ ਸੰਦਰਭ, ਸਮਕਾਲੀ ਇਤਿਹਾਸਕਤਾ ਦੀਆਂ ਮਾਨਵ-ਵਿਰੋਧੀ ਸੀਮਾਵਾਂ ਨੂੰ ਮਾਨਵੀ ਸਮਰਥਾਵਾਂ ਵਿਚ ਰੂਪਾਂਤ੍ਰਿਤ ਕਰਨ ਲਈ ਯਤਨਸ਼ੀਲ ਰਹਿੰਦੀਆਂ ਹਨ। ਇਹੀ ਕਾਰਨ ਹੈ ਕਿ ਸਾਹਿਤਕ ਬਿਰਤਾਂਤ ਵਿਚ ਹਮੇਸ਼ਾਂ ਹੀ ਨਾਇਕ ਦੇ ਨਾਇਕਤਵ ਦੀ ਜਿੱਤ ਹੁੰਦੀ ਹੈ ਅਤੇ ਵਿਰੋਧੀਆਂ ਦੀ ਹਾਰ ਹੁੰਦੀ ਹੈ। ਜੇਕਰ ਨਾਇਕ ਵਿਰੋਧੀ ਸ਼ਕਤੀਆਂ, ਨਾਇਕ ਨੂੰ ਮਾਰ ਵੀ ਦੇਣ ਤਾਂ ਵੀ 'ਸ਼ਹਾਦਤ' ਦੀ ਮਿੱਥ ਰਾਹੀਂ ਨਾਇਕ ਅਮਰ ਹੋ ਜਾਂਦਾ ਹੈ। ਸਪਸ਼ਟ ਹੈ ਕਿ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਵਿਚ ਬਿਰਤਾਂਤ ਦੀ ਬਿਰਤਾਂਤਿਕ ਸੁਰ ਹਮੇਸ਼ਾਂ ਹੀ ਨਾਇਕਮੁਖੀ ਹੁੰਦੀ ਹੈ।

ਨਾਇਕ ਦੇ ਮਨੁੱਖਤਵ/ਮਾਨਵੀਪਣ ਦੀ ਸਥਾਪਤੀ ਲਈ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਵਿਚ ਸਿਰਜਣਾਵਾਂ ਦਾ ਤਰਕ ਸਮਕਾਲੀ ਯਥਾਰਥ ਦੀ ਵਿਵਹਾਰਕ ਸੁਰ ਉਪਰ ਪ੍ਰਸ਼ਨ-ਚਿੰਨ੍ਹ ਲਾਉਂਦਾ ਹੋਇਆ ਮਨੁੱਖ ਦੀਆਂ ਨੈਤਿਕ ਤੇ ਸਦਾਚਾਰਕ ਪ੍ਰੇਰਨਾਵਾਂ ਨੂੰ ਰਚਨਾਤਮਿਕ ਜੁਗਤ ਦੇ ਰੂਪ ਵਿਚ ਵਰਤਦਾ ਹੈ। ਇਹ ਜੁਗਤਾਂ ਹੀ ਨਾਇਕ ਦੇ ਸ਼ਖ਼ਸੀ-ਉਥੱਾਨ ਦਾ ਆਧਾਰ ਬਣਦੀਆਂ ਹਨ ਅਤੇ ਉਹ ਸਮਕਾਲੀ-ਇਤਿਹਾਸਕ ਸੀਮਾਵਾਂ ਤੋਂ ਉੱਪਰ ਉੱਠ ਕੇ ਹਕੀਕੀ ਮਾਨਵੀ ਸਥਿਤੀਆਂ ਦੀ ਸਿਰਜਣਾ ਕਰਦਾ ਹੈ। ਨਾਇਕ ਦਾ ਮਾਨਵਮੁਖੀ

ਹੋਣਾ ਉਸਨੂੰ ਪਰਾਕਾਲਿਕ ਬਣਾਉਣਾ ਹੋਇਆ ਸਦੀਵੀਂ ਮਾਨਵ ਦੀ ਹਸਤੀ ਪ੍ਰਦਾਨ ਕਰਦਾ ਹੈ। ਬੇਸ਼ਕ ਅਜਿਹੀ ਧਾਰਨਾ ਕਰਕੇ ਸਮਕਾਲੀ ਯਥਾਰਥ ਦੀ ਵਿਵਹਾਰਕਤਾ ਇਸ ਉੱਤੇ ਕਿੰਤੂ ਕਰਦੀ ਹੈ ਪਰ ਫਿਰ ਵੀ ਉਸ ਦੀ ਸਦੀਵੀ ਮਹੱਤਤਾ ਨੂੰ ਕਾਇਮ ਕਰਨ ਵਾਲੇ ਆਧਾਰ ਤੱਤ; ਨੈਤਿਕ, ਸਦਾਚਾਰਕ ਤੇ ਸ਼ਖਸੀ ਉਥੱਾਨ ਵਾਲੇ ਗੁਣ, ਅਜਿਹੇ ਸਿਰਜਣਾਤਮਿਕ ਜਗਤ ਦੀ ਰੂਪ-ਰੇਖਾ ਤਿਆਰ ਕਰਦੇ ਹਨ ਜੋ ਸਮਜਿਕ ਯਥਾਰਥ ਵਰਗਾ ਵੀ ਹੁੰਦਾ ਹੈ ਅਤੇ ਸਮਾਜਿਕ ਯਥਾਰਥ ਤੋਂ ਵਿਲੱਖਣ ਤੇ ਉਚੇਰਾ ਵੀ।

ਇਸ ਤਰ੍ਹਾਂ ਨਾਲ਼ ਮਿੱਥ-ਰੂਪਾਂਤਰਣ, ਵਸਤੂਗਤ ਯਥਾਰਥ ਨੂੰ ਵਿਸ਼ੇਸ਼ ਕਿਸਮ ਦੇ ਕਲਾਤਮਿਕ ਬਿੰਬ ਵਿਚ ਰੂਪਾਂਤ੍ਰਿਤ ਕਰਨ ਦੀ ਪ੍ਰਕਿਰਿਆ ਬਣ ਜਾਂਦੀ ਹੈ ਜਿਸ ਵਿਚ ਵਸਤੂਗਤ ਯਥਾਰਥ ਦੀਆਂ ਕਰੂਰ ਪਰਿਸਥਿਤੀਆਂ ਦੇ ਵਿਕਰਾਲ਼ ਰੂਪ ਮਾਨਵੀ ਕਾਰਜਾਂ ਰਾਹੀਂ ਹੱਲ ਹੁੰਦੇ ਅਤੇ ਵਿਕਰਾਲ਼ ਸਮਾਜਿਕ ਸਥਿਤੀਆਂ ਮਨੁੱਖੀ ਪ੍ਰਤਿਭਾ ਤੇ ਸਮਰਥਾ ਦੇ ਅਧੀਨ ਹੁੰਦੀਆਂ ਵਿਖਾਈਆਂ ਜਾਂਦੀਆਂ ਹਨ। ਫਲਸਰੂਪ ਰੂਪਾਂਤਰਣ ਦੀ ਇਹ ਪ੍ਰਕਿਰਿਆ ਅਜਿਹੇ ਸੁਹਜਾਤਮਿਕ ਆਨੰਦ(Aesthetic pleasure) ਦੀ ਸਿਰਜਣਾ ਦਾ ਆਧਾਰ ਬਣ ਜਾਂਦੀ ਹੈ ਕਿ ਅਸੀਂ ਸਮਾਜਿਕ ਯਥਾਰਥ ਦੇ ਰੂਪਾਂਤ੍ਰਿਤ ਬਿੰਬ ਨੂੰ ਕਲਾਤਮਿਕ ਬਿੰਬ ਦਾ ਨਾਂ ਦੇ ਦਿੰਦੇ ਹਾਂ। ਸੁਹਜ-ਸਿਰਜਣਾ ਦੀ ਇਹ ਪ੍ਰਕਿਰਿਆ ਸਾਡੇ ਅਵਚੇਤਨ ਦੇ ਡੂੰਘੇਰੇ ਪ੍ਰਸੰਗਾਂ ਤੋਂ ਉਦੈ ਹੋਣ ਕਰਕੇ ਅਜਿਹੇ ਸਦੀਵੀ ਆਨੰਦ ਦੀ ਆਧਾਰਸ਼ਿਲਾ ਬਣ ਜਾਂਦੀ ਹੈ, ਜਿਸਨੂੰ ਵਾਰ ਵਾਰ ਪੜ੍ਹਨ 'ਤੇ ਵੀ ਅਸੀਂ ਅੱਕਦੇ ਨਹੀਂ। ਇਹੋ ਸਾਡੀ ਸਭਿਆਚਾਰਕ ਸੁਹਜਾਤਮਿਕਤਾ ਦੀ ਪ੍ਰਮਾਣਿਕਤਾ ਦੀ ਬੁਨਿਆਦ ਹੈ।

ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਵਿਚ ਰੂਪਾਕਾਰਿਕ ਰੂੜ੍ਹੀਆਂ ਅਤੇ ਰੀਤੀਆਂ ਵਿਸ਼ੇਸ਼ ਭੂਮਿਕਾ ਅਦਾ ਕਰਦੀਆਂ ਹਨ। ਇਹ ਪ੍ਰਕਿਰਿਆ ਸਾਹਿਤ ਸਿਰਜਣਾ ਸਮੇਂ ਵਰਤੀਆਂ ਜਾਣ ਵਾਲੀਆਂ ਰੂੜੀਆਂ ਤੇ ਰੀਤੀਆਂ ਦੀ ਪੂਰਕ ਬਣਕੇ ਚੱਲਦੀ ਹੈ ਅਤੇ ਆਪਣੇ ਮਿੱਥਕ ਤਰਕ ਨੂੰ ਹਰ ਉਸ ਜੁਗਤ ਨਾਲ਼ ਢਕ ਲੈਂਦੀ ਹੈ, ਜੋ ਵੀ ਉਸ ਰੂਪਾਕਾਰ ਦੀ ਬੁਨਿਆਦ ਹੁੰਦੀ ਹੈ। ਕਵਿਤਾ ਵਿਚ ਪੇਸ਼ ਹੋਣ ਸਮੇਂ ਮਿੱਥਕ-ਤਰਕ ਕਾਵਿਕਤਾ ਤੇ ਬਿੰਬਾਤਮਿਕਤਾ ਦਾ ਗੁਣ ਗ੍ਰਹਿਣ ਕਰ ਲੈਂਦਾ ਹੈ, ਬਿਰਤਾਂਤ ਪੇਸ਼ਕਾਰੀ ਸਮੇਂ ਵਿਅਕਤੀ, ਘਟਨਾਵਾਂ ਤੇ ਮਾਨਵੀ ਪਰਿਸਥਿਤੀਆਂ ਦੀ ਲੜੀ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਨਾਟਕੀ ਪੇਸ਼ਕਾਰੀ ਸਮੇਂ ਮਿੱਥਕ-ਤਰਕ, ਨਾਟਕੀ-ਜੁਗਤਾਂ ਤੇ ਕਥਾਗਤ ਟੱਕਰਾਂ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਸਪਸ਼ਟ ਹੈ ਕਿ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਰੂੜੀਆਂ ਤੇ ਰੀਤੀਆਂ ਨਾਲ਼ ਵਿਰੋਧ ਵਿਚ ਨਹੀਂ ਸਗੋਂ ਪੂਰਕਤਾ ਦੀ ਸਥਿਤੀ ਵਿਚ ਪੇਸ਼ ਹੁੰਦੀ ਹੈ।

ਮਿੱਥ-ਰੂਪਾਂਤਰਣ ਦੀ ਇਸ ਪ੍ਰਕਿਰਿਆ ਵਿਚ ਭਾਸ਼ਾ ਦਾ ਵਿਸ਼ੇਸ਼ ਇਸਤੇਮਾਲ ਵੀ ਖਾਸ ਭੂਮਿਕਾ ਅਦਾ ਕਰਦਾ ਹੈ। ਮਿੱਥ-ਪ੍ਰਵਚਨਾਂ ਦੀ ਭਾਸ਼ਾ ਕਿਉਂਕਿ ਪ੍ਰਤੀਕਾਤਮਿਕ (Metaphoric) ਹੁੰਦੀ ਹੈ, ਜਿਸ ਕਰਕੇ ਸਾਹਿਤ-ਪਾਠਾਂ ਵਿਚ ਵੀ ਇਸ ਪ੍ਰਕਿਰਿਆ ਦੇ ਫਲਸਰੂਪ ਪ੍ਰਤੀਕਾਤਮਿਕ ਭਾਸ਼ਾ ਦੀ ਵਰਤੋਂ ਹੁੰਦੀ ਹੈ। ਸਾਹਿਤਕ ਭਾਸ਼ਾ ਨੂੰ ਕਦੇ ਵੀ ਸਰਲ-ਅਰਥੀ ਪ੍ਰਸੰਗਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ, ਸਗੋਂ ਇਸਦੇ ਲੁਪਤ ਅਤੇ ਸੰਕੇਤਕ ਅਰਥਾਂ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੁੰਦੀ ਹੈ। ਇਸ ਕਰਕੇ ਸਾਹਿਤਕ ਪਾਠ ਵਿਚ ਹੋਣ ਵਾਲੀ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦੇ ਸਿੱਟੇ ਵਜੋਂ ਸਾਹਿਤਕ ਭਾਸ਼ਾ ਹਮੇਸ਼ਾਂ ਅਜਿਹੇ ਪ੍ਰਤੀਕਾਤਮਿਕ ਜਗਤ ਦੀ ਸਿਰਜਣਾ ਕਰਦੀ ਹੈ ਕਿ ਭਾਸ਼ਾ ਦਾ ਸਰੂਪ ਸਾਧਾਰਨ ਹੋਣ ਦੀ ਥਾਂ ਮਖ਼ਸੂਸ ਬਣ ਜਾਂਦਾ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਮਿੱਥ -ਰੂਪਾਂਤਰਣ ਦੀ ਪ੍ਰਕਿਰਿਆ, ਸਾਹਿਤ-

ਸਿਰਜਣ-ਪ੍ਰਕਿਰਿਆ ਵਿਚ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਇਹ ਪ੍ਰਕਿਰਿਆ ਦੋ ਪੱਧਰਾਂ 'ਤੇ ਗਤੀਸ਼ੀਲ ਹੁੰਦੀ ਹੈ। ਪਹਿਲਾ ਪੱਧਰ ਵਸਤੂਗਤ ਯਥਾਰਥ ਦੇ ਪ੍ਰਤੱਖਣ ਨਾਲ਼ ਜੁੜਿਆ ਹੋਇਆ ਹੈ। ਇਸ ਵਿਚ ਅਸੀਂ ਪ੍ਰਤੱਖਣ ਦੀ ਮਿੱਥਕ-ਵਿਧੀ ਦੀ ਵਰਤੋਂ ਕਰਕੇ ਸਾਹਿਤਕ ਯਥਾਰਥ ਦੀ ਕਲਪਣਾ ਕਰਦੇ ਹਾਂ, ਦੂਜਾ ਪੱਧਰ, ਪ੍ਰਗਟਾਅ ਨਾਲ਼ ਜੁੜਿਆ ਹੋਇਆ ਹੈ, ਜਿਸ ਵਿੱਚ ਅਸੀਂ ਮਿੱਥ-ਪ੍ਰਵਚਨ ਦੀਆਂ ਜੁਗਤਾਂ ਦੇ ਅਨੁਰੂਪ ਸਾਹਿਤਕ ਜੁਗਤਾਂ ਦੀ ਵਰਤੋਂ ਕਰਕੇ ਸਾਹਿਤਕ/ਰੂਪਾਕਾਰਿਕ ਜੁਗਤਾਂ ਦੀ ਵਰਤੋਂ ਕਰਦੇ ਹਾਂ। ਨਿਰਸੰਦੇਹ, ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਸਾਹਿਤ-ਸਿਰਜਣ-ਪ੍ਰਕਿਰਿਆ ਵਿਚ ਵਿਸ਼ੇਸ਼ ਰੋਲ ਅਦਾ ਕਰਦੀ ਹੈ।

* * * *

## ਪੈਰ ਟਿੱਪਣੀਆਂ ਅਤੇ ਹਵਾਲੇ


1. Glambetista Vico, The New Science, New York, 1948, p-31
2. Ernest Cassirer, An Essay on Man, New Hawan, 1945, p-26
3. Friedrich Max Muller, The Science of Religion, Delhi, 1965, p-218
4. Roland Barthes, Mythologies, London, 1984, p -114
5. Unbreto Eco, Role of the Reader, London, 1981. p - 8
6. Claude Levi Strauss, Structural Anthroopology, Middlesex, 1977. p -270
7. J. A.C. Brown, Freud and post Freudian, Middlesex, 1983. p-2
8. Sigmund Freud, Introductory Lectures in Psychology, Vol. xx, Middlesex, 1977, p -17
9. C.G. Jung, Modern Man in Search of Soul, London, 1961, p-138
10. Ibid, p - 170
11. Jacques Lacan, Four Foundamental concepts of pscho-Analysis, Middlesex, 1986, p - 174
12. Devid Archard, The Consciousness and the Unconciousness, London, 1984, p- 161
13. Kaja Silverman, The Subject of Semiotics, Oxford, 1983, p-150
14. Jacque Lacan, The Language of the Self, Boltimore, 1968, p - 150
15. Ibid, p -188
16. Raman Jacobson, Main Trends in Science of Language, London, 1973, p- 47
17. Claude Levi Strauss, Structural Anthropology, Middlesex,

ਸਿਰਜਣ-ਪ੍ਰਕਿਰਿਆ ਵਿਚ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਇਹ ਪ੍ਰਕਿਰਿਆ ਦੋ ਪੱਧਰਾਂ 'ਤੇ ਗਤੀਸ਼ੀਲ ਹੁੰਦੀ ਹੈ। ਪਹਿਲਾ ਪੱਧਰ ਵਸਤੂਗਤ ਯਥਾਰਥ ਦੇ ਪ੍ਰਤੱਖਣ ਨਾਲ਼ ਜੁੜਿਆ ਹੋਇਆ ਹੈ। ਇਸ ਵਿਚ ਅਸੀਂ ਪ੍ਰਤੱਖਣ ਦੀ ਮਿੱਥਕ-ਵਿਧੀ ਦੀ ਵਰਤੋਂ ਕਰਕੇ ਸਾਹਿਤਕ ਯਥਾਰਥ ਦੀ ਕਲਪਣਾ ਕਰਦੇ ਹਾਂ, ਦੂਜਾ ਪੱਧਰ, ਪ੍ਰਗਟਾਅ ਨਾਲ਼ ਜੁੜਿਆ ਹੋਇਆ ਹੈ, ਜਿਸ ਵਿੱਚ ਅਸੀਂ ਮਿੱਥ-ਪ੍ਰਵਚਨ ਦੀਆਂ ਜੁਗਤਾਂ ਦੇ ਅਨੁਰੂਪ ਸਾਹਿਤਕ ਜੁਗਤਾਂ ਦੀ ਵਰਤੋਂ ਕਰਕੇ ਸਾਹਿਤਕ/ਰੂਪਾਕਾਰਿਕ ਜੁਗਤਾਂ ਦੀ ਵਰਤੋਂ ਕਰਦੇ ਹਾਂ। ਨਿਰਸੰਦੇਹ, ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਸਾਹਿਤ-ਸਿਰਜਣ-ਪ੍ਰਕਿਰਿਆ ਵਿਚ ਵਿਸ਼ੇਸ਼ ਰੋਲ ਅਦਾ ਕਰਦੀ ਹੈ।

* * * *

# ਪੈਰ ਟਿੱਪਣੀਆਂ ਅਤੇ ਹਵਾਲੇ


1. Glambetista Vico, The New Science, New York, 1948, p-31
2. Ernest Cassirer, An Essay on Man, New Hawan, 1945, p-26
3. Friedrich Max Muller, The Science of Religion, Delhi, 1965, p-218
4. Roland Barthes, Mythologies, London, 1984, p -114
5. Unbreto Eco, Role of the Reader, London, 1981. p - 8
6. Claude Levi Strauss, Structural Anthroopology, Middlesex, 1977. p -270
7. J. A.C. Brown, Freud and post Freudian,'Middlesex, 1983. p-2
8. Sigmund Freud, Introductory Lectures in Psychology, Vol. xx, Middlesex, 1977, p -17
9. C.G. Jung, Modern Man in Search of Soul, London, 1961, p-138
10. Ibid, p - 170
11. Jacques Lacan, Four Foundamental concepts of pscho-Analysis, Middlesex, 1986, p - 174
12. Devid Archard, The Consciousness and the Unconciousness, London, 1984, p- 161
13. Kaja Silverman, The Subject of Semiotics, Oxford, 1983, p-150
14. Jacque Lacan, The Language of the Self, Boltimore, 1968, p - 150
15. Ibid, p -188
16. Raman Jacobson, Main Trends in Science of Language, London, 1973, p- 47
17. Claude Levi Strauss, Structural Anthropology, Middlesex,

1977, p - 62
18. Twentieth Century Criticism, New Delhi, 1974, p - 443
19. Roland Barthes, Elements of Semiology, New York , 1985, p - 92
20. Roland Barthes, Mythologies, London, 1984, p -142
21. Roland Barthes, s/z, London, 1976, p - 4
22. Northrop Frye, Fables of Identity: Studies in Poetry - Mythology, New York, 1963, p - 45
23. Imre Salusinszky, Criticism and Society, New york, 1987, p - 29
24. Northop Frye, Anatomy of Criticism, p -11
25. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਹਿ, ਲੁਧਿਆਣਾ, 1989, ਪੰਨਾ 395-96
26. ਉਹੀ, ਪੰਨਾ - 434

Frozen memories in the sub-consciousness of the people manifests itself as a Myth.

**– Alder**

# ਸ਼ਿਵ ਕੁਮਾਰ ਦੀ ਕਵਿਤਾ ਦਾ ਮਿੱਥ-ਪ੍ਰਬੰਧ

ੳ) ਮਾਨਵੀ ਭਾਵ ਸੰਸਾਰ: ਮੂਲ ਪ੍ਰੇਰਕ
 1. ਆਧੁਨਿਕਤਾਵਾਦੀ ਸੰਵੇਦਨਾ
 2. ਸਭਿਆਚਾਰਕ ਮਾਨਤਾਵਾਂ
 3. ਮਾਨਵੀ ਹੋਂਦ ਦਾ ਸਦੀਵੀ ਸੰਕਟ
 4. ਸੰਤੁਲਿਤ ਮਾਨਵੀ-ਹੋਂਦ ਦੀ ਸਥਾਪਨਾ

ਅ) ਪੰਜਾਬੀ ਸਭਿਆਚਾਰਕ ਪੈਟਰਨ ਅਤੇ ਸ਼ਿਵ ਦਾ ਮਿੱਥ-ਸੰਗਠਨ
 1. ਰਿਸ਼ਤੇ-ਨਾਤੇ
 2. ਰਸਮੋ-ਰਿਵਾਜ਼
 3. ਲੋਕ-ਵਿਸ਼ਵਾਸ
 4. ਮਿੱਥਕ ਅਤੇ ਪੌਰਾਣਿਕ ਸੰਦਰਭ

ੲ) ਮਿੱਥ-ਪ੍ਰਬੰਧ ਦਾ ਸਰੂਪ

ਸ਼ਿਵ ਕੁਮਾਰ ਦੀ ਕਵਿਤਾ ਆਧੁਨਿਕ ਪੰਜਾਬੀ ਕਵਿਤਾ ਵਿਚ ਆਪਣੀ ਵਿਲੱਖਣ ਸੁਰ ਅਤੇ ਵਿਸ਼ੇਸ਼ ਪਹਿਚਾਣ ਸਥਾਪਤ ਕਰ ਚੁੱਕੀ ਹੈ। ਇਸ ਵਿਲੱਖਣਤਾ ਅਤੇ ਵਿਸ਼ਿਸ਼ਟਤਾ ਦਾ ਆਧਾਰ ਸ਼ਿਵ ਕੁਮਾਰ ਦੀ ਉਹ ਕਾਵਿ-ਦ੍ਰਿਸ਼ਟ ਹੈ ਜੋ ਉਸਦੇ ਸਮੁੱਚੇ ਕਾਵਿ-ਸੰਸਾਰ ਵਿਚ ਨਿਰੰਤਰ ਤੌਰ ਤੇ ਪ੍ਰਵਾਹਮਾਨ ਹੈ। ਉਸਦੀ ਕਵਿਤਾ ਦੀ ਕਾਵਿ-ਸੰਚਾਰ ਪ੍ਰਕਿਰਿਆ ਇਕੋ ਸਮੇਂ ਸਾਡੇ ਅਵਚੇਤਨ ਦੇ ਪ੍ਰਗਟਾਅਸ਼ੀਲ ਪਰੰਪਰਕ ਕਵਿਤਾ ਪ੍ਰਤੀਕਾਂ ਅਤੇ ਬਿੰਬਾਂ ਨੂੰ ਸੰਯੋਜਿਤ ਵੀ ਕਰਦੀ ਹੈ ਅਤੇ ਉਸੇ ਸਮੇਂ ਹੀ ਉਹ ਪਰੰਪਰਾਗਤ ਪ੍ਰਤੀਕਾਂ ਨੂੰ ਗਤੀਸ਼ੀਲ ਕਾਵਿ-ਸਿਰਜਣ ਪ੍ਰਕਿਰਿਆ ਵਿਚ ਪਾ ਕੇ ਵਿਸ਼ੇਸ਼ ਕਾਵਿ-ਦ੍ਰਿਸ਼ਟੀ ਦੇ ਮੰਥਨ ਰਾਹੀਂ ਨਵੇਂ ਅਰਥ ਵੀ ਸੰਚਾਰਿਤ ਕਰਦੀ ਹੈ। ਇਸ ਪ੍ਰਕਾਰ ਸ਼ਿਵ ਕੁਮਾਰ ਦੀ ਕਾਵਿ-ਸਿਰਜਣ ਅਤੇ ਕਾਵਿ-ਸੰਚਾਰ ਪ੍ਰਕਿਰਿਆ ਵਿਚ ਪਰੰਪਰਕ ਕਾਵਿਕ ਪ੍ਰਤੀਕਾਂ ਅਤੇ ਬਿੰਬਾਂ ਨੂੰ ਅਜਿਹੇ ਢੰਗ ਨਾਲ ਪੁਨਰ-ਸਿਰਜਣ ਦੀ ਪ੍ਰਕਿਰਿਆ ਕਿਹਾ ਜਾ ਸਕਦਾ ਹੈ, ਜੋ ਇਕੋ ਸਮੇਂ ਪਰੰਪਰਾ ਅਤੇ ਆਧੁਨਿਕਤਾ ਨਾਲ਼ ਸੰਵਾਦ ਵੀ ਸਿਰਜਦੀ ਹੈ ਅਤੇ ਆਧੁਨਿਕਤਾ ਦੇ ਪ੍ਰਸੰਗ ਵਿਚ ਪਰੰਪਰਾਮਈ ਸਰੋਕਾਰਾਂ ਦੀ ਅਗਲੇਰੀ ਪੇਸ਼ਕਾਰੀ ਵੀ ਕਰਦੀ ਹੈ ਅਤੇ ਉਨ੍ਹਾਂ ਦੇ ਨਵੇਂ ਪਰਿਪੇਖ ਵੀ ਪੇਸ਼ ਕਰਦੀ ਹੈ।

ਕਿਸੇ ਵੀ ਕਵਿਤਾ ਦੀ ਇਸ ਵਿਲੱਖਣਤਾ ਨੂੰ ਰੋਮਨ ਜੈਕਬਸਨ ਨੇ ਕਾਵਿ ਦਾ ਮੀਰੀ ਗੁਣ, ਕਾਵਿਕਤਾ (poetic) ਦਾ ਨਾਮ ਦਿੱਤਾ ਸੀ, ਜੋ ਕਿ ਕਾਵਿ-ਭਾਸ਼ਾ ਦੀਆਂ ਕਾਵਿ ਪ੍ਰਯੋਜਕਾਂ ਨਾਲ਼ ਲਬਰੇਜ਼ ਭਾਸ਼ਾਈ ਵਿਸ਼ੇਸ਼ਤਾਵਾਂ ਤੋਂ ਉਤਪੰਨ ਹੁੰਦੀ ਹੈ। ਕਾਵਿ-ਭਾਸ਼ਾ ਵਿਚ ਉਹ ਸਭ ਕੁਝ ਹੁੰਦਾ ਹੈ ਜੋ ਸਾਧਾਰਨ ਭਾਸ਼ਿਕੀ ਸੁਨੇਹੇ ਨੂੰ ਕਲਾ-ਕਿਰਤ ਵਿਚ ਬਦਲਦਾ ਹੈ।[1] ਇਸੇ ਤਰਕ ਦੀ ਉਸਾਰੀ ਲਈ ਰੂਸੀ ਰੂਪਵਾਦੀ ਚਿੰਤਕ ਮੁਕਾਰੋਵਸਕੀ ਨੇ ਟਕਸਾਲੀ ਭਾਸ਼ਾ (Standard language) ਅਤੇ ਕਾਵਿਕ ਭਾਸ਼ਾ (poetic language) ਵਿਚ ਨਿਖੇੜਾ ਕੀਤਾ ਹੈ। ਉਸਨੇ ਮੰਨਿਆ ਹੈ ਕਿ ਕਾਵਿਕਤਾ ਦੇ ਸਿਰਜਣ ਵਿਚ ਕਾਵਿਕਤਾ, ਭਾਸ਼ਾ ਦੀ ਸਮਰਥਾ ਨੂੰ ਵਧਾਉਂਦੀ ਅਤੇ ਉਦੀਪਤ ਕਰਦੀ ਹੈ, ਜੋ ਕਿ ਭਾਸ਼ਾ ਨੂੰ ਉਸਦੇ ਪ੍ਰਗਟਾਅ ਸਾਧਨਾਂ ਵਿਚ ਵਡੇਰੀ ਭਿੰਨਤਾਮੂਲਕਤਾ (Richer differentiation) ਪੈਦਾ ਕਰਦੀ ਹੈ।[2] ਸਪਸ਼ਟ ਹੈ ਕਿ ਪ੍ਰਗਟਾਅ ਸਾਧਨਾਂ ਅਤੇ ਪ੍ਰਗਟਸ਼ੀਲ ਵਸਤੂ ਵਿਚ ਭਿੰਨਤਾ ਦਾ ਵਡੇਰਾਪਣ ਹੀ ਕਾਵਿਕ ਭਾਸ਼ਾ ਦੇ ਨਿਵੇਕਲੇ ਚਰਿੱਤਰ ਦੀ ਉਸਾਰੀ ਕਰਦਾ ਹੈ, ਜਿਸ ਅਧੀਨ ਕਵੀ ਭਾਸ਼ਾ ਦਾ ਅਜਿਹਾ ਪ੍ਰਤੀਕਾਤਮਿਕ, ਰੂਪਕੀ, ਆਲੰਕਾਰਕ ਅਤੇ ਮਿੱਥਕੀ ਪ੍ਰਯੋਗ ਕਰਦਾ ਹੈ ਜਿਸ ਕਰਕੇ ਸਾਧਾਰਨ ਭਾਸ਼ਾ ਦੇ ਚਿੰਨ੍ਹ ਵੀ ਨਵੇਂ ਅਰਥਾਂ ਵਿਚ ਪੇਸ਼ ਹੋ ਜਾਂਦੇ ਹਨ ਅਤੇ ਭਾਸ਼ਾ ਦਾ ਸੁਭਾਅ ਸਾਧਾਰਨ ਪੱਧਰ ਦਾ ਸੰਚਾਰ- ਮੂਲਕ ਹੋਣ ਦੀ ਥਾਂ ਸੁਹਜਾਤਮਿਕ ਹੋ ਜਾਂਦਾ ਹੈ। ਜਾਨ ਮੁਕਾਰੋਵਸਕੀ ਦੇ ਮਸ਼ਹੂਰ ਲੇਖ The Aesthetics of Language ਵਿਚ ਉਸਨੇ ਸਪਸ਼ਟ ਲਿਖਿਆ ਹੈ ਕਿ ਕਵਿਤਾ ਦੀ ਸੁਹਜਾਤਮਿਕਤਾ ਦਾ ਆਧਾਰ ਕਾਵਿਕ ਭਾਸ਼ਾ ਦੀ ਸੁਹਜਾਤਮਿਕ ਵਿਉਂਤ ਹੈ। ਕਾਵਿ-ਕਿਰਤ ਭਾਸ਼ਾ ਦੀ ਅਜਿਹੀ ਗੁੰਝਲਦਾਰ, ਸੰਯੁਕਤ ਸੁਹਜ-ਸੰਰਚਨਾ ਦਾ ਨਿਰਮਾਣ ਕਰਦੀ ਹੈ, ਜਿਸ ਵਿਚ ਉਸਦੇ ਸਾਰੇ ਅੰਗ, ਜੁਜ਼ਾਂ ਵਾਂਗ ਸੰਗਠਿਤ ਹੁੰਦੇ ਹੋਏ, ਆਪ ਅੱਗੇ ਆਉਣ ਦੀ ਥਾਂ ਉਨ੍ਹਾਂ ਦੇ ਆਪਸੀ ਸੰਬੰਧ ਅੱਗੇ ਆਉਂਦੇ ਹਨ। ਇਹ ਹੀ ਤਰਕ ਕਾਵਿ ਕਿਰਤ ਨੂੰ ਕਿਸੇ ਵੀ ਸੰਚਾਰਮੂਲਕ ਹੁੰਗਾਰੇ (communicative response) ਤੋਂ ਅੱਗੇ ਲੈ ਜਾਂਦਾ ਹੈ।[3]

ਫਰਾਂਸ ਦੀ ਪ੍ਰਸਿੱਧ ਚਿਹਨ-ਵਿਗਿਆਨੀ ਜੂਲੀਆ ਕ੍ਰਿਸਟੇਵਾ ਨੇ ਵੀ ਭਾਸ਼ਾ ਦੇ ਦੋ ਪੱਧਰ ਚਿਹਨਤਾਮਿਕ ਪੱਧਰ (semiotic level) ਅਤੇ ਪ੍ਰਤੀਕਾਤਮਿਕ ਪੱਧਰ (symbolic level) ਵਿਚ ਵੰਡ ਕੇ ਕਾਵਿ-ਭਾਸ਼ਾ ਦੀ ਕਾਵਿਕਤਾ ਦੇ ਸਿਰਜਣ ਨੂੰ ਅਹਿਮੀਅਤ ਦਿੱਤੀ ਹੈ ਅਤੇ ਉਸਦੇ ਚਰਿੱਤਰ ਨੂੰ ਵਿਚਾਰਾਤਮਿਕ (theoretic) ਮੰਨਿਆ ਹੈ।[4] ਕਾਵਿਕਤਾ ਨੂੰ

ਸਿਰਜਣ ਵਾਲੇ ਇਸ ਵਿਚਾਰਾਤਮਿਕ ਪ੍ਰਸੰਗ ਦਾ ਅਰਥ ਇਹ ਹੈ ਕਿ ਅਸਲੀ ਕਵੀ ਕਵਿਤਾ ਰਾਹੀਂ ਪ੍ਰਚਲਤ ਸੰਚਾਰ-ਪ੍ਰਬੰਧਾਂ ਦੇ ਤਰਕ-ਵਿਧਾਨ ਦਾ ਦੁਹਰਾਉ ਨਹੀਂ ਕਰਦਾ ਜਿਵੇਂ ਕਿ ਸੰਚਾਰ-ਮੂਲਕ ਭਾਸ਼ਾ ਕਰਦੀ ਹੈ, ਸਗੋਂ ਅਜਿਹੇ ਵਿਚਾਰਾਤਮਿਕ ਚੌਖਟੇ ਦਾ ਨਿਰਮਾਣ ਕਰਦਾ ਹੈ, ਜਿਸਦਾ ਆਪਣਾ ਇਕ ਵਿਲੱਖਣ ਤਰਕ-ਵਿਧਾਨ ਹੈ। ਇਸਨੂੰ ਹੀ ਕ੍ਰਿਸਟੇਵਾ ਨੇ ਭਾਸ਼ਾ ਦੇ ਵਿਚਾਰਾਤਮਿਕ ਪ੍ਰਗਟਾਅ ਦਾ ਨਾਮ ਦਿੱਤਾ ਹੈ। ਉਦਾਹਰਣ ਵਜੋਂ :

ਅਸਾਂ ਤਾਂ ਖੂਨ ਵਿਚ ਡੁੱਬ ਕੇ ਲਿਖੀ ਹੈ ਗਜ਼ਲ
ਉਹ ਹੋਰ ਹੀ ਨੇ ਜੋ ਲਿਖਦੇ ਨੇ ਬਹਿਰ ਅੰਦਰ ।[5]

ਇਸ ਸ਼ਿਅਰ ਵਿਚ ਖੂਨ ਅੰਦਰ ਡੁੱਬ ਕੇ ਲਿਖਣ ਅਤੇ ਬਹਿਰ ਵਿਚ ਲਿਖਣ ਦਾ ਵਿਰੋਧ ਅਸਲ ਕਾਵਿਕਤਾ ਨੂੰ ਸਿਰਜਣ ਵਾਲੇ ਉਨ੍ਹਾਂ ਦੋ ਧੁਰਿਆਂ ਦੀ ਗੱਲ ਕਰਦਾ ਹੈ, ਜਿਨ੍ਹਾਂ ਵਿਚ ਇਕ ਦੁਹਰਾਉ-ਮੂਲਕ (ਉਹ ਹੋਰ ਹੀ ਨੇ ਜੋ ਲਿਖਦੇ ਨੇ ਬਹਿਰ ਅੰਦਰ) ਅਤੇ ਦੂਜਾ ਵਿਲੱਖਣ ਅਤੇ ਭਿੰਨਤਾਮੂਲਕ ਵਿਚਾਰਾਤਮਿਕ ਚਰਿੱਤਰ ਨੂੰ ਸਿਰਜਣ ਵਾਲਾ ਹੈ। (ਭਾਵ ਖੂਨ ਵਿਚ ਡੁੱਬ ਕੇ ਲਿਖੀ ਗਜ਼ਲ) ਇਸ ਕਿਸਮ ਦੀ ਵਿਲੱਖਣਤਾ ਨੂੰ ਸਿਰਜਣ ਵਾਲੀਆਂ ਭਿੰਨਤਾਮੂਲਕ ਉਕਤੀਆਂ ਸਾਨੂੰ ਹਰ ਮਹੱਤਵਪੂਰਨ ਕਵੀ ਵਿਚ ਮਿਲਦੀਆਂ ਹਨ, ਜੋ ਉਸਦੀ ਕਵਿਤਾ ਦਾ ਆਧਾਰ-ਬਿੰਦੂ ਬਣ ਕੇ ਉਸਦੀ ਕਵਿਤਾ ਨੂੰ ਸਮੁੱਚੀ ਕਾਵਿ-ਪਰੰਪਰਾ ਵਿਚ ਵਿਲੱਖਣ ਸਥਾਨ ਪ੍ਰਦਾਨ ਕਰਦੀਆਂ ਹਨ । ਇਹ ਹੀ ਉਹ ਅਵਸਥਾ ਹੈ, ਜਿਸ ਉਪਰ ਪੁੱਜੇ ਕਵੀ ਨੂੰ ਅਮਰੀਕੀ ਚਿੰਤਕ ਹਾਰਲਡ ਬਲੂਮ ਨੇ ਸਮਰਥਾ-ਸੰਪੰਨ ਕਵੀ ਦਾ ਨਾਮ ਦਿੱਤਾ ਹੈ।[6]

ਵਰਤਮਾਨ ਅਧਿਐਨ ਵਿਚ ਅਸੀਂ ਕਾਵਿਕਤਾ ਨੂੰ ਸਿਰਜਣ ਵਾਲੀ ਇਸ ਵਿਲੱਖਣ ਕਾਵਿਕ-ਪ੍ਰਵਰਗ(poetic category) ਨੂੰ ਮਿੱਥਕ ਭਾਸ਼ਾ(Mythical language) ਦਾ ਨਾਮ ਦਿੱਤਾ ਹੈ, ਕਿਉਂਕਿ ਕਾਵਿਕਤਾ ਦਾ ਸਿਰਜਣ ਕਰਨ ਸਮੇਂ ਕਵੀ ਆਪਣੀ ਸਿਰਜਣਾਤਮਿਕ ਪ੍ਰਤਿਭਾ ਦੇ ਫਲਸਰੂਪ ਇਕ ਅਜਿਹਾ ਮਿੱਥਕ ਯਥਾਰਥ(Mythical reality) ਦਾ ਨਿਰਮਾਣ ਕਰਨ ਲਈ ਯਤਨਸ਼ੀਲ ਹੁੰਦਾ ਹੈ, ਜਿਸ ਵਿਚ ਵਸਤੂ-ਯਥਾਰਥ ਦੇ ਹਵਾਲਾ ਜਾਂ ਅਕਸ ਤਾਂ ਹੋਵੇ ਪਰੰਤੂ ਉਸਦਾ ਇੱਕ ਵਿਲੱਖਣ ਅਸਤਿਤਵ ਵੀ ਹੋਵੇ। ਇਸ ਕਰਕੇ ਉਹ ਆਮ ਭਾਸ਼ਾ, ਦੇ ਚਿਹਨ-ਪ੍ਰਬੰਧ (sign system) ਨੂੰ ਵਿਸ਼ੇਸ਼ ਕਿਸਮ ਦੀ ਮਨੋਰਥਪਰਕਤਾ (intentionality) ਨਾਲ ਅਜਿਹੇ ਨਵੇਂ ਸੰਯੋਗ ਪ੍ਰਦਾਨ ਕਰਦਾ ਹੈ ਕਿ ਯਥਾਰਥ ਦੇ ਸਪਸ਼ਟ ਦੀਦਾਰ ਦੀ ਥਾਂ ਅਸੀਂ ਯਥਾਰਥ ਦੇ ਪ੍ਰਤੀਬਿੰਬ ਦੇ ਸਨਮੁੱਖ ਹੁੰਦੇ ਹਾਂ। ਇਸੇ ਕਰਕੇ ਇਸ ਹਾਲਤ ਵਿਚ ਯਥਾਰਥ ਦਾ ਸਰੂਪ ਵਸਤੂਗਤ(objective) ਹੋਣ ਦੀ ਥਾਂ ਮਿੱਥਕੀ ਬਣ ਜਾਂਦਾ ਹੈ, ਜੋ ਕਿ ਕਵਿਤਾ ਦੀ ਕਾਵਿਕਤਾ ਦੀ ਬੁਨਿਆਦ ਹੋ ਨਿੱਬੜਦਾ ਹੈ। ਇਸ ਕਰਕੇ ਕਾਵਿਕ ਮਿੱਥ ਅਜਿਹਾ ਮੂਲਭੂਤ ਤਰਕ-ਵਿਧਾਨ ਦਾ ਨਿਰਮਾਣਕਾਰੀ ਤੱਤ ਹੈ, ਜੋ ਇਕ ਪਾਸੇ ਤਾਂ ਕਵੀ ਦੇ ਅਵਚੇਤਨ ਵਿਚ ਬਿਰਾਜਮਾਨ ਕਾਵਿ ਸੰਵੇਦਨਾ ਦੇ ਅਮੂਰਤ ਪ੍ਰੇਰਕਾਂ ਨਾਲ ਸਰਸ਼ਾਰ ਹੁੰਦੀ ਹੈ ਅਤੇ ਦੂਜੇ ਪਾਸੇ ਪ੍ਰਗਟਾਅਮੂਲਕ ਭਾਸ਼ਾ ਨੂੰ ਅਜਿਹਾ ਪ੍ਰਤੀਕਾਤਮਿਕ ਅਤੇ ਗਿਆਨ-ਮੂਲਕ ਬਿੰਬ ਵਿਧਾਨ ਪ੍ਰਦਾਨ ਕਰਦੀ ਹੈ, ਜਿਸ ਰਾਹੀਂ ਉਹ ਆਪਣੀ ਸਾਧਾਰਨਤਾ ਨੂੰ ਵਿਸ਼ੇਸ਼ੀਕ੍ਰਿਤ ਪ੍ਰਗਟਾਅ ਪ੍ਰਕਿਰਿਆ ਦੀ ਅਵਸਥਾ ਪ੍ਰਦਾਨ ਕਰ ਦਿੰਦੀ ਹੈ।

ਆਧੁਨਿਕ ਪੰਜਾਬੀ ਕਾਵਿ-ਪਰੰਪਰਾ ਵਿਚ ਸ਼ਿਵ ਕੁਮਾਰ ਅਜਿਹਾ ਸਮਰਥਾ-ਸੰਪੰਨ ਕਵੀ ਹੈ, ਜਿਸ ਦੀ ਸਮੁੱਚੀ ਰਚਨਾ ਕਾਵਿਕਤਾ ਨੂੰ ਸਿਰਜਣ ਦੇ ਮਿੱਥਕੀ ਪ੍ਰਸੰਗਾਂ ਦਾ ਨਿਰਮਾਣ ਕਰਦੀ ਹੈ। ਇਤਿਹਾਸਕ ਤੌਰ 'ਤੇ ਸ਼ਿਵ ਕੁਮਾਰ ਦੀ ਕਵਿਤਾ ਅਜਿਹੇ ਕਾਲ-ਬਿੰਦੂ ਨਾਲ ਸੰਬੰਧ

ਰੱਖਦੀ ਹੈ, ਜਿਥੇ ਪੰਜਾਬੀ ਮਾਨਸਿਕਤਾ ਸੁਚੇਤਨ ਅਤੇ ਅਵਚੇਤਨ ਪੱਧਰ ਦੀ ਵਿੱਥ ਨਾਲ ਸੰਕਟ-ਗ੍ਰਸਤ ਹੋ ਰਹੀ ਸੀ। ਇਸ ਕਾਲ ਦਾ ਸੁਚੇਤਨ, ਆਧੁਨਿਕਤਾਵਾਦੀ ਗਿਆਨ ਸ਼ਾਸਤਰ ਨਾਲ ਜੁੜਿਆ ਹੋਇਆ ਸੀ, ਜਦਕਿ ਅਵਚੇਤਨ ਪੱਧਰ ਦੇ ਨਿਰਮਾਣਕਾਰੀ ਕਵੀ ਪਰੰਪਰਾਵਾਦੀ ਅਤੇ ਰੂੜ੍ਹੀਵਾਦੀ ਸਰੋਕਾਰਾਂ ਨਾਲ ਹੋਂਦਸ਼ੀਲ ਸਨ। ਇਸ ਕਰਕੇ ਇਹ ਕਵਿਤਾ ਆਧੁਨਿਕ ਗਿਆਨ-ਸ਼ਾਸਤਰ ਨਾਲ ਸੰਪੰਨਤਾ ਧਾਰਨ ਕਰਨ ਉਪਰਾਂਤ ਪਰੰਪਰਾਗਤ ਸ਼ਿਸ਼ਟਾਚਾਰਕ ਪ੍ਰਬੰਧਾਂ ਪ੍ਰਤੀ ਸਿਰਜਣਾਤਮਿਕ ਅਤੇ ਕਾਵਿਕ ਸੰਵਾਦ ਦਾ ਸਿੱਟਾ ਹੈ।

ਇਸ ਕਰਕੇ ਸ਼ਿਵ ਕੁਮਾਰ ਦਾ ਕਾਵਿ-ਸੰਸਾਰ ਇਕ ਪਾਸੇ ਤਾਂ ਪ੍ਰਕਿਰਤੀ ਅਤੇ ਮਨੁੱਖ ਵਿਚ ਸਮੂਰਤਤਾ ਦਾ ਰਿਸ਼ਤਾ ਉਭਾਰਦਾ ਹੋਇਆ ਵੈਰਾਗ ਦੇ ਗੁਣ ਦੀ ਸਿਰਜਣਾ ਕਰਦਾ ਹੈ ਜਿਸ ਵਿਚ ਮਨੁੱਖ ਦੀ ਵਿਆਖਿਆ ਪੰਜਾਬੀ ਸਭਿਆਚਾਰ ਦੇ ਪ੍ਰਤੀਕ-ਪ੍ਰਬੰਧ ਰਾਹੀਂ ਕੀਤੀ ਜਾਂਦੀ ਹੈ ਅਤੇ ਸਦਾਚਾਰ ਅਤੇ ਕਿਰਦਾਰ ਦੀ ਬੁਲੰਦੀ ਦੀ ਪਰਿਕਲਪਨਾ ਕੀਤੀ ਜਾਂਦੀ ਹੈ। ਦੂਜੇ ਪਾਸੇ, ਆਧੁਨਿਕ ਚਿੰਤਨਸ਼ੀਲਤਾ ਦੀ ਮੰਥਨਕਾਰੀ ਵਿਧੀ ਰਾਹੀਂ ਪਰੰਪਰਾਮਈ ਪ੍ਰਤਿਮਾਨਾ ਦੇ ਚੌਖਟੇ ਵਿਚ ਬੱਝਾ ਮਨੁੱਖ ਸਵੈ ਦੀ ਸਥਾਪਤੀ ਅਤੇ ਪ੍ਰਮਾਣਿਕਤਾ ਦੀ ਤਲਾਸ਼ ਵਿਚ ਇਨ੍ਹਾਂ ਬੰਧਨਾਂ ਰਾਹੀਂ ਵਿਸ਼ਾਦ, ਸਵੈਪੀੜਾ ਅਤੇ ਅਸਤਿਤਵਹੀਣਤਾ ਦੇ ਸੰਦਰਭ ਸਿਰਜਦਾ ਹੈ। ਇਸ ਸੰਦਰਭ ਵਿਚ ਸ਼ਿਵ ਕੁਮਾਰ ਦੀ ਕਾਵਿਕ-ਮਿੱਥ ਸਿਰਜਣ ਦੀ ਜੁਗਤ ਪਰੰਪਰਕ ਪ੍ਰਤੀਕ ਪ੍ਰਬੰਧ ਦੇ ਬਾਹਰੀ ਉਛਾੜ ਨੂੰ ਤੱਜ ਕੇ ਅੰਤਰਗੀਵੀ ਅਤੇ ਅਸਤਿਤਵ-ਮੂਲਕ ਸੱਚ ਨੂੰ ਸਥਾਪਤ ਕਰਨ ਦਾ ਯਤਨ ਹੈ। ਇਸ ਵਿਧੀ ਰਾਹੀਂ ਹੀ ਉਸਦੀ ਕਵਿਤਾ ਦਾ ਸਮੁੱਚਾ ਕਾਵਿਕ-ਬ੍ਰਹਿਮੰਡ ਅਜਿਹਾ ਬਣ ਜਾਂਦਾ ਹੈ, ਜਿਸਦਾ ਪ੍ਰਵੇਸ਼-ਦੁਆਰ ਦਾ ਮੁਹਾਂਦਰਾ ਤਾਂ ਪਰੰਪਰਕ ਨਜ਼ਰ ਆਉਂਦਾ ਹੈ ਪਰੰਤੂ ਉਸ ਅੰਦਰਲੇ ਸਾਰੇ ਪ੍ਰਸੰਗ ਆਧੁਨਿਕ ਹਨ। ਜਿਵੇਂ :

ਲੂਣਾ ਕਦੇ ਵਿਵਜਰਤ ਅੱਗ ਨੂੰ
ਸੱਚ ਕਹਿੰਦੀ ਹਾਂ ਹੱਥ ਨਾ ਲਾਈਂ
ਅਗਨ ਮਿਰਗ ਦੀ ਪੂਰਨ ਅੱਗੇ
ਜਿਉਣ ਜੋਗੀਏ ਬਾਤ ਨਾ ਪਾਈਂ
ਧਰਤੀ ਦੀ ਨਾਰੀ ਨੂੰ ਵੇਖੀਂ
ਚ੍ਰਿਤਰਹੀਣ ਨਾ ਕਦੇ ਕਹਾਈਂ
ਪੂਰਨ ਨੂੰ ਪੁੱਤਰ ਕਰ ਜਾਣੀ
ਪੁੱਤਰ-ਭੋਗ ਕਦੇ ਨਾ ਚਾਹੀਂ
ਅਗਨ ਮਿਰਗ ਨੂੰ ਵੇਚ ਕਸਾਈਆਂ
ਉਸਦੀ ਪੁੱਠੀ ਖੱਲ ਲੁਹਾਈਂ
ਸਾਰਾ ਚੰਬਾ ਦੇਸ਼ ਨਾ ਭੰਡੀਂ
ਬਾਬਲ ਦੇ ਸਿਰ ਖੇਹ ਨਾ ਪਾਈਂ।[7]

ਇਸ ਪ੍ਰਕਾਰ ਇਸ ਕਵਿਤਾ ਵਿਚ ਸਵੈ ਦੇ ਤਿਆਗ, ਸਦਾਚਾਰ ਦੀ ਸਥਾਪਨਾ ਅਤੇ ਪਰੰਪਰਕ ਪ੍ਰਤੀਮਾਨਾਂ ਨੂੰ ਪਹਿਲ ਪ੍ਰਦਾਨ ਕਰਕੇ ਮਨੁੱਖੀ ਅਸਤਿਤਵ ਦੇ ਕਾਮਨਾ-ਭਰਪੂਰ ਵਿਵਹਾਰ ਦੀ ਨਿਖੇਧੀ ਕੀਤੀ ਗਈ ਹੈ, ਜਿਸਦੇ ਪਰੰਪਰਾਗਤ ਪ੍ਰਸੰਗ ਦਾ ਪ੍ਰਤੀਉੱਤਰ ਮਨੁੱਖ ਦੀ ਆਧੁਨਿਕ ਮਿੱਥ ਰਾਹੀਂ ਪੇਸ਼ ਕਰਦਾ ਹੈ :

ਮੈਂ ਉਸਤੋਂ ਇਕ ਚੁੰਮਣ ਵੱਡੀ
ਪਰ ਮੈਂ ਕੀਕਣ ਮਾਂ ਉਹਦੀ ਲੱਗੀ
ਉਹ ਮੇਰੀ ਗਰਭ ਜੂਨ ਨਾ ਆਇਆ

ਸਈਏ ਨੀ ਮੈਂ ਧੀ ਵਰਗੀ ਸਲਵਾਨ ਦੀ।
ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹੇ
ਚ੍ਰਿਤਰਹੀਣ ਕਹੇ ਕਿਉਂ ਜੀਭ ਜਹਾਨ ਦੀ ?[8]
-------------------------
-------------------------
ਅੱਗ ਦਾ ਰਿਸ਼ਤਾ ਸਾੜਨ ਤੱਕ ਹੈ
ਅੱਗ ਦਾ ਰਿਸ਼ਤਾ ਚਾਨਣ ਤੱਕ ਹੈ
ਅਗਨ ਮਿਰਗ ਨੂੰ ਤਾਰਨ ਤੱਕ ਹੈ
ਹੋਰ ਜਵਾਨੀ ਰਿਸ਼ਤਾ ਨਾ ਕੋਈ ਜਾਣਦੀ!

ਸਈਏ ਨੀ ਜਦ ਮੇਰੀ ਕੰਚਨ ਦੇਹੀ
ਸੇਜ ਸੁਲਗਦੀ ਛੋਹ ਆਉਂਦੀ ਹੈ
ਆਪੇ 'ਚੋਂ ਮੈਨੂੰ ਬੋ ਆਉਂਦੀ ਹੈ
ਉਸ ਛਿਨ ਦੀ ਬੇਚੈਨੀ ਤੂੰ ਨਾ ਜਾਣਦੀ!
ਉਹ ਛਿਨ ਹੁੰਦਾ ਸਵਰਗੋਂ ਵੱਡਾ
ਭਿੰਨੀ ਜਿਹੀ ਮਹਿਕ ਵਿਚ ਭਿੱਜਾ
ਮਦਰਾ ਦੇ ਸਰਵਰ ਵਿਚ ਡਿੱਗਾ
ਉਹ ਛਿਨ ਸਈਏ ਕੋਈ ਕੋਈ ਜਿੰਦੜੀ ਮਾਣਦੀ।[9]

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ਼ਿਵ ਕੁਮਾਰ ਦਾ ਕਾਵਿ-ਸੰਸਾਰ ਮਨੁੱਖੀ ਹੋਂਦ ਦੇ ਪਰੰਪਰਕ ਸਰੋਕਾਰਾਂ ਦੀ ਸਥਾਪਨਾ ਦੀ ਜੁਗਤ ਦੀ ਵਰਤੋਂ ਨੂੰ ਅਸਲੀਅਤ ਵਿਚ ਇਨ੍ਹਾਂ ਦੇ ਵਿਸਥਾਪਨ ਲਈ ਵਰਤਦਾ ਹੋਇਆ ਮਨੁੱਖ ਦੇ ਪਰੰਪਰਕ ਸਰੋਕਾਰਾਂ ਦੀ ਨਵੇਂ ਸੰਦਰਭਾਂ ਵਿਚ ਸਾਰਥਿਕਤਾ ਨੂੰ ਉਜਾਗਰ ਕਰਨ ਦੀ ਮਨੋਰਥਪਰਕਤਾ ਅਧੀਨ ਆਪਣੀ ਕਾਵਿਕ ਮਿੱਥਕਤਾ ਦਾ ਤਰਕ-ਵਿਧਾਨ ਉਸਾਰਦਾ ਹੈ। ਜਿਵੇਂ ਕਿ ਅਸੀਂ ਉਪਰੋਕਤ ਉਦਾਹਰਣਾਂ ਵਿਚ ਦੇਖਿਆ ਹੈ ਕਿ ਕਵੀ ਨੇ ਪਹਿਲਾਂ ਮਨੁੱਖ ਦੇ ਪਰੰਪਰਕ ਅਤੇ ਤਥਾ-ਕਥਿਤ ਸਦਾਚਾਰਕਤਾ ਅਤੇ ਨੈਤਿਕਤਾ ਦੇ ਆਚਾਰ-ਵਿਹਾਰ ਨੂੰ ਆਦਿ-ਬਿੰਦੂ ਬਣਾ ਕੇ ਸਦਾਚਾਰਕਤਾ ਨੂੰ ਪਹਿਲ ਅਤੇ ਮਨੁੱਖੀ ਹੋਂਦ ਨੂੰ ਦੂਜੈਲਾ ਸਥਾਨ ਪ੍ਰਦਾਨ ਕੀਤਾ ਹੈ ਅਤੇ ਫਿਰ ਉਸਦੇ ਮਿੱਥਕੀ ਅਤੇ ਸਿਰਜਣਾਤਮਿਕ ਪ੍ਰਤਿਵਾਦ ਸਥਾਪਤ ਕਰਦੇ ਹੋਏ ਮਨੁੱਖੀ ਹੋਂਦ ਦਾ ਆਧਾਰ ਮਨੁੱਖ ਦੀ ਦੇਹਵਾਦੀ ਅਤੇ ਵ੍ਰਿਤੀਆਤਮਕ (instinctual) ਲੋਚਾ ਨੂੰ ਸਥਾਪਤ ਕੀਤਾ ਹੈ, ਜਿਸ ਵਿੱਚ ਮਨੁੱਖੀ ਹੋਂਦ ਕਾਮਨਾਵਾਂ ਦਾ ਸਮੁੱਚ ਬਣ ਕੇ ਲਟ ਲਟ ਬਲਦੀ ਅਗਨ ਦਾ ਰੂਪ ਹੈ, ਜਿਸਦਾ ਆਪਣੇ ਸਵੈ ਤੋਂ ਅਗਾਂਹ ਕੋਈ ਪਾਸਾਰ ਜਾਂ ਬ੍ਰਹਿਮੰਡ ਨਹੀਂ ਹੈ। ਇਹ ਹੀ ਮਾਨਵੀ ਹੋਂਦ ਦਾ ਸੱਚ ਹੈ, ਜਿਸਨੂੰ ਸਥਾਪਤ ਕਰਨਾ ਸ਼ਿਵ ਕੁਮਾਰ ਦੀ ਕਵਿਤਾ ਦੇ ਮਿੱਥ-ਪ੍ਰਬੰਧ ਦਾ ਮੂਲ਼ ਸਰੋਕਾਰ ਹੈ।

ੳ) ਮਾਨਵੀ ਭਾਵ -ਸੰਸਾਰ : ਮੂਲ਼ ਪ੍ਰੇਰਕ :

ਮਾਨਵੀ ਭਾਵ ਸੰਸਾਰ ਨੂੰ ਰੂਪਮਾਨ ਕਰਨ ਵਾਲੇ ਸ਼ਿਵ ਕੁਮਾਰ ਦੀ ਕਵਿਤਾ ਵਿਚ ਪ੍ਰਵਾਹਮਾਨ ਚਾਰ ਮੁੱਖ ਪ੍ਰੇਰਕ ਹਨ। (1) ਆਧੁਨਿਕਤਾਵਾਦੀ ਸੰਵੇਦਨਾ (2) ਸਭਿਆਚਾਰਕ

ਮਾਨਤਾਵਾਂ (3) ਮਾਨਵੀ ਹੋਂਦ ਦਾ ਸਦੀਵੀ ਸੰਕਟ ਅਤੇ (4) ਸੰਤੁਲਿਤ ਮਾਨਵੀ ਹੋਂਦ ਦੀ ਸਥਾਪਨਾ।

**1. ਆਧੁਨਿਕਤਾਵਾਦੀ ਸੰਵੇਦਨਾ**

ਸ਼ਿਵ ਕੁਮਾਰ ਦੀ ਕਵਿਤਾ ਦਾ ਪਹਿਲਾ ਪ੍ਰਮੁੱਖ ਪ੍ਰੇਰਕ ਆਧੁਨਿਕਤਾਵਾਦੀ ਸੰਵੇਦਨਾ ਹੈ। ਸਪਸ਼ਟ ਹੈ ਕਿ ਆਧੁਨਿਕਤਾਵਾਦੀ ਸੰਵੇਦਨਾ ਅਧੀਨ ਵਿਸ਼ਵ ਦੇ ਕਲਾਕਾਰਾਂ, ਸਾਹਿਤਕਾਰਾਂ ਅਤੇ ਦਾਰਸ਼ਨਿਕਾਂ ਨੇ ਮਨੁੱਖੀ ਸੋਚ ਦੇ ਪਰੰਪਰਕ ਸੰਕਲਪਾਂ ਅਤੇ ਪ੍ਰਤੱਖਣ ਵਿਧੀਆਂ ਦਾ ਤਿਆਗ ਕੀਤਾ ਸੀ ਅਤੇ ਉਨ੍ਹਾਂ ਨੇ ਹਰ ਇਕ ਵਰਤਾਰੇ ਦੀ ਹੋਂਦ- ਵਿਧੀ ਲਈ ਨਵੇਂ ਨਿਯਮ, ਨਵੀਆਂ ਮਰਯਾਦਾਵਾਂ ਅਤੇ ਨਵੇਂ ਪ੍ਰਤਿਮਾਨਾਂ ਦੀ ਸਥਾਪਨਾ ਕੀਤੀ ਸੀ ਜਿਸਦੇ ਸਿੱਟੇ ਵਜੋਂ ਮਨੁੱਖ ਦੀ ਬ੍ਰਹਿਮੰਡੀ ਸਥਿਤੀ ਅਤੇ ਪ੍ਰਕਾਰਜ ਬਾਰੇ ਨਵੇਂ ਤਜਰਬੇ ਸੰਭਵ ਹੋ ਸਕੇ। ਅਮਰੀਕੀ ਸਾਹਿਤ-ਸ਼ਾਸਤਰੀ ਫਰੈਂਕਲਿਰਿਸ਼ਾ ਦੇ ਖਿਆਲ ਮੁਤਾਬਿਕ ਆਧੁਨਿਕਤਾ ਨੇ ਰੱਬ ਦੀ ਥਾਂ ਸ਼ੈਤਾਨ ਨੂੰ ਨਾਇਕ ਬਣਾ ਕੇ ਸਾਹਿਤ-ਸਿਰਜਣਾ ਦਾ ਕਾਰਜ ਆਰੰਭਿਆ।[?] ਇਸ ਪ੍ਰਕਾਰ ਆਧੁਨਿਕਤਾਵਾਦੀ ਸੰਵੇਦਨਾ ਨਾਲ ਸਰਸ਼ਾਰ ਨਾਇਕ ਦੇ ਰਾਹੀਂ ਆਪਣੀ ਮਾਨਵੀ ਹੋਂਦ ਦਾ ਇੱਕਲਾਪਣ ਹੰਢਾਉਂਦੀ ਹੈ, ਸਦੀਵੀ ਤੌਰ 'ਤੇ ਸੰਕਟਗ੍ਰਸਤ ਹੈ, ਉਸਦੀ ਹੋਂਦ ਵਰਦਾਨ ਨਹੀਂ ਸਗੋਂ ਸਰਾਪ ਦਾ ਪ੍ਰਤਿਫਲ ਹੈ ਅਤੇ ਉਸਦਾ ਆਪਣੇ ਸਮਾਜਿਕ ਪ੍ਰਸੰਗਾਂ ਤੇ ਬ੍ਰਹਿਮੰਡੀ ਪ੍ਰਸੰਗਾਂ ਨਾਲ ਰਿਸ਼ਤਾ ਸਾਪੇਖਕ ਹੋਣ ਦੀ ਥਾਂ ਨਿਰਪੇਖਕ ਹੈ। ਆਧੁਨਿਕਤਾਵਾਦੀ ਚਿੰਤਨ ਨੂੰ ਪੰਜਾਬੀ ਦੀ ਪ੍ਰਯੋਗਸ਼ੀਲ ਅਤੇ ਸੁਹਜਵਾਦੀ ਕਾਵਿ-ਧਾਰਾ ਨੇ ਕਾਫ਼ੀ ਸਵੀਕਾਰ ਕੀਤਾ ਹੈ ਅਤੇ ਸ਼ਿਵ ਕੁਮਾਰ ਦੀ ਪ੍ਰਤੱਖਣ ਪ੍ਰਕਿਰਿਆ ਵਿਚ ਇਸਨੂੰ ਅਹਿਮ ਸਥਾਨ ਹਾਸਲ ਹੈ।

ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਵਿਚ ਮਿੱਥਕ-ਤਰਕ ਦੀ ਉਸਾਰੀ ਵਿਚ ਆਧੁਨਿਕਤਾਵਾਦੀ ਸੰਵੇਦਨਾ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਇਸ ਲਈ ਸ਼ਿਵ ਦੀ ਕਵਿਤਾ ਵਿਚ ਮਾਨਵੀ ਹੋਂਦ ਦੀ ਇਕੱਲਤਾ ਦੇ ਵਿਭਿੰਨ ਪਾਸਾਰ ਪੇਸ਼ ਕੀਤੇ ਗਏ ਹਨ। ਇਹ ਇਕੱਲਤਾ ਮਨੁੱਖ ਦੀ ਸਵੈ-ਸਿਰਜਿਤ ਹੋਣੀ ਹੈ। ਉਸਦਾ ਸਵੈ ਪੂਰੀ ਤਰ੍ਹਾਂ ਖੰਡਿਤ ਹੈ ਅਤੇ ਉਹ ਆਪਣੀ ਵਿਸ਼ੇਸ਼ ਪਹਿਚਾਣ ਦੀ ਤਲਾਸ਼ ਵਿਚ ਭਟਕਦਾ ਹੋਇਆ ਸਵੈ-ਪੀੜਾ ਦਾ ਸ਼ਿਕਾਰ ਹੈ:

ਮੈਂ ਅੱਧਾ ਥਲ ਵਿਚ ਮਰਿਆ ਸਾਂ
ਤੇ ਅੱਧਾ ਮਰ ਰਿਹਾ ਹਾਂ
ਮੈਂ ਅੱਧਾ ਥਲ 'ਚ ਜਦ ਮਰਿਆ
ਤਾਂ ਮੇਰੀ ਮਾਂ ਵਿਯੋਗਣ ਸੀ
ਮੈਂ ਅੱਧਾ ਸ਼ਹਿਰ ਵਿਚ ਜਦ ਮਰ ਰਿਹਾ ਹਾਂ
ਜੰਗਲ ਵਿਯੋਗੀ ਹੈ
ਮੈਂ ਧੁੱਪ ਵਿਚ ਵਰ੍ਹ ਰਹੀ
ਬਦਲੀ ਵਾਕਣ ਉਮਰ ਭੋਗੀ
ਤੇ ਕੁੱਖ ਤੋਂ ਕਬਰ ਤੱਕ
ਮੇਰੇ ਸਫ਼ਰ ਦੀ ਹਰ ਪੈੜ ਸੋਗੀ ਹੈ।[11]

ਸਵੈ ਦੀ ਇੱਕਲਤਾ ਅਤੇ ਸਵੈ-ਪੀੜਾ ਦਾ ਖੇਤਰ ਸਿਰਫ਼ 'ਮੈਂ' ਤੱਕ ਹੀ ਸੀਮਤ ਨਹੀਂ ਸਗੋਂ ਇਹ ਮੈਂ ਤੋਂ ਵਿਸਤ੍ਰਿਤ ਹੋ ਕੇ ਪ੍ਰਕਿਰਤੀ ਅਤੇ ਬ੍ਰਹਿਮੰਡ ਦੇ ਅਨੰਤ ਸੰਦਰਭਾਂ ਤੱਕ ਵਿਸਤਾਰ ਗ੍ਰਹਿਣ ਕਰਦੀ ਹੈ। ਇਸਦੇ ਘੇਰੇ ਵਿਚ ਵਿਅਕਤੀਗਤਤਾ ਵੀ ਸ਼ਾਮਲ ਹੈ ਅਤੇ ਸਮਾਜਿਕਤਾ ਵੀ। ਸਵੈ- ਸਿਰਜਿਤ ਤੇ ਸਮਾਜਿਕ ਰਿਸ਼ਤੇ ਵੀ ਸ਼ਾਮਲ ਹਨ ਅਤੇ ਖੂਨ ਦੇ ਰਿਸ਼ਤੇ ਵੀ। ਸ਼ਿਵ ਦੀ ਕਵਿਤਾ ਦਾ ਅਰਥ ਘੇਰਾ ਜਿਥੋਂ ਤੱਕ ਵਿਸਤ੍ਰਿਤ ਹੁੰਦਾ ਜਾਂਦਾ ਹੈ, ਕਵਿਤਾ ਵਿਚ ਪੇਸ਼ ਹੋ

ਰਿਹਾ ਮਾਨਵੀ-ਆਪਾ ਉਤਨਾ ਹੀ ਇਕੱਲਾ ਤੇ ਪੀੜਤ ਹੁੰਦਾ ਜਾਂਦਾ ਹੈ :

ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ, ਉਗੀ ਵਿਚ ਉਜਾੜਾਂ
ਜਾਂ ਉਡਦੀ ਬਦਲੋਟੀ ਕੋਈ ਵਰ੍ਹ ਗਈ ਵਿਚ ਪਹਾੜਾਂ
ਜਾਂ ਉਹ ਦੀਵਾ ਜਿਹੜਾ ਜਗਦਾ ਪੀਰਾਂ ਦੀ ਦੇਹਰੀ 'ਤੇ
ਜਾਂ ਉਹ ਕੋਇਲ ਕੰਠ ਜਿਦ੍ਹੇ ਦੀਆਂ ਸੂਤੀਆਂ ਜਾਵਣ ਨਾੜਾਂ
ਜਾਂ ਚੰਬੇ ਦੀ ਡਾਲੀ ਕੋਈ ਜੋ ਬਾਲਣ ਬਣ ਜਾਵੇ।[12]
-----------------------------------------
-----------------------------------------
-----------------------------------------

ਇਸ ਸਮੁੱਚੀ ਕਵਿਤਾ ਵਿਚ ਅਸੀਂ ਦੇਖਦੇ ਹਾਂ ਕਿ ਕਵੀ ਨੇ ਆਧੁਨਿਕ ਮਨੁੱਖ ਦੇ ਸਵੈ ਦੀ ਵਿਸੰਗਤੀ, ਅਸਤਿਤਵਹੀਣਤਾ ਅਤੇ ਸਵੈ-ਪੀੜਾ ਨੂੰ ਬਹੁ-ਪਾਸਾਰੀ ਤੇ ਬਹੁ ਪੱਖੀ ਪ੍ਰਤੀਕ-ਪ੍ਰਬੰਧਾਂ ਨਾਲ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ। ਯਥਾਰਥ ਦੀ ਇਸ ਭਾਂਤ ਦੀ ਪ੍ਰਤੱਖਣ ਪ੍ਰਕਿਰਿਆ ਦਾ ਦੂਜਾ ਅਹਿਮ ਪਾਸਾਰ ਇਹ ਪੇਸ਼ ਹੁੰਦਾ ਹੈ ਕਿ ਮਾਨਵੀ ਹੋਂਦ ਨੂੰ ਸਦੀਵੀ ਸੰਕਟ ਦਾ ਸ਼ਿਕਾਰ ਤਸਲੀਮ ਕਰ ਲੈਂਦਾ ਹੈ। ਮਾਨਵੀ ਹੋਂਦ ਉਸ ਲਈ ਵਰਦਾਨ ਨਹੀਂ ਸਗੋਂ ਸਰਾਪ ਹੈ, ਜਿਸਦੇ ਖੀਣ ਹੋਣ ਵਿਚ ਹੀ ਮਨੁੱਖ ਦੀ ਮੁਕਤੀ ਹੈ। ਉਹ ਜਦੋਂ ਵੀ ਸਮਾਜਿਕ ਜ਼ਿੰਦਗੀ ਦਾ ਪ੍ਰਸੰਗ ਪੇਸ਼ ਕਰਦਾ ਹੈ ਤਾਂ ਉਸ ਵਿਚ ਉਦਾਸੀ ਅਤੇ ਗਮਗੀਨਤਾ ਦਾ ਸੁਰ ਭਾਰੂ ਰਹਿੰਦਾ ਹੈ, ਇਹ ਸੁਰ ਸਮੁੱਚੇ ਕਾਵਿ-ਮੰਡਲ ਨੂੰ ਵਿਰਲਾਪ ਦਾ ਰੂਪ ਪ੍ਰਦਾਨ ਕਰ ਦਿੰਦਾ ਹੈ :

ਯਾਦ ਤੇਰੀ ਦੇ ਤਪਦੇ ਰਾਹੀਂ
ਮੈਂ ਹੰਝੂਆਂ ਦੀ ਛਬੀਲ ਲਾਈ
ਮੈਂ ਜ਼ਿੰਦਗੀ ਦੇ ਧੁਆਂਖੇ ਹੋਠਾਂ ਨੂੰ
ਰੋਜ਼ ਗਮ ਦੀ ਗਲੇ ਪਿਆਈ।[13]

ਜਾਂ

ਸੱਜਣ ਜੀ,
ਪਏ ਸਭ ਜਗ ਤਾਈ ਗਰਭ ਜੂਨ ਵਿਚ ਮਰਨਾ
ਜੰਮਣੋਂ ਪਹਿਲਾਂ ਔਧ ਹੰਢਾਈਏ
ਫੇਰ ਹੰਢਾਈਏ ਸ਼ਰਮਾਂ
ਮਰ ਕੇ ਕਰੀਏ, ਇਕ ਦੂਜੇ ਦੀ
ਮਿੱਟੀ ਦੀ ਪਰਿਕਰਮਾ
ਪਰ ਜੇ ਮਿੱਟੀ ਵੀ ਮਰ ਜਾਵੇ, ਤਾਂ ਜਿਉਂ ਕੇ ਕੀ ਕਰਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ, ਮੁੜ ਜਾਣਾ ਅਸਾਂ ਭਰੇ ਭਰਾਏ
ਹਿਜ਼ਰ ਤੇਰੇ ਦੀ ਕਰ ਪਰਿਕਰਮਾ ।[14]

ਸਪਸ਼ਟ ਹੈ ਕਿ 'ਇਸ ਭਰੇ ਭਰਾਏ' ਦਾ ਅਸਲ ਸਰੂਪ ਸਦੀਵੀ ਸੁੰਨਾਪਣ ਹੈ, ਜਿਸਦਾ ਸਿੱਟਾ ਜੋਬਨ ਰੁੱਤੇ ਮਰਨ ਦੀ ਕਾਮਨਾ ਬਣਕੇ ਪੇਸ਼ ਹੁੰਦਾ ਹੈ, ਜਿਸ ਵਿਚੋਂ ਸਾਨੂੰ ਇਕੋ ਸਮੇਂ ਮੌਤ ਮੰਗਦੀ ਸਹਿਜਤਾ ਵੀ ਵਿਖਾਈ ਦਿੰਦੀ ਹੈ ਅਤੇ ਜ਼ਿੰਦਗੀ ਦੀ ਵਿਸ਼ਾਲਤਾ ਵੀ। ਇਸ ਤਰ੍ਹਾਂ ਸ਼ਿਵ ਕੁਮਾਰ ਆਧੁਨਿਕਤਾਵਾਦੀ ਸੰਵੇਦਨਾ ਦੇ ਮੂਲ ਪ੍ਰੇਰਕ ਰਾਹੀਂ ਆਪਣੇ ਮਿੱਥ ਪ੍ਰਬੰਧ ਦੀ

ਸਿਰਜਣਾ ਕਰਦਾ ਹੈ।

2. ਸਭਿਆਚਾਰਕ ਮਾਨਤਾਵਾਂ

ਸ਼ਿਵ ਕੁਮਾਰ ਦੀ ਕਵਿਤਾ ਵਿਚ ਪੇਸ਼ ਮਾਨਵੀ ਭਾਵ-ਸੰਸਾਰ ਦਾ ਦੂਜਾ ਪ੍ਰਮੁੱਖ ਤੱਥ ਸਭਿਆਚਾਰਕ ਮਾਨਤਾਵਾਂ ਹਨ। ਉਸ ਦੀ ਸਮੁੱਚੀ ਕਵਿਤਾ ਵਿਚ ਮਨੁੱਖੀ ਹੋਂਦ ਨੂੰ ਸੰਚਾਰ ਦੀ ਪ੍ਰਕਿਰਿਆ ਵਿਚ ਪਾਉਣ ਸਮੇਂ ਭਾਸ਼ਿਕ ਅਤੇ ਸਭਿਆਚਾਰਕ ਕੋਡਾਂ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕੀਤੀ ਗਈ ਹੈ। ਇਸ ਕਰਕੇ ਸ਼ਿਵ ਕੁਮਾਰ ਆਪਣੀ ਕਵਿਤਾ ਵਿਚ ਪੇਸ਼ ਮਾਨਵ ਦੀ ਹੋਂਦ ਦੇ ਸਮੁੱਚੇ ਪ੍ਰਸੰਗਾਂ ਨੂੰ ਸਭਿਆਚਾਰਕ ਮਾਨਤਾਵਾਂ ਦੇ ਵਿਸ਼ਾਲ ਤਾਣੇ-ਪੇਟੇ ਵਿਚ ਪੇਸ਼ ਕਰਦਾ ਹੈ।

ਸ਼ਿਵ ਕੁਮਾਰ ਦੇ ਕਾਵਿ-ਜਗਤ ਵਿਚ ਸਭਿਆਚਾਰਕ ਮਾਨਤਾਵਾਂ ਦੋ ਪੱਧਰਾਂ 'ਤੇ ਕਾਰਜਸ਼ੀਲ ਹੁੰਦੀਆਂ ਹਨ। ਪਹਿਲੇ ਪੱਧਰ ਉੱਤੇ ਸਭਿਆਚਾਰਕ ਰੂਪਾਂ ਨੂੰ ਸਥਾਪਤ ਮਾਣ-ਮਰਯਾਦਾਵਾਂ, ਰਸਮੋ-ਰਿਵਾਜ, ਰਿਸ਼ਤੇ-ਨਾਤੇ , ਸਦਾਚਾਰ ਅਤੇ ਨੀਤੀ ਦੇ ਸੰਗਠਨ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸ਼ਿਵ ਕੁਮਾਰ ਆਪਣੇ ਕਾਵਿਕ-ਪਾਠਾਂ ਦੀ ਸ਼ੁਰੂਆਤ ਸਭਿਆਚਾਰ ਦੇ ਉਪਰੋਕਤ ਪ੍ਰਸੰਗਾਂ ਤੋਂ ਕਰਦਾ ਹੈ। ਦੂਜੇ ਪੱਧਰ ਉਪਰ ਸ਼ਿਵ ਕੁਮਾਰ ਸਭਿਆਚਾਰ ਦੇ ਉਪਰੋਕਤ ਪ੍ਰਤਿਮਾਨਾਂ ਦਾ ਤਿਆਗ ਕਰਕੇ ਵਿਅਕਤੀ ਦੀਆਂ ਖ਼ਾਹਿਸ਼ਾਂ ਅਤੇ ਕਾਮਨਾਵਾਂ ਦੇ ਅਨੁਰੂਪ ਸਭਿਆਚਾਰਕ ਮਾਨਤਾਵਾਂ ਦੀ ਸਥਾਪਨਾ ਕਰਦਾ ਹੈ। ਹੇਠ ਲਿਖੀਆਂ ਦੋਵੇਂ ਉਦਾਹਰਣਾਂ ਇਸ ਤਰਕ ਦਾ ਸਮਰਥਨ ਕਰਦੀਆਂ ਹਨ :

ਜਦ ਪੈਣ ਕਪਾਹੀ ਫੁੱਲ ਵੇ ਧਰਮੀ ਬਾਬਲਾ
ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ ਧਰਮੀ ਬਾਬਲਾ ![15]

ਜਾਂ

ਇਹ ਇੱਛਰਾਂ ਸੰਗ ਵੀ ਅਨਿਆਂ ਹੈ
ਉਹ ਤੇਰੇ ਵਿਹੜੇ ਦੀ ਛਾਂ ਹੈ
ਤੇ ਤੇਰੇ ਪੁੱਤਰ ਦੀ ਮਾਂ ਹੈ
ਨਾਰੀ ਜਦ ਮਾਂ ਬਣ ਜਾਵੇ
ਨਾਰੀ ਨਹੀਂ,ਬੇਜੀਭੀ ਗਾਂ ਹੈ।[16]

ਇਸੇ ਪ੍ਰਕਾਰ ਸ਼ਿਵ ਕੁਮਾਰ ਸਥਾਪਤ ਮਾਨਤਾਵਾਂ ਦੇ ਅੰਤਰੀਵੀ ਕਪਟ ਨੂੰ ਪੇਸ਼ ਕਰਦਾ ਹੈ :

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ
ਮੇਰੇ ਫੁੱਲ ਕੁਮਲਾਇਆ
ਮੈਂ ਪੂਰਨ ਦੀ ਮਾਂ
ਪੂਰਨ ਦੇ ਹਾਣ ਦੀ;[17]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਸ ਦੀ ਕਵਿਤਾ ਵਿਚ ਸਭਿਆਚਾਰਕ ਮਾਨਤਾਵਾਂ ਦੋਹਰੇ ਰੂਪ ਵਿਚ ਪੇਸ਼ ਹੋ ਕੇ ਇਕ ਪਾਸੇ ਤਾਂ ਸਥਾਪਤੀ ਦੀ ਕਪਟਤਾ ਨੂੰ ਪੇਸ਼ ਕਰਦੀਆਂ ਹਨ ਅਤੇ ਦੂਜੇ ਪਾਸੇ ਸੰਤੁਲਿਤ ਮਨੁੱਖ ਦੀ ਸਥਾਪਤੀ ਲਈ ਨਿਯਮ-ਪ੍ਰਬੰਧ ਬਣਨ ਦੀ ਧਾਰਨਾ ਨੂੰ ਪੇਸ਼ ਕਰਦੀਆਂ ਹਨ।

ਸੰਤੁਲਿਤ ਮਨੁੱਖ ਦੇ ਅਨੁਸਾਰੀ ਸਭਿਆਚਾਰਕ ਮਾਨਤਾਵਾਂ ਦੀ ਕਲਪਨਾ ਕਰਦਾ ਹੋਇਆ ਸ਼ਿਵ ਕੁਮਾਰ ਇਕ ਅਜਿਹੇ ਸਮਾਜ ਦੀ ਗੱਲ ਕਰਦਾ ਹੈ ਜਿਥੇ ਸਭਿਆਚਾਰਕ ਮਾਨਤਾਵਾਂ ਮਨੁੱਖੀ ਕਾਮਨਾਵਾਂ ਦੀ ਪੂਰਤੀ ਵਿਚ ਬੰਧਨ ਬਨਣ ਦੀ ਥਾਂ ਸਹਾਈ ਹੋਣ। ਇਸ ਕਰਕੇ ਸ਼ਿਵ

ਕੁਮਾਰ ਸਮੁੱਚੇ ਮਾਨਵੀ ਰਿਸ਼ਤਿਆਂ ਦੇ ਪ੍ਰਬੰਧ ਵਿਚ ਅਜਿਹੀ ਤਬਦੀਲੀ ਕਰਨੀ ਲੋੜਦਾ ਹੈ ਜਿਸਨੂੰ ਵਸਤੂਗਤ ਰੂਪ ਦੇਣ ਲਈ ਬੇਸ਼ਕ ਆਪਣੇ ਸਵੈ ਦੀ ਕੁਰਬਾਨੀ ਕਿਉਂ ਨਾ ਦੇਣੀ ਪਵੇ:-

ਮਾਏ
ਅੱਗ ਦੀ ਬਾਤ ਸੁਲਗਦੀ
ਮੈਂ ਚਾਹੁੰਦਾ ਹਾਂ ਸੁਲਗ ਹੀ ਜਾਏ
ਮੈਨੂੰ ਅੰਗ-ਹੀਣ ਕਰ ਜਾਏ
ਤਾਂ ਜੋ ਮੁੜ ਸਲਵਾਨ ਕੋਈ
ਨਾ ਧੀ ਪਰਨਾਏ
ਕੋਈ ਬਾਬਲ ਨਾ
ਆਪਣੀ ਧੀ ਦਾ ਪਿੰਡਾ ਖਾਏ
ਤਾਂ ਜੋ ਹਰ ਕੋਈ
ਆਪਣਾ ਆਪਣਾ ਹਾਣ ਹੰਢਾਏ
ਧੀ ਪਰਨਾਈ ਬਾਬਲ ਵਿਹੜੇ
ਨਾ ਮੁੜ ਜਾਏ
ਤਾਂ ਜੋ ਮੁੜ ਕੋਈ ਇੱਛਰਾਂ ਨਾ
ਜਿਉਂਦੀ ਮਰ ਜਾਏ
ਕੋਈ ਧੀ ਮੁੜ ਬਾਬਲ ਦੀ
ਪੱਗ ਨੂੰ ਮੈਲ਼ ਨਾ ਲਾਏ
ਮੁੜ ਨਾ ਕੋਈ ਲੂਣਾ
ਮੰਗੇ ਅੰਗ ਪਰਾਏ
ਕਿਸੇ ਵੀ ਲੂਣਾ ਦਾ ਮੁੜ
ਜੋਬਨ ਨਾ ਰੁਲ ਜਾਏ।[18]

ਇਸ ਪ੍ਰਕਾਰ ਸ਼ਿਵ ਦੇ ਚਿੰਤਨ ਵਿਚ ਅਜਿਹੇ ਨਵੇਂ ਸਮਾਜਿਕ ਰਿਸ਼ਤੇ, ਮਾਨਤਾਵਾਂ ਤੇ ਸਦਾਚਾਰ ਦੀ ਸਥਾਪਨਾ ਹੁੰਦੀ ਹੈ ਜੋ ਕਾਮਨਾਵਾਂ ਆਧਾਰਿਤ ਮਾਨਵੀ ਹੋਂਦ ਦੇ ਸਮੁੱਚੇ ਆਚਾਰ-ਵਿਹਾਰ ਨਾਲ਼ ਇਕ ਸੰਜਮ ਦੇ ਰਿਸ਼ਤੇ ਵਿਚ ਜੁੜ ਕੇ ਮਨੁੱਖ ਦੀਆਂ ਰੀਝਾਂ ਅਤੇ ਸੁਪਨੇ ਪੂਰੇ ਸੰਦਰਭਾਂ ਅਨੁਸਾਰ ਪਲ਼ ਸਕਣ ਅਤੇ ਵਿਕਸਤ ਹੋ ਸਕਣ।

### 3. ਮਾਨਵੀ ਹੋਂਦ ਦਾ ਸਦੀਵੀ ਸੰਕਟ

ਸ਼ਿਵ ਕੁਮਾਰ ਦੀ ਕਵਿਤਾ ਵਿਚ ਪੇਸ਼ ਮਾਨਵੀ ਭਾਵ-ਸੰਸਾਰ ਦਾ ਤੀਜਾ ਅਹਿਮ ਪ੍ਰੇਰਕ ਸਦੀਵੀ ਸੰਕਟ ਵਿਚ ਗ੍ਰਸਤ ਮਨੁੱਖੀ ਹੋਂਦ ਹੈ। ਜਿਵੇਂ ਕਿ ਅਸੀਂ ਪਹਿਲਾਂ ਚਰਚਾ ਕਰ ਚੁੱਕੇ ਹਾਂ ਕਿ ਆਧੁਨਿਕਵਾਦੀ ਚਿੰਤਨ ਦੀ ਸਮੁੱਚੀ ਸਮਝ ਅਨੁਸਾਰ ਆਧੁਨਿਕ ਮਨੁੱਖ ਬਹਾਦਰੀਆਂ, ਜਿੱਤਾਂ ਅਤੇ ਪ੍ਰਾਪਤੀਆਂ ਦੇ ਸੰਸਾਰ ਤੋਂ ਵੱਧ ਨਿਗੂਣਾਪਣ, ਹਾਰਾਂ, ਨਮੋਸ਼ੀਆਂ, ਪਾਪਾਂ, ਗੁਨਾਹਾਂ ਅਤੇ ਬਹੁ-ਪਾਸਾਰੀ ਟੁੱਟ-ਭੱਜ ਦਾ ਸ਼ਿਕਾਰ ਹੈ, ਇਸ ਕਰਕੇ ਸ਼ਿਵ ਕੁਮਾਰ ਦੇ ਸਮੁੱਚੇ ਕਾਵਿ - ਜਗਤ ਵਿਚ ਸੰਕਟਗ੍ਰਸਤ ਮਾਨਵੀ ਹੋਂਦ ਦੇ ਅਨੇਕ ਪਾਸਾਰਾਂ ਨੂੰ ਪੇਸ਼ ਕੀਤਾ ਗਿਆ ਹੈ।

ਮਾਨਵੀ ਹੋਂਦ ਦੇ ਸੰਕਟਗ੍ਰਸਤ ਹੋਣ ਦਾ ਮੂਲ਼ ਕਾਰਨ ਸੁਪਨ-ਸੰਸਾਰ ਅਤੇ ਯਥਾਰਥ ਵਿਚ ਵਡੇਰੀ ਦੁਫੇੜ ਦਾ ਹੋਣਾ ਹੈ। ਸ਼ਿਵ ਲਈ ਸੁਪਨਿਆਂ ਦਾ ਭਾਵ ਨਿੱਜ ਦੀ ਨਿੱਜਤਾ ਦਾ ਉਦੱਾਤੀਕਰਣ ਹੈ ਜਦੋਂ ਕਿ ਯਥਾਰਥ ਤੋਂ ਭਾਵ ਸਥਾਪਤ ਕੀਮਤ-ਪ੍ਰਬੰਧਾਂ ਦਾ ਬਹੁ-ਪਾਸਾਰੀ ਚੌਖਟਾ ਹੈ। ਇਸ ਕਰਕੇ ਨਿੱਜ ਦੀਆਂ ਵਿਸ਼ਾਲ ਉਡਾਰੀਆਂ ਨੂੰ ਸਥਾਪਤੀ ਦੇ ਬਹੁ-ਪਾਸਾਰੀ

ਬੰਧਨ ਹਮੇਸ਼ਾਂ ਕੱਟਦੇ, ਤਰਾਸ਼ਦੇ ਤੇ ਦਬਾਉਂਦੇ ਪ੍ਰਤੀਤ ਹੁੰਦੇ ਹਨ। ਫ਼ਲਸਰੂਪ ਸ਼ਿਵ ਦੀ ਰਚਨਾ ਵਿਚ ਪੇਸ਼ ਮਨੁੱਖ ਆਪਣੇ ਪੂਰਨ ਸਰੋਕਾਰਾਂ ਤੇ ਸੰਦਰਭਾਂ ਵਿਚ ਪੇਸ਼ ਹੋਣ ਦੀ ਥਾਂ, ਖੰਡਾਂ ਵਿਚ ਵੰਡ ਕੇ ਪੇਸ਼ ਹੁੰਦਾ ਹੈ :

ਸੱਜਣ ਜੀ
ਭਲਾ ਕਿਸ ਲਈ ਜੀਣਾ
ਸਾਡੇ ਜਿਹਾ ਨਿਕਰਮਾ
ਸੂਤਕ ਰੁੱਤ ਤੋਂ
ਜੋਬਨ ਰੁੱਤ ਤੱਕ
ਜਿਨ੍ਹਾਂ ਹੰਢਾਈਆਂ ਸ਼ਰਮਾਂ
ਨਿੱਤ ਲੱਜਿਆ ਦੀਆਂ ਜੰਮਣ-ਪੀੜਾਂ
ਅਣਚਾਹਿਆਂ ਵੀ ਜਰਨਾ
ਨਿੱਤ ਕਿਸੇ ਦੇਹ ਵਿਚ
ਫੁੱਲ ਬਣ ਖਿੜਨਾ
ਨਿੱਤ ਤਾਰਾ ਬਣ ਚੜ੍ਹਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ।[19]

ਇਸ ਤਰ੍ਹਾਂ ਸ਼ਿਵ ਦੀ ਕਵਿਤਾ ਵਿਚ ਮਨੁੱਖੀ ਹੋਂਦ ਦੇ ਬੁਨਿਆਦੀ ਹੋਂਦ-ਸ਼ੀਲ ਪ੍ਰਸੰਗਾਂ ਦਾ ਉਦਭਵ ਪਰਿਸਥਿਤੀਆਂ ਦੇ ਵਿਰੋਧ ਵਿਚੋਂ ਉਪਜਣ ਵਾਲੇ ਸੰਕਟ ਵਿਚੋਂ ਹੁੰਦਾ ਹੈ। ਮਨੁੱਖੀ ਹੋਂਦ ਨਾਲ ਸੰਬੰਧਿਤ ਅਨੇਕਾਂ ਪਹਿਲੂਆਂ ਵਿਚ ਇਹ ਹੋਂਦ ਕਦੇ ਵੀ ਪੂਰਨਤਾ ਪ੍ਰਾਪਤ ਨਹੀਂ ਕਰਦੀ। ਮਨੁੱਖ ਦਾ ਪਰਛਾਵਾਂ ਵੀ ਉਸਦੀ ਨਿੱਜਤਾ ਤੋਂ ਵਿੱਥ, ਤੇ ਰਹਿੰਦਾ ਹੈ। ਸ਼ਿਵ ਕੁਮਾਰ ਨੇ ਨਿੱਜ ਰਾਹੀਂ ਸਿਰਜੇ ਪਰਛਾਵੇਂ ਅਤੇ ਨਿੱਜ ਤੋਂ ਟੁੱਟੇ ਉਸ ਪਰਛਾਵੇਂ ਦੀ ਸੰਕਟਗ੍ਰਸਤ ਸਥਿਤੀ ਨੂੰ ਮਾਨਵ ਦੀ ਸਦੀਵੀ ਹੋਣੀ ਦੇ ਰੂਪ ਵਿਚ ਗ੍ਰਹਿਣ ਕੀਤਾ ਹੈ ਜੋ ਅੰਤਿਮ ਰੂਪ ਵਿਚ ਉਸਦੀ ਅਲਪਤਾ ਅਤੇ ਇਕੱਲਤਾ ਨੂੰ ਸਥਾਪਤ ਕਰਦੀ ਹੈ। ਜਿਵੇਂ:

ਗਲੀਏ ਗਲੀਏ ਚਾਨਣ ਸੁੱਤੇ
ਮੈਂ ਕਿਸ ਗਲੀਏ ਆਵਾਂ ਨੀ।
ਠੀਕਰ ਪਹਿਰਾ ਦੇਣ ਸੁਗੰਧੀਆਂ
ਲੋਰੀ ਦੇਣ ਹਵਾਵਾਂ ਨੀ
ਸਾਡੇ ਪੋਤੜਿਆਂ ਵਿਚ ਬਿਰਹਾ
ਰੱਖਿਆ ਸਾਡੀਆਂ ਮਾਵਾਂ ਨੀ,
ਜਿੰਦੇ ਮੇਰੀਏ;
ਚਾਨਣ ਸਾਡਾ ਮੁੱਢੋਂ ਵੈਰੀ
ਕੀਕਣ ਅੰਗ ਸੁਹਾਵਾਂ ਨੀ
ਜਿੰਦੇ ਮੇਰੀ ਏ![20]

ਇਸ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਦਾ ਮੁੱਖ ਪ੍ਰੇਰਕ ਮਾਨਵੀ ਹੋਂਦ ਦੇ ਸਦੀਵੀ ਸੰਕਟ ਵਿਚ ਪੇਸ਼ ਹੁੰਦਾ ਹੈ। ਉਸ ਦੀ ਇਹ ਵਿਲੱਖਣ ਵਿਸ਼ੇਸ਼ਤਾ ਹੈ ਕਿ ਮਾਨਵੀ ਹੋਂਦ ਦੇ ਇਸ ਸੰਕਟ ਨੂੰ ਉਹ ਸਾਕਾਰਾਤਮਿਕ ਮਾਨਵੀ ਗੁਣਾਂ ਵਿਚ ਤਬਦੀਲ ਕਰ ਦਿੰਦਾ ਹੈ। ਇਸ ਕਰਕੇ ਇਹ ਪੀੜਤ ਅਤੇ ਵਿਨਾਸ਼ਕਰਨ ਦੀ ਥਾਂ ਮਨੁੱਖ ਦੇ ਸ਼ਖ਼ਸੀ ਉਥਾਨ ਦਾ

ਮਹੱਤਵਪੂਰਨ ਮਾਧਿਅਮ ਬਣ ਜਾਦਾ ਹੈ। ਇਸੇ ਕਰਕੇ ਹੀ ਸ਼ਿਵ ਕੁਮਾਰ ਦਾ ਇਹ ਕਥਨ:

ਲੋਕੀ ਪੂਜਣ ਰੱਬ, ਮੈਂ ਤੇਰਾ ਬਿਰਹੜਾ
ਸੌ ਮੱਕਿਆਂ ਦਾ ਹੱਜ ਵੇ ਤੇਰਾ ਬਿਰਹੜਾ।[21]

ਇਹ ਸਪੱਸ਼ਟ ਕਰ ਦਿੰਦਾ ਹੈ ਕਿ ਬਿਰਹਾ ਮਨੁੱਖ ਦੀਆਂ ਦੁਖਾਂਤਕ ਅਤੇ ਨਾਕਾਰਾਤਮਿਕ ਪਰਿਸਥਿਤੀਆਂ ਦਾ ਨਾਂ ਨਹੀਂ ਸਗੋਂ ਇਕ ਅਜਿਹੀ ਉੱਦਾਤ (sublime) ਸਥਿਤੀ ਹੈ ਜਿਥੇ ਮਨੁੱਖ ਆਪਣੇ ਨਿੱਜ ਦੇ ਉਨ੍ਹਾਂ ਮੰਡਲਾਂ ਨਾਲ ਇਕਸੁਰ ਹੋ ਜਾਂਦਾ ਹੈ ਜੋ ਮਾਨਵੀ ਸੁਪਨਿਆਂ ਅਤੇ ਖਾਹਿਸ਼ਾਂ ਅਨੁਸਾਰ ਕਿਸੇ ਹੋਰ ਦੀ ਜਾਗੀਰ ਹੁੰਦੇ ਹਨ।

**4. ਸੰਤੁਲਿਤ ਮਾਨਵੀ ਹੋਂਦ ਦੀ ਸਥਾਪਨਾ**

ਸ਼ਿਵ ਕੁਮਾਰ ਦੀ ਕਵਿਤਾ ਵਿਚ ਪੇਸ਼ ਮਾਨਵੀ ਭਾਵ-ਸੰਸਾਰ ਦਾ ਚੌਥਾ ਪ੍ਰੇਰਕ ਸੰਤੁਲਿਤ ਮਾਨਵੀ ਹੋਂਦ ਦੀ ਸਥਾਪਨਾ ਹੈ। ਸ਼ਿਵ ਦੇ ਸਮੁੱਚੇ ਕਾਵਿ-ਸੰਸਾਰ ਵਿਚ ਸੰਤੁਲਿਤ ਤੇ ਅਸੰਤੁਲਿਤ ਮਾਨਵੀ ਹੋਂਦ ਦਾ ਇਹ ਵਿਲੱਖਣ ਸੰਦਰਭ ਪੇਸ਼ ਕੀਤਾ ਗਿਆ ਹੈ। ਜਿਸ ਤਰ੍ਹਾਂ ਕਿ ਅਸਤਿਤਵਾਦੀ ਚਿੰਤਨ ਦੀ ਇਹ ਪ੍ਰਮੁੱਖ ਧਾਰਨਾ ਹੈ ਕਿ ਮਨੁੱਖ ਆਪਣੇ ਨਿੱਜੀ ਬ੍ਰਹਿਮੰਡ ਨੂੰ ਪ੍ਰਕਿਰਤਕ ਬ੍ਰਹਿਮੰਡ ਦੇ ਪੂਰਕ ਬਣਾਉਣ ਲਈ ਯਤਨਸ਼ੀਲ ਰਹਿੰਦਾ ਹੈ ਪਰੰਤੂ ਨਿੱਜੀ ਬ੍ਰਹਿਮੰਡ ਅਤੇ ਪ੍ਰਕਿਰਤਕ ਬ੍ਰਹਿਮੰਡ ਦੀ ਸਵੈ ਵਿਰੋਧਤਾ ਮਨੁੱਖ ਲਈ absurdity ਦਾ ਸਿਰਜਣ ਕਰਦੀ ਹੈ। ਸ਼ਿਵ ਕੁਮਾਰ ਦੇ ਕਾਵਿ-ਜਗਤ ਵਿਚ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਮਨੁੱਖ ਦੀ ਵਿਸ਼ਾਦਗ੍ਰਸਤ ਅਵਸਥਾ ਹੀ ਉਸਦੀ ਜ਼ਿੰਦਗੀ ਦੀ ਹਕੀਕਤ ਹੈ ਕਿਉਂਕਿ ਉਸ ਦੀ ਕਵਿਤਾ ਵਿਚ ਵਿਅਕਤੀ ਦੇ ਨਿੱਜ ਦਾ ਸੰਸਾਰ ਅਤੇ ਸਥਾਪਤੀ ਦੀਆਂ ਮਰਯਾਦਾਵਾਂ ਦੇ ਬ੍ਰਹਿਮੰਡ ਵਿਚ ਨਿਰੰਤਰ ਵਿਰੋਧ ਅਤੇ ਨਿਰਪੇਖਤਾ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ। ਇਸ ਕਰਕੇ ਸ਼ਿਵ ਕੁਮਾਰ ਲਈ ਇਹ ਦੁਫੇੜ ਹੀ ਸਦੀਵੀ ਮਾਨਵੀ ਸਥਿਤੀ ਬਣ ਜਾਂਦੀ ਹੈ।

ਆਪਣੇ ਸਮੁੱਚੇ ਕਾਵਿ-ਚਿੰਤਨ ਵਿਚ ਉਹ ਮਾਨਵੀ ਸਰੋਕਾਰਾਂ ਨੂੰ ਭਿੰਨ ਭਿੰਨ ਕੋਣਾਂ ਅਤੇ ਵਿਚਾਰ-ਪ੍ਰਬੰਧ ਰਾਹੀਂ ਸਮਝਣ ਅਤੇ ਪਰਖਣ ਦਾ ਯਤਨ ਕਰਦਾ ਹੈ। ਇਸ ਕਰਕੇ ਉਹ ਇਸ absurd ਮਨੁੱਖ ਨੂੰ ਹੀ ਸੰਤੁਲਿਤ ਮਨੁੱਖ ਦੇ ਰੂਪ ਵਿਚ ਸਥਾਪਤ ਕਰ ਦਿੰਦਾ ਹੈ:

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸੀਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਸੱਜਣ ਜੀ, ਪਏ ਸਭ ਜੱਗ ਤਾਈਂ
ਗਰਭ ਜੂਨ ਵਿਚ ਮਰਨਾ।
ਜੰਮਣੋਂ ਪਹਿਲਾਂ ਅਉਧ ਹੰਢਾਈਏ
ਫੇਰ ਹੰਢਾਈਏ ਸ਼ਰਮਾ
ਮਰ ਕੇ ਕਰੀਏ ਇਕ ਦੂਜੇ ਦੀ
ਮਿੱਟੀ ਦੀ ਪਰਕਰਮਾਂ।
ਪਰ ਜੇ ਮਿੱਟੀ ਵੀ ਮਰ ਜਾਏ
ਤਾਂ ਜਿਉਂ ਕੇ ਕੀ ਕਰਨਾ ?[22]

ਇਸ ਪ੍ਰਕਾਰ ਸਪਸ਼ਟ ਹੈ ਕਿ ਸ਼ਿਵ ਕੁਮਾਰ ਲਈ ਮਨੁੱਖੀ ਹੋਂਦ ਦੇ ਉਹ ਪਾਸਾਰ ਸੰਤੁਲਿਤ

ਹਨ ਜੋ ਸਥਾਪਤੀ ਲਈ ਅਸੰਤੁਲਿਤ ਹਨ ਅਤੇ ਸ਼ਿਵ ਸਥਾਪਤੀ ਦੁਆਰਾ ਪਰਿਭਾਸ਼ਤ ਕੀਤੇ ਗਏ ਅਸੰਤੁਲਿਤ ਸੰਦਰਭਾਂ ਨੂੰ ਸੰਤੁਲਿਤ ਮਾਨਵੀ ਹੋਂਦ ਦੀ ਪੇਸ਼ਕਾਰੀ ਲਈ ਵਰਤਦਾ ਹੈ।

**ਅ) ਪੰਜਾਬੀ ਸਭਿਆਚਾਰਕ ਪੈਟਰਨ ਅਤੇ ਸ਼ਿਵ ਦਾ ਮਿੱਥ-ਸੰਗਠਨ:**

ਸ਼ਿਵ ਕੁਮਾਰ ਦੇ ਮਿੱਥ-ਸੰਗਠਨ ਵਿਚ ਪੰਜਾਬੀ ਸਭਿਆਚਾਰਕ ਪੈਟਰਨ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਕਵੀ ਆਪਣੇ ਭਾਵਾਂ ਦੀ ਪੇਸ਼ਕਾਰੀ ਲਈ ਸਭਿਆਚਾਰਕ ਪ੍ਰਤੀਕ ਪ੍ਰਬੰਧਾਂ ਅਤੇ ਪ੍ਰਤਿਮਾਨਾਂ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕਰਦਾ ਹੈ, ਜਿਸ ਵਿਚ ਰਿਸ਼ਤੇ-ਨਾਤੇ, ਰਸਮੋ-ਰਿਵਾਜ਼ ਅਤੇ ਲੋਕ ਵਿਸ਼ਵਾਸ, ਦੇ ਨਾਲ਼ ਨਾਲ਼ ਮਿੱਥਕ ਤੇ ਪੌਰਾਣਿਕ ਸੰਦਰਭਾਂ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕਰਦਾ ਹੈ।

**1. ਰਿਸ਼ਤੇ-ਨਾਤੇ**

ਸ਼ਿਵ ਕੁਮਾਰ ਦੀ ਕਵਿਤਾ ਵਿਚ ਸਮਾਜਿਕ ਰਿਸ਼ਤਿਆਂ-ਨਾਤਿਆਂ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਗਈ ਹੈ ਅਤੇ ਰਿਸ਼ਤਿਆਂ ਦੇ ਅਨੁਸਾਰ ਹੀ ਮਨੁੱਖੀ ਸੁਪਨਿਆਂ ਦੀ ਕਲਪਨਾ, ਪ੍ਰਾਪਤੀਆਂ ਦੀ ਇੱਛਾ ਅਤੇ ਅਪ੍ਰਾਪਤੀਆਂ ਦੇ ਸੰਤਾਪ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਰਕੇ ਸਮਾਜਿਕ/ਸਭਿਆਚਾਰਕ ਰਿਸ਼ਤੇ-ਨਾਤੇ ਸ਼ਿਵ ਦੇ ਮਿੱਥ-ਸੰਗਠਨ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਇਨ੍ਹਾਂ ਰਿਸ਼ਤਿਆਂ-ਨਾਤਿਆਂ ਵਿਚ ਪਿਉ-ਧੀ, ਪਤੀ-ਪਤਨੀ, ਮਾਂ -ਪੁੱਤ ਆਦਿ ਜਿਹੇ ਸਾਕਾਚਾਰੀ (Kinship) ਦੇ ਰਿਸ਼ਤਿਆਂ ਦੇ ਨਾਲ਼ ਨਾਲ਼ ਮਨੁੱਖ ਦੀਆਂ ਪ੍ਰਚੰਡ ਉਤੇਜਨਾ ਨਾਲ਼ ਸਿਰਜੇ ਜਾਣ ਵਾਲੇ ਸੁਪਨਿਆਂ ਦੇ ਹਾਣੀ, ਪਿਆਰ ਦੇ ਰਿਸ਼ਤੇ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕੀਤੀ ਗਈ ਹੈ।

ਸ਼ਿਵ ਕੁਮਾਰ ਇਨ੍ਹਾਂ ਰਿਸ਼ਤਿਆਂ ਦੇ ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗਾਂ ਨੂੰ ਪ੍ਰਤਿਮਾਨਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦੀ ਥਾਂ ਮਨੁੱਖੀ ਸਵੈ ਦੀ ਸੰਵੇਦਨਸ਼ੀਲਤਾ ਅਤੇ ਨਿੱਜ ਦੇ ਉਦਾਤੀਕਰਣ ਲਈ ਵਰਤਣ ਦੇ ਆਦਰਸ਼ ਦੀ ਸਿਰਜਣਾ ਕਰਦਾ ਹੈ। ਇਸ ਕਰਕੇ ਵਧੇਰੇ ਹਾਲਤਾਂ ਵਿਚ ਉਹ ਰਿਸ਼ਤੇ-ਨਾਤਿਆਂ ਦੇ ਪ੍ਰਚਲਤ ਸੰਦਰਭਾਂ ਨੂੰ ਸੁਪਨਿਆਂ ਦੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਸਮਝ ਕੇ ਤਿਆਗ ਦਿੰਦਾ ਹੈ ਅਤੇ ਆਪਣੀ ਹੋਂਦ ਦੀ ਇਕੱਲਤਾ ਨੂੰ ਸਥਾਪਤ ਕਰ ਦਿੰਦਾ ਹੈ। ਉਹ ਬਨਵਾਸੀ ਕਵਿਤਾ ਵਿਚ ਲਿਖਦਾ ਹੈ:

ਮੈਂ ਬਨਵਾਸੀ, ਮੈਂ ਬਨਵਾਸੀ
ਆਇਆ ਭੋਗਣ, ਜੂਨ ਚੁਰਾਸੀ
ਕੋਈ ਲਛਮਣ ਨਹੀਂ ਮੇਰਾ ਸਾਥੀ .
ਨਾ ਮੈਂ ਰਾਮ ਅਯੁਧਿਆ ਵਾਸੀ
------------------------
------------------------
ਕੋਈ ਸੁਗਰੀਵ ਨਹੀਂ ਮੇਰਾ ਮਹਿਰਮ
ਨਾ ਕੋਈ ਪਵਨ-ਪੁੱਤ ਮੇਰਾ ਬੇਲੀ
ਨਾ ਕੋਈ ਨਖਾ ਹੀ ਕਾਮ ਦੀ ਖਾਤਰ
ਆਈ ਮੇਰੀ ਬੰਣ ਸਹੇਲੀ।[23]

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਮਾਨਵੀ ਹੋਂਦ ਨਾਲ਼ ਸੰਬੰਧਿਤ ਭਾਵ-ਸੰਸਾਰ ਦੀ ਉਸਾਰੀ ਲਈ ਰਿਸ਼ਤੇ-ਨਾਤਿਆਂ ਦੇ ਸਭਿਆਚਾਰਕ ਅਤੇ ਪ੍ਰਤਿਮਾਨਿਕ ਪ੍ਰਸੰਗਾਂ ਨੂੰ ਮੁਲਾਂਕਣ ਦੀ ਪ੍ਰਕਿਰਿਆ ਵਿਚ ਪਾ ਕੇ ਵਿਸ਼ੇਸ਼ ਕਿਸਮ ਦੇ ਮਿੱਥ-ਸੰਗਠਨ ਦੀ

ਸਿਰਜਣਾ ਕਰਦਾ ਹੈ।

**2. ਰਸਮੋ-ਰਿਵਾਜ**

ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਵਿਚ ਰਸਮੋ-ਰਿਵਾਜ ਵਿਸ਼ੇਸ਼ ਰੂਪ ਵਿਚ ਭਾਵਾਂ ਦੇ ਸੰਚਾਰ ਦੀ ਜੁਗਤ ਬਣ ਕੇ ਉੱਭਰੇ ਹਨ। ਸ਼ਿਵ ਕੁਮਾਰ ਮਨੁੱਖ ਦੇ ਸਮੁੱਚੇ ਵਿਵਹਾਰ ਨੂੰ ਸਭਿਆਚਾਰਕ ਪ੍ਰਸੰਗ ਪ੍ਰਦਾਨ ਕਰਦਾ ਹੋਇਆ ਉਸਨੂੰ ਅਨੇਕ ਪ੍ਰਕਾਰ ਦੀਆਂ ਰਸਮਾਂ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਇਹ ਰਸਮੋ-ਰਿਵਾਜ ਮਨੁੱਖੀ ਸਵੈ ਦੀ ਆਜ਼ਾਦਾਨਾ ਅਤੇ ਭਾਵਨਾਮੂਲਕ ਫਿਤਰਤ ਨੂੰ ਖਾਸ ਕਿਸਮ ਦਾ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੇ ਹਨ। ਇਸ ਕਰਕੇ ਸ਼ਿਵ ਕੁਮਾਰ ਰਸਮੋਂ-ਰਿਵਾਜਾਂ ਨੂੰ ਮੁਲਾਂਕਣੀ ਦ੍ਰਿਸ਼ਟੀ ਤੋਂ ਪੇਸ਼ ਕਰਕੇ ਵਿਲੱਖਣ ਕਿਸਮ ਦੇ ਮਿੱਥ-ਸੰਗਠਨ ਦੀ ਸਿਰਜਣਾ ਕਰਦਾ ਹੈ। 'ਕੰਡਿਆਲੀ ਥੋਰ੍ਹ' ਵਿਚ ਉਹ ਲਿਖਦਾ ਹੈ:

ਬੰਨ੍ਹਣ ਦੀ ਥਾਂ ਬਾਬਲ ਜਿਸਦੇ
ਆਪ ਕਲੀਰੇ ਲਾਹੇ।[24]

**3. ਲੋਕ ਵਿਸ਼ਵਾਸ**

ਸ਼ਿਵ ਕੁਮਾਰ ਦੇ ਕਾਵਿ-ਜਗਤ ਵਿਚ ਮਿੱਥ-ਸੰਗਠਨ ਦੀ ਸਿਰਜਣਾ ਲਈ ਲੋਕ-ਵਿਸ਼ਵਾਸਾਂ ਅਤੇ ਉਨ੍ਹਾਂ ਦੇ ਖੰਡਨ ਨੂੰ ਵਿਸ਼ੇਸ਼ ਰੂਪ ਵਿਚ ਵਰਤਿਆ ਗਿਆ ਹੈ। ਸ਼ਿਵ ਕੁਮਾਰ ਆਪਣਾ ਸਮੁੱਚਾ ਪ੍ਰਤੀਕ-ਪ੍ਰਬੰਧ ਲੋਕ-ਵਿਸ਼ਵਾਸਾਂ ਦੀ ਜੁਗਤ ਅਨੁਸਾਰ ਉਸਾਰਦਾ ਹੋਇਆ ਆਧੁਨਿਕ ਮਨੁੱਖ ਦੀ ਸੰਕਟ-ਗ੍ਰਸਤ ਅਤੇ ਵਿਸ਼ਾਦਗ੍ਰਸਤ ਸਥਿਤੀ ਨੂੰ ਉਜਾਗਰ ਕਰਨ ਲਈ ਲੋਕ-ਵਿਸ਼ਵਾਸਾਂ ਦਾ ਖੰਡਨ ਕਰਦਾ ਹੈ। ਇਸ ਕਰਕੇ ਲੋਕ-ਵਿਸ਼ਵਾਸ ਸ਼ਿਵ ਦੀ ਕਵਿਤਾ ਵਿਚ ਨਾ-ਕੇਵਲ ਮਨੁੱਖ ਦੀ ਪ੍ਰਕਿਰਤੀਮੁਖਤਾ ਨੂੰ ਪ੍ਰਗਟ ਕਰਦੇ ਹਨ ਸਗੋਂ ਮਨੁੱਖੀ ਸਵੈ ਦੇ ਅਨੁਸਾਰ ਹੋ ਕੇ ਉਸਦੀ ਆਜ਼ਾਦਾਨਾ ਸੋਚ ਦੇ ਨਵੇਂ ਸੰਦਰਭਾਂ ਨੂੰ ਸਥਾਪਤ ਵੀ ਕਰਦੇ ਹਨ। ਜਿਵੇਂ:

ਬਿਰਹਾ ਸੇਤੀ ਉਪਜਿਆ
ਇਹ ਧਰਤੀ ਤੇ ਅਸਮਾਨ
ਬਿਰਹਾ ਸੇਤੀ ਸੂਰਜ ਜੰਮਣ
ਦਿਹੁੰ ਪਏ ਗੋੜੇ ਖਾਣ।
------------------
------------------
ਅੱਜ ਸੱਭੇ ਧਰਤੀਆਂ ਮੇਰੀਆਂ
ਤੇ ਸੱਭੇ ਹੀ ਅਸਮਾਨ
ਅੱਜ ਸੱਭੇ ਰੰਗ ਹੀ ਮੈਂਡੜੇ
ਮੇਟ ਵਿਹੜੇ ਉਮਰ ਪਾਣ;[25]

ਉਪਰੋਕਤ ਕਿਸਮ ਦੀਆਂ ਅਨੇਕਾਂ ਉਦਾਹਰਣਾਂ ਸ਼ਿਵ ਦੇ ਕਾਵਿ-ਜਗਤ ਵਿਚ ਥਾਂ ਥਾਂ ਉਪਲਬਧ ਹਨ ਜਿੱਥੇ ਪ੍ਰਕਿਰਤੀਮੁਖਤਾ ਉਸਦੀ ਸਵੈ ਦੇ ਸਮਾਨਾਂਤਰ ਤੁਰਦੀ ਪ੍ਰਤੀਤ ਹੁੰਦੀ ਹੈ।

**4. ਮਿੱਥਕ ਅਤੇ ਪੌਰਾਣਿਕ ਸੰਦਰਭ**

ਸ਼ਿਵ ਕੁਮਾਰ ਦੀ ਕਵਿਤਾ ਵਿਚ ਮਿੱਥਕ ਅਤੇ ਪੌਰਾਣਿਕ ਸੰਦਰਭਾਂ ਦੀ ਵਰਤੋਂ ਬਹੁਤ ਵੱਡੇ ਪੱਧਰ 'ਤੇ ਹੋਈ ਹੈ। ਉਹ ਮਿੱਥਕ ਤੇ ਪੌਰਾਣਿਕ ਸੰਦਰਭਾਂ ਨੂੰ ਨਵੀਨ ਸਥਿਤੀਆਂ ਅਨੁਸਾਰ ਨਵੇਂ ਪਰਿਪੇਖ ਵਿਚ ਪੇਸ਼ ਕਰਦਾ ਹੈ ਅਤੇ ਨਾਲੋ ਨਾਲ ਮਿੱਥਾਂ ਅਤੇ ਪੌਰਾਣਿਕ ਸੰਦਰਭਾਂ ਵਿਚ ਲੁਪਤ ਸੱਚ ਦੀ ਕਾਲ-ਨਿਰਪੇਖ ਪ੍ਰਕਿਰਤੀ ਨੂੰ ਵੀ ਸਥਾਪਤ ਕਰਦਾ ਹੈ। ਉਹ ਮਿੱਥਾਂ ਤੇ ਪੌਰਾਣਿਕ

ਸੰਦਰਭਾਂ ਦੇ ਉਨ੍ਹਾਂ ਆਰਕੀਟਾਈਪਾਂ ਨੂੰ ਵਿਸ਼ੇਸ਼ ਰੂਪ ਵਿਚ ਉਜਾਗਰ ਕਰਦਾ ਹੈ ਜੋ ਮਨੁੱਖੀ ਹੋਂਦ ਦੀ ਕਿਸੇ ਵਿਸ਼ੇਸ਼ ਮਾਨਵੀ ਸਥਿਤੀ ਜਾਂ ਮਸਲੇ ਦੀ ਤਰਜਮਾਨੀ ਕਰਦੇ ਹੋਣ। ਇਸ ਕਰਕੇ ਸ਼ਿਵ ਦੀ ਕਵਿਤਾ ਵਿਚ ਮਿੱਥਕ ਤੇ ਪੌਰਾਣਿਕ ਸੰਦਰਭ ਕਈ ਕਿਸਮਾਂ ਦੀ ਕਾਵਿਕ ਸਿਰਜਣਾ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। 'ਵੀਨਸ ਦਾ ਬੁੱਤ' ਕਵਿਤਾ ਵਿਚ ਉਹ ਲਿਖਦਾ ਹੈ:

ਇਹ ਸਜਨੀ ਵੀਨਸ ਦਾ ਬੁੱਤ ਹੈ
ਕਾਮ ਦੇਵਤਾ ਇਸਦਾ ਪੁੱਤ ਹੈ।
ਮਿਸਰੀ ਅਤੇ ਯੂਨਾਨੀ ਧਰਮਾਂ
ਵਿਚ ਇਹ ਦੇਵੀ ਸਭ ਤੋਂ ਮੁੱਖ ਹੈ।[26]

ਇਸੇ ਤਰ੍ਹਾਂ ਉਹ 'ਗਰਭਵਤੀ' ਕਵਿਤਾ ਵਿਚ ਮਹਾਂਭਾਰਤ ਦੀ ਮਿੱਥ ਨੂੰ ਆਧੁਨਿਕ ਸਥਿਤੀਆਂ ਦੇ ਅਨੁਸਾਰੀ ਰੂਪਾਂਤ੍ਰਿਤ ਕਰਕੇ ਮਾਨਵੀ ਹੋਂਦ-ਵਿਧੀ ਦੇ ਵਸਤੂਗਤ ਯਥਾਰਥ ਨੂੰ ਸਾਕਾਰ ਕਰਦਾ ਹੈ। 'ਲੂਣਾ' ਵਿਚ ਉਹ ਇੰਦਰ ਦੇਵਤਾ ਅਤੇ ਐਂਦਰ ਨਾਂ ਦੀ ਪਰੀ ਦੇ ਪ੍ਰੇਮ-ਸੰਬੰਧਾਂ ਦਾ ਚਰਚਾ ਕਰਦਾ ਹੋਇਆ ਰੁੱਤਾਂ ਦੀ ਸਿਰਜਣਾ ਨਾਲ਼ ਇਸ ਪੌਰਾਣਿਕ ਕਥਾ ਦਾ ਸੰਬੰਧ ਸਥਾਪਤ ਕਰਦਾ ਹੈ। 'ਚੀਰ-ਹਰਨ' ਕਵਿਤਾ ਵਿਚ ਵੀ 'ਮਹਾਂਭਾਰਤ' ਦੇ ਪੌਰਾਣਿਕ ਸੰਦਰਭਾਂ ਨੂੰ ਅਜੋਕੇ ਮਨੁੱਖ ਦੀ ਵਿਸ਼ਾਦਗ੍ਰਸਤ ਅਵਸਥਾ ਨਾਲ਼ ਜੋੜ ਕੇ ਸਵੈ-ਪੀੜਾ ਦੇ ਸੰਤਾਪ ਦਾ ਚਿਤਰਣ ਕਰਦਾ ਹੈ।

ਸ਼ਿਵ ਦੇ ਕਾਵਿ ਜਗਤ ਵਿਚ ਅਨੇਕਾਂ ਸੰਦਰਭਾਂ ਰਾਹੀਂ ਪੌਰਾਣਿਕ ਤੇ ਮਿੱਥਕੀ ਹਵਾਲਿਆਂ ਦੇ ਬਿਰਤਾਂਤ ਨਾਲ਼ ਮਨੁੱਖ ਦੇ ਸਮਾਜਿਕ ਤੇ ਵਸਤੂਗਤ ਯਥਾਰਥ ਦਾ ਚਿਤਰਣ ਅਤੇ ਆਧੁਨਿਕ ਮਾਨਵੀ ਸਥਿਤੀਆਂ ਵਿਚ ਬਿਰਾਜਮਾਨ ਤ੍ਰਾਸਦਿਕ ਅਵਸਥਾਵਾਂ ਦਾ ਵਰਨਣ ਥਾਂ ਥਾਂ ਮਿਲਦਾ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਦੇ ਸਮੁੱਚੇ ਕਾਵਿ ਵਿਚ ਸਭਿਆਚਾਰਕ ਰਿਸ਼ਤੇ-ਨਾਤੇ, ਰਸਮੋ-ਰਿਵਾਜ਼, ਲੋਕ ਵਿਸ਼ਵਾਸ, ਮਿੱਥਕ ਅਤੇ ਪੌਰਾਣਿਕ ਸੰਦਰਭ ਵਿਸ਼ੇਸ਼ ਕਿਸਮ ਦੇ ਸਭਿਆਚਾਰਕ ਪੈਟਰਨ ਬਣ ਕੇ ਪ੍ਰਤਿਪਾਦਤ ਹੁੰਦੇ ਹਨ। ਇਹ ਪੈਟਰਨ ਉਸਦੇ ਸਮੁੱਚੇ ਕਾਵਿ ਨੂੰ ਨਵੀਂ ਕਿਸਮ ਦੇ ਮਿੱਥ-ਪ੍ਰਬੰਧ ਵਿਚ ਬੰਨ੍ਹ ਕੇ ਸਿਰਜਣਾਤਮਿਕ ਅਤੇ ਰਚਨਾਤਮਿਕ ਸੰਦਰਭਾਂ ਅਧੀਨ ਨਵੇਂ ਕਾਵਿਕ ਅਰਥਾਂ ਦਾ ਸੰਚਾਰ ਕਰਦੇ ਹਨ।

**ੲ) ਮਿੱਥ-ਪ੍ਰਬੰਧ ਦਾ ਸਰੂਪ**

ਸ਼ਿਵ ਕੁਮਾਰ ਦੇ ਸਮੁੱਚੇ ਕਾਵਿ ਜਗਤ ਵਿੱਚ ਉਸ ਦੁਆਰਾ ਨਿਰਮਿਤ ਮਿੱਥ-ਪ੍ਰਬੰਧ ਦੇ ਸਰੂਪ ਤੇ ਪ੍ਰਸੰਗ ਵਿਚ ਅਹਿਮ ਤੱਥ ਇਹ ਹੈ ਕਿ ਉਹ ਮਨੁੱਖ ਦੀ ਆਧੁਨਿਕਤਾਵਾਦੀ ਸੋਚ ਅਤੇ ਗਿਆਨ-ਸ਼ਾਸਤਰੀ ਸਿਧਾਂਤਿਕ ਚੌਖਟਿਆਂ ਨੂੰ ਆਪਣੇ ਕਾਵਿਕ ਵਿਵੇਕ ਦਾ ਧੁਰਾ ਬਣਾਉਂਦਾ ਹੈ। ਇਸ ਕਰਕੇ ਉਹ ਮਾਨਵੀ ਭਾਵ-ਸੰਸਾਰ ਦੇ ਉਨ੍ਹਾਂ ਪਹਿਲੂਆਂ ਨੂੰ ਵਿਸ਼ੇਸ਼ ਰੂਪ ਵਿੱਚ ਪੇਸ਼ ਕਰਦਾ ਹੈ ਜਿਹੜੇ ਆਧੁਨਿਕਤਾਵਾਦੀ ਸੰਵੇਦਨਸ਼ੀਲਤਾ, ਸਭਿਆਚਾਰਕ ਮਾਨਤਾਵਾਂ, ਮਨੁੱਖੀ ਹੋਂਦ ਦੇ ਸਦੀਵੀ ਸੰਕਟ ਅਤੇ ਸੰਤੁਲਿਤ ਮਾਨਵੀਂ-ਹੋਂਦ ਦੀ ਸਥਾਪਨਾ ਲਈ ਯਤਨਸ਼ੀਲ ਹਨ। ਇਸ ਕਰਕੇ ਉਸਦਾ ਮਿੱਥ-ਪ੍ਰਬੰਧ ਮਾਨਵੀ ਭਾਵ-ਸੰਸਾਰ ਦੇ ਅਨੇਕਾਂ ਪ੍ਰਸੰਗਾਂ ਤੇ ਸਰੋਕਾਰਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ।

ਇਸੇ ਲੜੀ ਵਿੱਚ ਅਗਲੇ ਪੱਧਰ 'ਤੇ ਸ਼ਿਵ ਕੁਮਾਰ ਪੰਜਾਬੀ ਸਭਿਆਚਾਰਕ ਪੈਟਰਨਾਂ ਦੀ ਵਿਸ਼ੇਸ਼ ਰੂਪ ਵਿੱਚ ਵਰਤੋਂ ਕਰਕੇ ਆਪਣੇ ਮਿੱਥ-ਸੰਗਠਨ ਦੀ ਸਿਰਜਣਾ ਕਰਦਾ ਹੈ। ਇਸ ਪ੍ਰਕਿਰਿਆ ਵਿੱਚ ਉਹ ਰਿਸ਼ਤੇ-ਨਾਤੇ, ਰਸਮੋ-ਰਿਵਾਜ਼, ਲੋਕ -ਵਿਸ਼ਵਾਸ, ਮਿੱਥਕ ਅਤੇ ਪੌਰਾਣਿਕ

ਸੰਦਰਭਾਂ ਨੂੰ ਉਨ੍ਹਾਂ ਦੇ ਪਰੰਪਰਕ ਪ੍ਰਸੰਗਾਂ ਤੋਂ ਤੋੜ ਕੇ ਨਵੇਂ ਸੰਦਰਭਾਂ ਵਿੱਚ ਪੇਸ਼ ਕਰਦਾ ਹੈ। ਇਹ ਨਵੇਂ ਸੰਦਰਭ ਆਧੁਨਿਕ ਮਨੁੱਖ ਦੇ ਉਸ ਕਿਰਦਾਰ ਦੀ ਤਰਜਮਾਨੀ ਕਰਦੇ ਹਨ ਜਿਸ ਵਿਚ ਉਹ ਆਪਣੀ ਵਿਖੰਡਤ, ਵਿਕ੍ਰਿਤ ਅਤੇ ਸੰਕਟਗ੍ਰਸਤ ਹੋਂਦ ਨੂੰ ਅਪੂਰਨਤਾ ਵਿਚੋਂ ਹੀ ਪੂਰਨ ਕਰਦਾ ਪ੍ਰਤੀਤ ਹੁੰਦਾ ਹੈ। ਉਸਦਾ ਸਮੁੱਚਾ ਕਾਵਿ-ਸੰਸਾਰ ਅਜਿਹੇ ਮਿੱਥ-ਪ੍ਰਬੰਧ ਦਾ ਸਾਕਾਰ ਸਰੂਪ ਹੈ ਅਤੇ ਸਾਡੇ ਇਸ ਤਰਕ ਦੀ ਪੇਸ਼ਕਾਰੀ ਕਰਦਾ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਦੀ ਕਵਿਤਾ ਵਿਚ ਕਾਵਿਕਤਾ ਦੇ ਸਿਰਜਣ ਲਈ ਵਿਚਾਰਾਤਮਿਕ ਪਹਿਲੂਆਂ ਤੇ ਪੈਟਰਨਾਂ ਨੂੰ ਵਿਸ਼ੇਸ਼ ਰੂਪ ਵਿੱਚ ਮਿੱਥ-ਸਿਰਜਣਾ ਦੀ ਜੁਗਤ ਰਾਹੀਂ ਵਰਤਿਆ ਗਿਆ ਹੈ। ਇਹ ਮਿੱਥ-ਸਿਰਜਣਾ ਹੀ ਨਵੇਂ ਕਾਵਿਕ-ਆਦਰਸ਼ ਅਤੇ ਭਾਵ-ਪ੍ਰਬੰਧ ਦੀ ਸਿਰਜਣਾ ਕਰਦੀ ਹੈ। ਇਸ ਕਰਕੇ ਉਸਦੀ ਸਿਰਜਣਾਤਮਿਕ ਵਿੱਲਖਣਤਾ ਪ੍ਰਾਪਤ ਮਿੱਥ-ਪ੍ਰਬੰਧ ਨੂੰ ਨਵੇਂ ਮਿੱਥ-ਪ੍ਰਬੰਧ ਵਿੱਚ ਰੂਪਾਂਤ੍ਰਿਤ ਕਰਨ ਵਿੱਚ ਨਿਹਿਤ ਹੈ। ਸ਼ਿਵ ਕੁਮਾਰ ਮਾਨਵੀ ਭਾਵ-ਸੰਸਾਰ ਦੇ ਉਨ੍ਹਾਂ ਵਿਸ਼ੇਸ਼ ਖੰਡਾਂ ਤੇ ਪ੍ਰਸੰਗਾਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ ਜੋ ਆਧੁਨਿਕ ਮਨੁੱਖ ਦੇ ਅਸਤਿਤਵ ਨਾਲ਼ ਅਟੁੱਟ ਰੂਪ ਵਿੱਚ ਜੁੜੇ ਹੋਏ ਹਨ। ਇਸ ਕਰਕੇ ਉਹ ਆਧੁਨਿਕਤਾਵਾਦੀ ਚਿੰਤਨ ਨੂੰ ਨਵੇਂ ਮਿੱਥ-ਪ੍ਰਬੰਧ ਦੀ ਸਿਰਜਣਾ ਵਿਚ ਵਿਸ਼ੇਸ਼ ਥਾਂ ਦਿੰਦਾ ਹੈ ਜਿਸਦੇ ਫਲਸਰੂਪ ਉਹ ਸਭਿਆਚਾਰਕ ਪ੍ਰਤਿਮਾਨਾਂ, ਰਸਮੋ-ਰਿਵਾਜ਼, ਰਿਸ਼ਤੇ-ਨਾਤੇ, ਅਨੁਸ਼ਠਾਨ ਤੇ ਵਿਸ਼ਵਾਸ ਅਤੇ ਮਿੱਥਕ ਤੇ ਪੌਰਾਣਿਕ ਸੰਦਰਭਾਂ ਨੂੰ ਉਨ੍ਹਾਂ ਦੇ ਪਰੰਪਰਕ ਅਰਥਾਂ ਨਾਲੋਂ ਤੋੜ ਕੇ ਨਵੇਂ ਅਰਥਾਂ ਤੱਕ ਵਿਸਥਾਰਦਾ ਹੈ। ਇਹ ਵਿਸਥਾਰ ਹੀ ਉਸਦੀ ਇਕ ਅਜਿਹੀ ਪ੍ਰਾਪਤੀ ਹੈ, ਜੋ ਉਸਦੇ ਸਮੁੱਚੇ ਕਾਵਿ-ਸੰਸਾਰ ਨੂੰ ਨਵਾਂ-ਮਿੱਥ ਪ੍ਰਬੰਧ ਪ੍ਰਦਾਨ ਕਰਦੀ ਹੈ।

* * * *

# ਹਵਾਲੇ ਅਤੇ ਪੈਰ ਟਿੱਪਣੀਆਂ

1. A Prague School Reader on Aesthetics, Literary structure & style, Washington, D.C. 1958, P-34
2. ਉਹੀ, ਪੰਨਾ-78
3. Quoted by Julia Kristeva in Revolution in Poetic Language, P-134
4. ਉਹੀ, ਪੰਨਾ- 138
5. ਸੁਰਜੀਤ ਪਾਤਰ, 'ਹਵਾ 'ਚ ਲਿਖੇ ਹਰਫ਼', ਪੰਨਾ-26
6. ਡਾ. ਗੁਰਪਾਲ ਸਿੰਘ ਸੰਧੂ ਦਾ ਅਪ੍ਰਕਾਸ਼ਿਤ ਨਿਬੰਧ; ਅਮਰੀਕੀ ਚਿੰਤਕ, ਹਾਰਲਡ ਬਲੂਮ, ਪੰਨਾ-1
7. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਹਿ, ਪੰਨਾ-433
8. ਉਹੀ, ਪੰਨਾ-434
9. ਉਹੀ, ਪੰਨਾ-435
10. After the New Criticism,P-27
11. ਸੰਪੂਰਨ ਕਾਵਿ ਸੰਗ੍ਰਹਿ, ਪੰਨਾ657
12. ਉਹੀ, ਪੰਨਾ-45-47
13. ਉਹੀ, ਪੰਨਾ-55
14. ਉਹੀ, ਪੰਨਾ-302
15. ਉਹੀ, ਪੰਨਾ-294
16. ਉਹੀ, ਪੰਨਾ-384
17. ਉਹੀ, ਪੰਨਾ-434
18. ਉਹੀ, ਪੰਨਾ-519
19. ਉਹੀ, ਪੰਨਾ-301-302
20. ਉਹੀ, ਪੰਨਾ-300
21. ਉਹੀ, ਪੰਨਾ-571
22. ਉਹੀ, ਪੰਨਾ-301-302
23. ਉਹੀ, ਪੰਨਾ-209
24. ਉਹੀ, ਪੰਨਾ-46
25. ਉਹੀ, ਪੰਨਾ-266-67
26. ਉਹੀ, ਪੰਨਾ-243

No man was ever yet a great poet, without at the same time being a profound philosopher.

– Coleridge

# ਸ਼ਿਵ ਕੁਮਾਰ ਦੀ ਕਵਿਤਾ ਵਿੱਚ ਮਿੱਥ-ਰੂਪਾਂਤਰਣ

ੳ) ਸਭਿਆਚਾਰਕ ਸਥਾਪਨਾਵਾਂ ਦਾ ਰੂਪਾਂਤਰਣ
1. ਮਾਨਵੀ ਰਿਸ਼ਤਿਆਂ ਦਾ ਵਿਰੋਧ
2. ਟੈਬੂਆਂ ਦਾ ਨਿਖੇਧ
3. ਮਰਯਾਦਾਵਾਂ ਦਾ ਨਿਖੇਧ
4. ਸਭਿਆਚਾਰਕ ਕੀਮਤਾਂ ਦਾ ਰੂਪਾਂਤਰਣ
5. ਸਭਿਆਚਾਰਕ ਪ੍ਰਤੀਕਾਂ ਦੀ ਪੁਨਰ-ਸਥਾਪਨਾ

ਅ) ਸਦਾਚਾਰਕ ਸਥਾਪਨਾਵਾਂ ਦਾ ਰੂਪਾਂਤਰਣ
1. ਸਦਾਚਾਰਕਤਾ, ਮਹਿਜ਼ ਬੰਧਨ
2. ਸਦਾਚਾਰਕਤਾ ਅਤੇ ਕਾਮੁਕਤਾ
3. ਵਿਕ੍ਰਿਤ ਨਾਇਕ ਦੇ ਸਦਾਚਾਰ ਦੀ ਸਥਾਪਨਾ
4. ਮਾਨਵੀ ਕਾਮਨਾਵਾਂ ਅਤੇ ਖਾਹਿਸ਼ਾਂ ਦੀ ਪੂਰਤੀ ਦਾ ਸਦਾਚਾਰ

ੲ) ਮਾਨਵੀ-ਹੋਂਦ ਦੀਆਂ ਸਥਾਪਨਾਵਾਂ ਦਾ ਰੂਪਾਂਤਰਣ
1. ਕਾਮਨਾ ਆਧਾਰਿਤ ਮਾਨਵੀ ਹੋਂਦ
2. ਸਵੈ-ਕੇਂਦਰਿਤ ਮਾਨਵੀ ਹੋਂਦ
3. ਵਿਖੰਡਿਤ ਅਤੇ ਵਿਸ਼ਾਦਗ੍ਰਸਤ ਮਾਨਵੀ ਹੋਂਦ
4. ਪਾਪ, ਗੁਨਾਹ ਅਤੇ ਦਮਨ ਦੀ ਅਵਸਥਾ

5. ਮਾਨਵੀ-ਹੋਂਦ ਦਾ ਵਪਾਰੀਕਰਣ

ਸ਼ਿਵ ਕੁਮਾਰ ਆਧੁਨਿਕ ਪੰਜਾਬੀ ਕਾਵਿ ਦੀ ਮਹੱਤਵਪੂਰਨ ਪ੍ਰਾਪਤੀ ਹੈ। ਉਸਦੀ ਰਚਨਾਤਮਿਕ ਸਮਰਥਾ ਅਤੇ ਗੌਰਵਤਾ ਦਾ ਆਧਾਰ ਮਨੁੱਖ, ਪ੍ਰਕਿਰਤੀ, ਮਿੱਥ, ਗਿਆਨ ਅਤੇ ਨੀਤੀ ਨੂੰ ਇਕ ਸੰਜਮਸ਼ੀਲ ਧਰਾਤਲ ਉੱਤੇ ਕਾਵਿਕ-ਵਿਵੇਕ ਵਿੱਚ ਬੰਨ੍ਹਣ ਵਿੱਚ ਨਿਹਿਤ ਹੈ। ਇਸ ਕਰਕੇ ਉਸਦੇ ਕਾਵਿ ਦਾ ਅਹਿਮ ਤੇ ਅਨਿੱਖੜਵਾਂ ਲੱਛਣ, ਪ੍ਰਾਪਤ ਮਾਪ-ਦੰਡਾਂ ਅਤੇ ਸੰਕਲਪਮੂਲਕ ਚੌਖਟਿਆਂ ਨੂੰ ਨਵੇਂ ਤਰਕ-ਵਿਧਾਨ ਅਤੇ ਸੰਦਰਭਾਂ ਵਿੱਚ ਰੂਪਾਂਤ੍ਰਿਤ ਕਰਨ ਵਿੱਚ ਹੈ। ਵਰਤਮਾਨ ਅਧਿਆਇ ਵਿੱਚ ਅਸੀਂ ਸ਼ਿਵ ਕੁਮਾਰ ਦੀ ਕਵਿਤਾ ਵਿੱਚ ਪ੍ਰਵਾਹਮਾਨ, ਉਪਰੋਕਤ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦੀ ਨਿਸ਼ਾਨਦੇਹੀ ਕਰਾਂਗੇ ਜਿਸ ਵਿੱਚ ਤਿੰਨ ਅਹਿਮ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਵਿੱਚ ਸਭਿਆਚਾਰਕ ਸਥਾਪਨਾਵਾਂ, ਸਦਾਚਾਰਕ ਸਥਾਪਨਾਵਾਂ ਅਤੇ ਮਾਨਵੀ-ਹੋਂਦ ਦੀਆਂ ਸਥਾਪਨਾਵਾਂ ਦੇ ਰੂਪਾਂਤਰਣ ਦਾ ਵਿਸ਼ਲੇਸ਼ਣ ਅਤਿਅੰਤ ਲਾਜ਼ਮੀ ਹੈ।

**ੳ) ਸਭਿਆਚਾਰਕ ਸਥਾਪਨਾਵਾਂ ਦਾ ਰੂਪਾਂਤਰਣ:**

ਸ਼ਿਵ ਕੁਮਾਰ ਦੀ ਕਵਿਤਾ ਦੇ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਵਿੱਚ ਸਭਿਆਚਾਰਕ ਸਥਾਪਨਾਵਾਂ ਦਾ ਰੂਪਾਂਤਰਣ ਅਹਿਮ ਪਹਿਲੂ ਹੈ। ਜਿਸ ਤਰ੍ਹਾਂ ਆਧੁਨਿਕ ਚਿੰਤਨ ਵਿੱਚ ਇਹ ਇੱਕ ਸਰਬ-ਪ੍ਰਵਾਨਤ ਤੱਥ ਹੈ ਕਿ ਸਭਿਆਚਾਰਕ ਮਨੁੱਖ ਦੇ ਪ੍ਰਕਿਰਤੀ ਨਾਲ਼ ਸਿਰਜੇ ਗਏ ਦਵੰਦਾਤਮਿਕ ਰਿਸ਼ਤੇ ਵਿਚੋਂ, ਮਨੁੱਖ ਵਲੋਂ ਪ੍ਰਕਿਰਤੀ ਦੇ ਸਮਤੁਲ ਸਿਰਜੇ ਬ੍ਰਹਿਮੰਡ ਦਾ ਨਾਂ ਹੀ ਸਭਿਆਚਾਰ ਹੈ, ਇਸ ਲਈ ਇਹ ਮਨੁੱਖ ਦੀਆਂ ਉਹ ਸਥਾਪਨਾਵਾਂ ਹਨ ਜੋ ਉਨ੍ਹਾਂ ਸਮੂਹਕਤਾਵਾਦੀ ਸਥਾਪਨਾਵਾਂ ਅਤੇ ਪ੍ਰਤਿਮਾਨਾਂ ਦਾ ਸਮੂਹ ਬਣ ਜਾਂਦੀਆਂ ਹਨ ਜੋ ਮਨੁੱਖ ਦੇ ਪ੍ਰਕਿਰਤੀ ਦੇ ਸਮਤੁਲ ਖੜ੍ਹੇ ਹੋਣ ਨੂੰ ਤਾਂ ਨਿਰਧਾਰਿਤ ਕਰਦੀਆਂ ਹਨ ਪਰੰਤੂ ਉਸਦੀ ਆਪਣੀ ਵਿਅਕਤੀਗਤਤਾ ਅਤੇ ਨਿੱਜਤਾ ਦੀ ਅਵਹੇਲਨਾ ਕਰਦੀਆਂ ਹਨ। ਇਸ ਕਰਕੇ ਸਥਾਪਤ ਸਭਿਆਚਾਰਕ ਪ੍ਰਤਿਮਾਨਾਂ ਤੇ ਮਾਪਦੰਡਾਂ ਦੇ ਪ੍ਰਸੰਗ ਵਿੱਚ ਮਨੁੱਖ ਦੀ ਨਿੱਜਤਾ ਦਾ ਵਿਰੋਧ ਪ੍ਰਗਟ ਹੋ ਜਾਂਦਾ ਹੈ। ਸ਼ਿਵ ਕੁਮਾਰ ਦੇ ਕਾਵਿਕ ਵਿਵੇਕ ਵਿੱਚ ਇਹ ਵਿਰੋਧ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਅਤੇ ਉਸਦਾ ਕਾਵਿ ਸੰਸਾਰ ਵਿਅਕਤੀ ਦੀ ਨਿੱਜਤਾ ਨੂੰ ਸਵੈਗਤ ਸੰਦਰਭਾਂ ਤੋਂ ਪਾਰ ਲਿਜਾ ਕੇ ਸਮੂਹਕਤਾ ਅਤੇ ਪ੍ਰਕਿਰਤਿਕਤਾ ਵਿੱਚ ਵਿਲੀਨ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਇਸ ਕਰਕੇ ਸ਼ਿਵ ਕੁਮਾਰ ਦੀ ਕਵਿਤਾ ਵਿੱਚ ਸਭਿਆਚਾਰਕ ਸਥਾਪਨਾਵਾਂ ਦਾ ਰੂਪਾਂਤਰਣ ਵਿਸ਼ੇਸ਼ ਕਾਵਿਕ-ਜੁਗਤ ਬਣ ਕੇ ਉੱਭਰਦਾ ਹੈ।

**1. ਮਾਨਵੀ ਰਿਸ਼ਤਿਆਂ ਦਾ ਵਿਰੋਧ**

ਸ਼ਿਵ ਕੁਮਾਰ ਦੀ ਕਵਿਤਾ ਵਿੱਚ ਸਭਿਆਚਾਰਕ ਸਥਾਪਨਾਵਾਂ ਦੇ ਰੂਪਾਂਤਰਣ ਦੇ ਫਲਸਰੂਪ ਸਿਰਜੀਆਂ ਗਈਆਂ ਕਾਵਿਕ-ਜੁਗਤਾਂ ਦਾ ਪਹਿਲਾ ਪੱਖ ਮਾਨਵੀ ਰਿਸ਼ਤਿਆਂ ਦੀ ਰਿਸ਼ਤੇਗਤ ਚੇਤਨਾ ਦੇ ਵਿਰੋਧ ਵਿੱਚ ਨਿਹਿਤ ਹੈ। ਸਥਾਪਤ ਰਿਸ਼ਤਿਆਂ ਦੇ ਅਜਿਹੇ ਵਿਰੋਧ ਦੀਆਂ ਉਦਾਹਰਣਾਂ ਸ਼ਿਵ ਦੇ ਸਮੁੱਚੇ ਕਾਵਿ-ਮੰਡਲ ਵਿੱਚ ਉਪਲਬਧ ਹਨ। 'ਲੂਣਾ' ਵਿੱਚ ਲੂਣਾ ਦਾ ਤਰਕ ਪੂਰਨ ਨੂੰ ਪੁੱਤਰ ਵਜੋਂ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ:

ਮੈਂ ਪੂਰਨ ਦੀ ਮਾਂ
ਪੂਰਨ ਦੇ ਹਾਣ ਦੀ;
ਮੈਂ ਉਸਤੋਂ ਇੱਕ ਚੁੰਮਣ ਵੱਡੀ
ਪਰ ਮੈਂ ਕੀਕਣ ਮਾਂ ਉਹਦੀ ਲੱਗੀ

ਉਹ ਮੇਰੀ ਗਰਭ-ਜੂਨ ਨਾ ਆਇਆ
ਨੀ ਮੈਂ ਧੀ ਵਰਗੀ
ਸਲਵਾਨ ਦੀ[1]
-------------------------
-------------------------
ਉਸ ਕੁੜੀ ਦਾ, ਆਪਣਾ ਹਾਣੀ
ਉਸ ਕੁੜੀ ਨੂੰ ਮਾਂ ਹੈ ਕਹਿੰਦਾ
ਉਸ ਕੁੜੀ ਦੇ ਪਿਓ ਦਾ ਹਾਣੀ
ਉਸ ਕੁੜੀ ਨੂੰ ਪਤਨੀ ਕਹਿੰਦਾ।[2]

ਸ਼ਿਵ ਕੁਮਾਰ ਦਾ ਕਾਵਿਕ-ਵਿਵੇਕ ਲੂਣਾ ਦੀ ਮਾਨਸਿਕ ਸਥਿਤੀ ਦਾ ਮੁਦੱਈ ਹੈ। ਉਹ ਪੂਰਨ ਪ੍ਰਤੀ ਲੂਣਾ ਦੇ ਆਕਰਸ਼ਣ ਨੂੰ 'ਹਮ-ਉਮਰ' ਦੀ ਦਲੀਲ ਨਾਲ਼ ਸਥਾਪਤ ਕਦਰਾਂ ਦੇ ਭੰਜਨ ਰਾਹੀਂ ਦੋਸ਼-ਮੁਕਤ ਕਰਾਰ ਦਿੰਦਾ ਹੈ:

ਚ੍ਰਿਤਰਹੀਣ ਤੇ ਤਾਂ ਕੋਈ ਆਖੇ
ਜੇਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿੱਚ ਗੱਲ ਕੀਹ ਹੈ
ਅਪਮਾਨ ਦੀ ?[3]

'ਕੰਡਿਆਲੀ ਥੋਰ੍ਹ' ਵਿੱਚ ਸ਼ਿਵ ਲਿਖਦਾ ਹੈ :

ਮੈਂ ਉਹ ਚੰਦਰੀ ਜਿਸ ਦੀ ਡੋਲੀ,
ਲੁੱਟ ਲਈ ਆਪ ਕਹਾਰਾਂ,
ਬੰਨ੍ਹਣ ਦੀ ਥਾਂ ਬਾਬਲ ਜਿਸ ਦੇ
ਆਪ ਕਲੀਰੇ ਲਾਹੇ[4]

ਪਰੰਪਰਾਗਤ ਮਾਨਵੀ ਰਿਸ਼ਤਿਆਂ ਦਾ ਅਜਿਹਾ ਖੰਡਨ ਅਤੇ ਵਿਰੋਧ ਸ਼ਿਵ ਦੇ ਕਾਵਿ-ਜਗਤ ਵਿਚ ਕਿਸੇ ਵਿਸ਼ੇਸ਼ ਤ੍ਰਾਸਦਿਕ ਘਟਨਾ ਦਾ ਧਰਾਤਲ ਨਹੀਂ ਬਲਕਿ ਉਸ ਵਲੋਂ ਸਿਰਜੇ ਜਾ ਰਹੇ ਭਾਵ-ਮੰਡਲ ਦਾ ਸੁਭਾਵਿਕ ਵਰਤਾਰਾ ਹੋ ਨਿਬੱੜਦਾ ਹੈ। ਉਹ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦੌਰਾਨ ਕਈ ਅਜਿਹੇ ਸੰਦਰਭ ਸਿਰਜਦਾ ਹੈ ਜਿਸਦੇ ਫਲਸਰੂਪ ਮਾਨਵੀ ਰਿਸ਼ਤਿਆਂ ਦਾ ਅਜਿਹਾ ਵਿਰੋਧ ਆਪ ਹੀ ਪ੍ਰਸੰਗਿਕ ਅਰਥ-ਗ੍ਰਹਿਣ ਕਰ ਲੈਂਦਾ ਹੈ।

2. ਟੈਬੂਆਂ ਦਾ ਨਿਖੇਧ

ਮਨੁੱਖੀ ਸਭਿਅਤਾ ਦੇ ਵਿਕਾਸ ਦੇ ਆਰੰਭਿਕ ਪੜਾਵਾਂ ਉਤੇ ਹੀ ਸਮਾਜਿਕ ਵਿਵਸਥਾ ਬਣਾਈ ਰੱਖਣ ਲਈ ਮਾਨਵੀ ਰਿਸ਼ਤਿਆਂ ਦੀਆਂ ਸੀਮਾਵਾਂ ਨਿਸ਼ਚਿਤ ਕਰਨ ਦੇ ਨਾਲ਼ ਨਾਲ਼ ਹੋਰ ਅਨੇਕ ਪ੍ਰਕਾਰ ਦੇ ਸਮਾਜਿਕ ਤੇ ਸਭਿਆਚਾਰਕ ਸੰਦਰਭਾਂ ਵਿਚ ਟੈਬੂਆਂ ਦਾ ਪ੍ਰਚੱਲਨ ਕੀਤਾ ਗਿਆ। ਇਨ੍ਹਾਂ ਟੈਬੂਆਂ ਦੇ ਖੰਡਿਤ ਹੋਣ ਦੀ ਅਵਸਥਾ ਵਿਚ ਸਭਿਅਤਾ ਦਾ ਪਤਨ ਅਤੇ ਹੋਰ ਅਣਮਨੁੱਖੀ ਨਤੀਜਿਆਂ ਦੀਆਂ ਸੰਭਾਵਨਾਵਾਂ ਸਪਸ਼ਟ ਕੀਤੀਆਂ ਗਈਆਂ।

ਸ਼ਿਵ ਦੇ ਰਚਨਾ-ਸੰਸਾਰ ਵਿਚ ਸਭਿਆਚਾਰਕ ਸਥਾਪਨਾਵਾਂ ਦੇ ਰੂਪਾਂਤਰਣ ਦੀ

ਪ੍ਰਕਿਰਿਆ ਵਿਚ ਟੈਬੂਆਂ ਦੇ ਨਿਖੇਧ ਨੂੰ ਪ੍ਰਮੁੱਖ ਥਾਂ ਦਿੱਤੀ ਗਈ ਹੈ। ਉਹ ਅਜਿਹੀ ਕਿਸੇ ਵੀ ਮਨਾਹੀ ਦਾ ਵਿਰੋਧ ਕਰਦਾ ਹੈ ਜਿਹੜੀ ਸ੍ਰਿਸ਼ਟੀ ਦੇ ਮੂਲ-ਨਿਯਮਾਂ ਦੇ ਵਿਰੋਧ ਵਿਚੋਂ ਸਿਰਜੀ ਗਈ ਹੋਵੇ ਬੇਸ਼ਕ ਸਮਾਜਿਕ ਵਰਤਾਰੇ ਲਈ ਉਹ ਕਿੰਨੀ ਵੀ ਮਹੱਤਵਸ਼ਾਲੀ ਕਿਉਂ ਨਾ ਹੋਵੇ। 'ਲੂਣਾ' ਵਿਚ ਅਜਿਹੇ ਨਿਖੇਧ ਦੀਆਂ ਅਨੇਕਾਂ ਉਦਾਹਰਣਾਂ ਉਪਲਬਧ ਹਨ। ਵਰਮਨ, ਸਲਵਾਨ ਤੇ ਲੂਣਾ ਦੇ ਰਿਸ਼ਤੇ ਦੀ ਵਿਰੋਧਤਾ ਇਸ ਲਈ ਕਰਦਾ ਹੈ ਕਿਉਂਕਿ ਲੂਣਾ ਦਾ ਜਨਮ ਇਕ ਸ਼ੂਦਰ ਦੇ ਘਰ ਹੋਇਆ ਹੈ ਅਤੇ ਸ਼ੂਦਰ ਦੀ ਧੀ ਰਾਣੀ ਨਹੀਂ ਬਣ ਸਕਦੀ। ਪਰੰਤੂ ਵਰਮਨ ਦੀ ਪਤਨੀ ਕੁੰਤ ਇਸ ਟੈਬੂ ਦਾ ਨਿਖੇਧ ਕਰਦੀ ਹੈ :

ਨੀਰ ਜੇ ਗੰਦਾ,
ਗੰਗਾ ਤਾਈ ਆ ਮਿਲ ਜਾਵੇ
ਉਹ ਸਾਰਾ ਗੰਗਾ ਕਹਿਲਾਵੇ
ਪੂਜਨ-ਹਾਰਾ ਹੀ ਹੋ ਜਾਵੇ
ਕਿਉਂ ਸੰਭਵ ਨਾ,
ਜੇਕਰ ਲੂਣਾ
ਵੀਰ ਮੇਰੇ ਦੇ ਲੜ ਲੱਗ ਜਾਵੇ
ਕਿਉਂਕਰ ਮੁੜ,
ਸ਼ੂਦਰ ਕਹਿਲਾਵੇ ?[5]

ਸਲਵਾਨ ਦੇ ਮਹਿਲਾਂ ਵਿਚ ਲੂਣਾ ਦੇ ਮਨ ਵਿਚ ਸਲਵਾਨ ਤੋਂ ਉਪਰਾਮ ਹੋ ਕੇ ਪੂਰਨ ਪ੍ਰਤੀ ਆਕਰਸ਼ਣ ਵਧਦਾ ਹੈ ਤਾਂ ਉਸਦੀ ਸਹੇਲੀ ਈਰਾ ਉਸਨੂੰ ਸਥਾਪਤ ਅਨੈਤਿਕਤਾ ਦੇ ਰਾਹ ਤੁਰਨ ਤੋਂ ਵਰਜਦੀ ਹੈ। ਇਲੈਕਟਰਾ ਮਨੋਗ੍ਰੰਥੀ ਦੇ ਟੈਬੂ ਦਾ ਨਿਖੇਧ ਈਰਾ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

ਏਥੇ ਹਰ ਬਾਬਲ ਹੀ
ਆਪਣੀ ਧੀ ਤੇ ਮਰਦਾ
ਤੇ ਏਥੇ ਹਰ ਮਾਂ ਹੀ
ਪੁੱਤਰ 'ਤੇ ਹੈ ਮਰਦੀ।[6]

ਸਪਸ਼ਟ ਹੈ ਕਿ ਸ਼ਿਵ ਦੇ ਕਾਵਿ-ਜਗਤ ਵਿਚ ਟੈਬੂ ਦਾ ਨਿਖੇਧ ਇਸ ਲਈ ਲਾਜ਼ਮੀ ਹੈ ਕਿਉਂਕਿ ਇਹ ਟੈਬੂ ਮਾਨਵੀ ਵ੍ਰਿਤੀਆਂ (instincts) ਦੀ ਤ੍ਰਿਪਤੀ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰਦੇ ਹਨ। ਜਦੋਂ ਮਨੁੱਖ ਦੀਆਂ ਮੂਲ਼-ਭੂਤ ਪ੍ਰਕਿਰਤਕ ਵ੍ਰਿਤੀਆਂ ਅਤੇ ਮਾਨਵੀ-ਸਮਾਜ ਦੀਆਂ ਨੈਤਿਕ ਸਿਰਜਣਾਵਾਂ ਵਿਚ ਤਣਾਓ ਉਤਪੰਨ ਹੁੰਦਾ ਹੈ ਤਾਂ ਸ਼ਿਵ ਕੁਮਾਰ ਅਜਿਹੇ ਟੋਟਮ ਅਤੇ ਟੈਬੂ ਦੇ ਨਿਖੇਧ ਦਾ ਮੁਦੱਈ ਬਣ ਕੇ ਉਭਰਦਾ ਹੈ।

### 3. ਮਰਯਾਦਾਵਾਂ ਦਾ ਨਿਖੇਧ

ਟੈਬੂਆਂ ਵਾਂਗ ਹੀ ਸਭਿਆਚਾਰਕ ਮਰਯਾਦਾਵਾਂ ਵੀ ਜਦੋਂ ਮਾਨਵੀ ਵ੍ਰਿਤੀਆਂ ਦੀ ਪ੍ਰਕਿਰਤਕ ਤ੍ਰਿਪਤੀ ਦੇ ਰਾਹ ਵਿਚ ਖੜ੍ਹਦੀਆਂ ਹਨ ਤਾਂ ਸ਼ਿਵ ਕੁਮਾਰ ਇਨ੍ਹਾਂ ਦਾ ਵੀ ਨਿਖੇਧ ਆਪਣੀ ਰਚਨਾ ਵਿਚ ਕਰਦਾ ਹੈ। ਉਹ "ਗਰਭਵਤੀ" ਕਵਿਤਾ ਵਿਚ ਲਿਖਦਾ ਹੈ :

ਅੱਜ ਮੇਰੇ ਇਰਾਦੇ ਅੰਦਰ
ਉਹ ਮੇਰਾ ਨਾ ਵਾਕਫ਼ ਮਾਲੀ
ਅੱਜ ਤੋਂ ਮੇਰਾ ਕੰਤ ਹੈ ਹੋਇਆ
ਕਰ ਲਾਂਗੀ ਦਿਨ ਪੂਰੇ

ਵਾਕਣ ਰੰਡੀਆਂ ।[7]

ਅਣਜਾਣ ਮਾਲੀ ਨੂੰ ਪਤੀ ਬਣਾ ਕੇ ਰੰਡੀਆਂ ਵਾਂਗ ਦਿਨ ਕੱਟਣ ਦੀ ਅਵਸਥਾ ਵਿਚ ਸ਼ਿਵ ਦੀ ਨਾਇਕਾ ਸਮਾਜਿਕ ਪ੍ਰਵਾਨਗੀ ਨਾਲ਼ ਵਿਆਹ ਦੀ ਮਰਯਾਦਾ ਦਾ ਨਿਖੇਧ ਕਰਦੀ ਹੈ। ਬਿਲਕੁਲ ਇਸੇ ਤਰ੍ਹਾਂ ਦੀ ਸਥਿਤੀ ਦਾ ਬਿਆਨ 'ਮੇਲ' ਕਵਿਤਾ ਵਿਚ ਕੀਤਾ ਗਿਆ ਹੈ ਅਤੇ 'ਉਧਾਲਾ' ਵਿਚ ਇਕ ਉਧਲ਼ ਕੇ ਜਾ ਰਹੀ ਕੁੜੀ ਸ਼ਿਵ ਦੀਆਂ ਨਜ਼ਰਾਂ ਵਿਚ 'ਨਾਇਕਾ' ਵਜੋਂ ਕਾਰਜਸ਼ੀਲ ਹੈ।

'ਲੂਣਾ' ਦੇ ਆਰੰਭ ਵਿਚ ਚੰਬਿਆਲਣਾਂ ਸੂਤਰਧਾਰ ਤੇ ਨਟੀ ਨੂੰ ਰਾਜੇ ਵਰਮਨ ਵਾਸਤੇ ਦਿੱਤੀ ਜਾਣ ਵਾਲੀ ਕਾਲ਼ੇ ਮੁਰਗੇ ਅਤੇ ਇਕ ਸੌ ਇਕੀ ਭੇਡਾਂ ਦੀ ਬਲੀ ਦੀ ਮਰਯਾਦਾ ਬਾਰੇ ਦੱਸਦੀਆਂ ਹਨ। ਇਸ ਮਰਯਾਦਾ ਦਾ ਨਿਖੇਧ ਨਟੀ ਦੇ ਮੂੰਹੋਂ ਇਨ੍ਹਾਂ ਸ਼ਬਦਾਂ ਰਾਹੀਂ ਕਰਵਾਇਆ ਗਿਆ ਹੈ :

ਇਹ ਮਾਨਵ ਦੇ ਕੋਝ ਦਾ
ਕੋਝਾ ਇਕ ਪੜਾ
ਜਾਨ ਪਰਾਈ ਕੋਹੇ ਕਦ
ਵਧਦੀ ਉਮਰ ਭਲਾ
ਪ੍ਰਾਣ ਪਰਾਏ ਖੋਹੇ ਕਦ
ਮਿਲਦਾ ਰੱਬ ਭਲਾ ?[8]

ਇਸ ਉਦਾਹਰਣ ਵਿਚ ਪ੍ਰਕਿਰਤਕ ਨਿਆਂ ਦੇ ਸਿਧਾਂਤ(Theory of natural justice) ਅਨੁਸਾਰ ਮਿੱਥਕ-ਯਥਾਰਥ ਦਾ ਰੂਪਾਂਤਰਣ ਕਰਕੇ ਵਿਸ਼ਵਾਸ-ਆਧਾਰਿਤ ਮਰਯਾਦਾ ਦਾ ਨਿਖੇਧ ਪੇਸ਼ ਕੀਤਾ ਗਿਆ ਹੈ।

**4. ਸਭਿਆਚਾਰਕ ਕੀਮਤਾਂ ਦਾ ਰੂਪਾਂਤਰਣ**

ਸਭਿਆਚਾਰਕ ਕੀਮਤਾਂ ਦਾ ਰੂਪਾਂਤਰਣ, ਵਸਤੂਗਤ ਯਥਾਰਥ ਅਤੇ ਕਲਾਤਮਿਕ ਯਥਾਰਥ ਦੀ ਪੱਧਰ ਉਤੇ ਕਾਰਜਸ਼ੀਲ ਨਿਰੰਤਰ ਪ੍ਰਕਿਰਿਆ ਹੈ। ਸਮਾਜਿਕ ਪਰ-ਉਸਾਰ ਦੀ ਪੱਧਰ ਉਤੇ ਆਉਣ ਵਾਲੇ ਇਸ ਪਰਿਵਰਤਨ ਨਾਲ਼ ਮਾਨਵੀ ਚਿੰਤਨ ਵਿਚ ਗੁਣਾਤਮਿਕ ਤਬਦੀਲੀ ਆਉਂਦੀ ਹੈ। ਵਿਭਿੰਨ ਸਾਂਸਕ੍ਰਿਤਕ ਸਥਿਤੀਆਂ ਅਤੇ ਮਾਨਵੀ ਸਭਿਅਤਾ ਦੇ ਵਿਕਾਸ-ਪੜਾਵਾਂ ਉਤੇ ਔਰਤ-ਮਰਦ ਦੇ ਰਿਸ਼ਤੇ ਦੀਆਂ ਪਰਤਾਂ, ਔਰਤ ਦੀ ਸਮਾਜਿਕ ਸਥਿਤੀ, ਸਮੁੱਚਾ ਮਾਨਵੀ-ਵਿਵਹਾਰ, ਚਿੰਤਨ-ਵਿਧੀਆਂ ਅਤੇ ਨੈਤਿਕਤਾ ਦੇ ਵੱਖ ਵੱਖ ਰੂਪ ਉਜਾਗਰ ਹੁੰਦੇ ਰਹੇ ਹਨ। ਇਨ੍ਹਾਂ ਸਥਿਤੀਆਂ ਅਤੇ ਅਵਸਥਾਵਾਂ ਵਿਚ ਕਦੇ ਵੀ ਕੁਆਰੀ ਔਰਤ ਦਾ ਗਰਭਵਤੀ ਹੋਣਾ ਸਮਾਜਿਕ/ਸਭਿਆਚਾਰਕ ਕਦਰਾਂ ਵਿਚ ਪ੍ਰਵਾਨ ਨਹੀਂ ਕੀਤਾ ਗਿਆ। ਪਰੰਤੂ ਸ਼ਿਵ ਕੁਮਾਰ ਦੇ ਕਾਵਿ-ਜਗਤ ਵਿਚ 'ਵਿਆਹ' ਦੀ ਸਮਾਜਿਕ/ ਸਭਿਆਚਾਰਕ ਰਸਮ ਨੂੰ ਮਹੱਤਵਹੀਨ ਗਰਦਾਨ ਕੇ, 'ਗਰਭਵਤੀ' ਕਵਿਤਾ ਵਿਚ ਗਰਭਵਤੀ ਔਰਤ ਦੀਆਂ ਵਿਭਿੰਨ ਮਾਨਸਿਕ ਸਥਿਤੀਆਂ ਦਾ ਰੂਪਾਂਤਰਣ ਪੇਸ਼ ਕੀਤਾ ਗਿਆ ਹੈ ਅਤੇ ਇਸ ਪ੍ਰਕਾਰ ਇਹ ਕਵਿਤਾ ਉਸ ਦੀਆਂ ਸ੍ਰੇਸ਼ਟ ਰਚਨਾਵਾਂ ਦੀ ਸੂਚੀ ਵਿਚ ਦਰਜ ਹੋ ਜਾਂਦੀ ਹੈ:

ਪਹਿਲੀ ਸਥਿਤੀ : ਕੁੱਖ ਦੀ ਕਾਲੀ ਧਰਤੀ ਅੰਦਰ
ਚਾਨਣ ਦਾ ਇਕ ਬੂਟਾ ਉਗਿਐ।
-----------------------------
-----------------------------

ਕੁੱਖ ਦੀ ਸੌੜੀ ਧਰਤੀ ਅੰਦਰ

ਇਹ ਬੂਟਾ ਮੈਂ ਕੀਕਣ ਸਾਂਭਾਂ ?
ਇਹ ਬੂਟਾ ਮੈਂ ਕੀਕਣ ਛਾਂਗਾਂ ?
ਨਿੱਤ ਨਿੱਤ ਹੁੰਦੀਆਂ ਜਾਣ
ਡਾਲੀਆਂ ਲੰਬੀਆਂ;

ਦੂਜੀ ਸਥਿਤੀ : ਕੁੱਖ ਦੀ ਧਰਤ ਕੁਆਰੀ ਅੰਦਰ
ਜੇ ਦੁਨੀਆਂ ਦੀ ਮੈਲੀ ਅੱਖ ਨੂੰ
ਇਹ ਬੂਟਾ ਨਜ਼ਰੀ ਪੈ ਜਾਸੀ
ਸੱਤ ਜਹਾਨੀ ਰੱਜ ਕੇ
ਹੋਸਣ ਭੰਡੀਆਂ;
ਤੀਜੀ ਸਥਿਤੀ: ਮੈਂ ਕੁੰਤੀ ਹਾਂ ਅੱਜ ਦੇ ਜੁੱਗ ਦੀ
ਮੇਰੀ ਕੁੱਖ ਵਿਚ ਕਰਨ ਹੈ ਕੋਈ
ਜਾਂ ਚਾਨਣ ਦਾ ਹੈ ਇਕ ਬੂਟਾ
ਜਾਣ ਨਾ ਮੈਥੋਂ ਸ਼ਾਖਾਂ
ਇਸਦੀਆਂ ਝੰਬੀਆਂ !
ਚੌਥੀ ਸਥਿਤੀ: ਇਸ ਬੂਟੇ ਦੇ ਕੂਲੇ ਮੁੱਢ ਵਿਚ
ਮੈਂ ਮਮਤਾ ਦਾ ਪਾਸਾਂ ਪਾਣੀ
ਮੈਂ ਲੈਸਾਂ ਪਰਦੱਖਣਾ ਇਸਦੀ
ਜਾਣ ਇਸਮਤਾਂ ਭਾਵੇਂ
ਸੂਲੀ ਟੰਗੀਆਂ ![੭]

ਮਾਨਵੀ ਅਸਤਿਤਵ ਪ੍ਰਤੀ ਸਮੁੱਚੇ ਸਮੂਹਿਕ ਵਿਵੇਕ ਵਿਚ ਆਮ ਕਰਕੇ ਅਤੇ ਨਾਰੀ ਚੇਤਨਾ ਵਿਚ ਵਿਸ਼ੇਸ਼ ਕਰਕੇ ਆਇਆ ਇਹ ਪਰਿਵਰਤਨ ਸਭਿਆਚਾਰਕ ਕੀਮਤਾਂ ਦੇ ਰੂਪਾਂਤਰਣ ਦਾ ਹੀ ਫਲ਼ ਹੈ ਅਤੇ ਸ਼ਿਵ ਦੇ ਕਾਵਿ-ਜਗਤ ਦੀ ਇਹ ਇਕ ਅਨੂਠੀ ਪ੍ਰਾਪਤੀ ਹੈ।

ਸਭਿਆਚਾਰਕ ਕੀਮਤਾਂ ਦੇ ਵਪਾਰੀਕਰਨ ਦੇ ਸਿੱਟੇ ਵਜੋਂ ਇਖ਼ਲਾਕੀ ਅਤੇ ਨੈਤਿਕ ਕੀਮਤਾਂ ਵਿਚ ਵੀ ਬੁਨਿਆਦੀ ਤਬਦੀਲੀ ਆਉਂਦੀ ਹੈ। 'ਲੂਣਾ' ਵਿਚ ਈਰਾ ਅਤੇ ਲੂਣਾ ਦੇ ਵਾਰਤਾਲਾਪ ਵਿਚੋਂ ਇਸ ਨਾਂਹ-ਮੁਖੀ ਰੂਪਾਂਤਰਣ ਦੇ ਦੀਦਾਰ ਹੁੰਦੇ ਹਨ:

ਏਥੇ,
ਪਿਆਰ, ਮੁਹੱਬਤ ਰੋਟੀ ਦਾ ਹੀ ਨਾਂ ਹੈ
ਧਰਮ ਅਤੇ ਇਖ਼ਲਾਕ ਵੀ
ਰੋਟੀ ਦਾ ਹੀ ਨਾਂ ਹੈ
--------------------
--------------------
ਤਿੱਥ-ਵਾਰ, ਤਹਿਵਾਰ ਵੀ
ਰੋਟੀ ਦਾ ਹੀ ਨਾਂ ਹੈ
ਰੋਟੀ ਖਾਤਰ ਹਰ ਲੂਣਾ

ਪੂਰਨ ਦੀ ਮਾਂ ਹੈ
ਇਸ ਬਸਤੀ ਵਿਚ ਰੋਟੀ ਹੀ
ਮਹਿਬੂਬਾ ਥਾਂ ਹੈ।[10]

### 5. ਸਭਿਆਚਾਰਕ ਪ੍ਰਤੀਕਾਂ ਦੀ ਪੁਨਰ-ਸਥਾਪਨਾ

ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਵਿਚ ਪ੍ਰਤੀਕ-ਪ੍ਰਬੰਧ ਦਾ ਵਿਸ਼ੇਸ਼ ਮਹੱਤਵ ਹੈ। ਉਹ ਆਪਣੇ ਪ੍ਰਤੀਕਾਂ ਰਾਹੀਂ ਸਭਿਆਚਾਰਕ-ਜੁਗਤਾਂ ਦੇ ਨਵੀਨ ਅਰਥ-ਸੰਦਰਭ ਸਿਰਜ ਕੇ ਨਿਵੇਕਲੀ ਕਾਵਿਕ-ਸ਼ੈਲੀ ਦੀ ਉਸਾਰੀ ਕਰਦਾ ਹੈ। ਇਸ ਪ੍ਰਕਿਰਿਆ ਵਿਚ ਉਹ ਪੇਸ਼ ਕੀਤੇ ਜਾਣ ਵਾਲੇ ਮਾਨਵੀ-ਭਾਵ-ਸੰਸਾਰ ਨੂੰ ਗਹਿਰਾਈ ਵੀ ਪ੍ਰਦਾਨ ਕਰਦਾ ਹੈ ਅਤੇ ਨਵੀਨਤਾ ਵੀ।

'ਲੂਣਾ' ਵਿਚ ਉਸਨੇ ਸੂਰਜ, ਧੁੱਪ, ਸੁਪਨ-ਸਰਪਨੀ, ਅਗਨ-ਸਰਪਨੀ, ਸੇਕ, ਡੰਗ ਆਦਿ ਪ੍ਰਤੀਕ ਜਵਾਨੀ, ਜੋਸ਼, ਸੈਕਸ, ਮਹਿਬੂਬ ਆਦਿ ਸੰਕਲਪਾਂ ਲਈ ਵਰਤ ਕੇ ਇਨ੍ਹਾਂ ਦੇ ਵਿਰੋਧੀ ਪ੍ਰਤੀਕਾਂ ਵਿਚ ਕਾਲਖ, ਛਾਂ, ਹਨੇਰਾ, ਨੀਂਦਰ, ਪਰਛਾਵਾਂ ਆਦਿ ਨੂੰ ਨਵੀਨ ਸੰਦਰਭਾਂ ਲਈ ਵਰਤਿਆ ਹੈ। ਸਰਾਪੀ-ਅੱਗ, ਅਗਨ-ਬਿਰਛ, ਕਾਲਾ-ਸੂਰਜ, ਲੂਣਾ-ਅਲੂਣਾ ਪੂਰਨ-ਅਪੂਰਨ ਆਦਿ ਕੁਝ ਹੋਰ ਅਜਿਹੇ ਬਿੰਬ ਵਰਤੇ ਗਏ ਹਨ ਜਿਹੜੇ ਸ਼ਿਵ ਦੇ ਕਾਵਿਕ-ਵਿਵੇਕ ਨੂੰ ਸੁਹਜਾਤਮਿਕਤਾ ਦੇ ਨਾਲ਼ ਨਾਲ਼ ਭਾਵਨਾਤਮਿਕ ਪ੍ਰਚੰਡਤਾ ਵੀ ਪ੍ਰਦਾਨ ਕਰਦੇ ਹਨ।

ਸ਼ਿਵ ਨੇ ਆਧੁਨਿਕ ਯੁੱਗ ਵਿਚ ਮਾਨਵੀ-ਅਸਤਿਤਵ ਦੀ ਨਿਰਰਥਕਤਾ ਵਿਅਕਤ ਕਰਨ ਲਈ 'ਕੰਡਿਆਲੀ ਥੋਰ੍ਹ' ਦਾ ਪ੍ਰਤੀਕ ਵਰਤ ਕੇ ਹਯਾਤੀ ਪ੍ਰਤੀ ਪੁਨਰ-ਚਿੰਤਨ ਲਈ ਅਗਰਸਰ ਕੀਤਾ ਹੈ:

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਕਿਤੇ ਕੁਰਾਹੇ
ਨਾ ਕਿਸੇ ਮਾਲੀ ਸਿੰਜਿਆ ਮੈਨੂੰ
ਨਾ ਕੋਈ ਸਿੰਜਣਾ ਚਾਹੇ!
--------------------
--------------------
ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਵਿਚ ਜੋ ਬਾਗਾਂ
ਮੇਰੇ ਮੁੱਢ ਬਣਾਈ ਵਰਮੀ
ਕਾਲੇ ਫਨੀਅਰ ਨਾਗਾਂ![11]

ਸ਼ਿਵ ਦੇ ਕਾਵਿ-ਜਗਤ ਵਿਚ ਇਸ਼ਕ ਦੀ ਅਸਫ਼ਲਤਾ ਵਿਚੋਂ ਉਪਜੇ ਬਿਰਹਾ-ਵਰਣਨ ਨੂੰ ਵਿਸ਼ੇਸ਼ ਥਾਂ ਹਾਸਲ ਹੈ। ਇਸ ਭਾਵ -ਸੰਸਾਰ ਦੀ ਪੇਸ਼ਕਾਰੀ ਲਈ ਹੀਰ, ਰਾਂਝਾ, ਯਾਰੜਾ, ਤਖ਼ਤ-ਹਜ਼ਾਰਾ, ਝਨਾਂ, ਨੈਣ-ਸਰਾਂ, ਪੰਛੀ, ਕੰਙਣੀ ਆਦਿ ਬਿੰਬਾਂ-ਪ੍ਰਤੀਕਾਂ ਦੀ ਵੀ ਅਨੇਕਾਂ ਵਾਰ ਵਰਤੋਂ ਕੀਤੀ ਗਈ ਹੈ। ਇਨ੍ਹਾਂ ਬਿੰਬਾਂ ਰਾਹੀਂ ਉਸਾਰੇ ਗਏ ਪ੍ਰਤੀਕ ਪ੍ਰਬੰਧ ਨੂੰ ਸਭਿਆਚਾਰਕ ਜੁਗਤਾਂ ਨਾਲ਼ ਜੋੜ ਕੇ ਸ਼ਿਵ ਕੁਮਾਰ ਇਨ੍ਹਾਂ ਦੀ ਅਜਿਹੀ ਵਰਤੋਂ ਕਰਦਾ ਹੈ ਜਿਸਦੇ ਫਲਸਰੂਪ ਅਸੀਂ ਸੁਹਜਾਤਮਿਕ ਆਨੰਦ ਦੀ ਤ੍ਰਿਪਤੀ ਕਰਦੇਂ ਹਾਂ।

#### ਅ) ਸਦਾਚਾਰਕ ਸਥਾਪਨਾਵਾਂ ਦਾ ਰੂਪਾਂਤਰਣ

ਸ਼ਿਵ ਕੁਮਾਰ ਦੇ ਕਾਵਿਕ-ਵਿਵੇਕ ਦੀ ਅਨਿੱਖੜਵੀਂ ਵਿਸ਼ੇਸ਼ਤਾ ਇਹ ਹੈ ਕਿ ਉਸਦੇ ਸਮੁੱਚੇ ਕਾਵਿ-ਜਗਤ ਵਿਚ ਸਦਾਚਾਰਕਤਾ ਦੋ ਪਾਸਾਰਾਂ ਅਧੀਨ ਪੇਸ਼ ਹੁੰਦੀ ਹੈ। ਪਹਿਲੇ ਪਾਸਾਰ

ਵਿਚ ਸਦਾਚਾਰਕਤਾ ਮਨੁੱਖ ਦੀਆਂ ਉਨ੍ਹਾਂ ਸਮੂਹਵਾਚੀ ਪ੍ਰੇਰਨਾਵਾਂ ਅਤੇ ਕੀਮਤਾਂ ਦੀ ਤਰਜਮਾਨੀ ਕਰਦੀ ਹੈ ਜਿਸ ਅਧੀਨ ਉਹ ਵਿਅਕਤੀਗਤ ਅਤੇ ਨਿੱਜਮੂਲਕ ਕਰਮ-ਸੰਸਾਰ ਨੂੰ ਸਦਾਚਾਰਕ ਪੱਧਰਾਂ ਤੋਂ ਪਰ੍ਹਾਂ ਕਰਕੇ ਦੇਖਦੇ ਹਨ ਪਰੰਤੂ ਸ਼ਿਵ ਕੁਮਾਰ, ਸਦਾਚਾਰਕ-ਨਵ ਨਿਰਮਾਣ ਦੀ ਪ੍ਰਕਿਰਿਆ ਰਾਹੀਂ ਪਰੰਪਰਕ ਸਦਾਚਾਰਕ ਕੀਮਤਾਂ ਅਤੇ ਪ੍ਰਚਲਤ ਸਮੂਹਵਾਚੀ ਖੋਖਲੇ ਆਦਰਸ਼ਾਂ ਨੂੰ ਪਾਸੇ ਰੱਖ ਕੇ ਨਿੱਜਮੁਖੀ ਪ੍ਰਕਿਰਤਕ ਪ੍ਰਸੰਗਾਂ ਦੀ ਸਥਾਪਨਾ ਕਰਦਾ ਹੈ। ਇਸ ਕਰਕੇ ਸਦਾਚਾਰਕ ਸਥਾਪਨਾਵਾਂ ਦਾ ਇਹ ਰੂਪਾਂਤਰਣ ਸ਼ਿਵ ਦੇ ਕਾਵਿ ਸੰਸਾਰ ਦੀ ਅਨਿੱਖੜਵੀਂ ਵਿਸ਼ੇਸ਼ਤਾ ਬਣ ਕੇ ਸਮੁੱਚੇ ਕਾਵਿ-ਜਗਤ ਨੂੰ ਨਵੇਂ ਦਾਰਸ਼ਨਿਕ ਸੰਦਰਭ ਪ੍ਰਦਾਨ ਕਰਦਾ ਹੈ।

**1. ਸਦਾਚਾਰਕਤਾ, ਮਹਿਜ਼ ਬੰਧਨ**

ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਜਗਤ ਵਿਚ ਆਮ ਕਰਕੇ ਅਤੇ 'ਲੂਣਾ' ਵਿਚ ਖ਼ਾਸ ਕਰਕੇ ਸਦਾਚਾਰਕ ਕੀਮਤਾਂ, ਖੋਖਲੇ ਆਦਰਸ਼ਾਂ ਅਤੇ ਮਾਨਵ-ਵਿਰੋਧੀ ਨੀਤੀਆਂ ਉਤੇ ਮਾਰੂ ਵਾਰ ਕੀਤੇ ਗਏ ਹਨ। ਇਨ੍ਹਾਂ ਸੰਦਰਭਾਂ ਵਿਚ ਸਥਾਪਤ ਸਦਾਚਾਰ ਮਹਿਜ਼ ਬੰਧਨ ਹੈ ਜਿਹੜਾ ਮਾਨਵੀ-ਕਾਮਨਾਵਾਂ, ਖਾਹਿਸ਼ਾਂ ਤੇ ਚੇਸ਼ਟਾਵਾਂ ਲਈ ਵਿਵਰਜਤ ਮਨਾਹੀਆਂ ਦਾ ਚੌਖਟਾ ਅਤੇ ਟੈਬੂ ਹੀ ਹੈ। ਸ਼ਿਵ-ਕਾਵਿ ਦੀ ਇਹ ਇਕ ਅਨੋਖੀ ਪ੍ਰਾਪਤੀ ਹੈ ਕਿ ਉਹ ਅਜਿਹੇ ਖੋਖਲੇ ਤੇ ਬੇਬੁਨਿਆਦ ਸਦਾਚਾਰ ਦੇ ਵਿਰੋਧ ਵਿਚ ਨਿੱਗਰ ਸਟੈਂਡ ਲੈਂਦਾ ਹੈ ਅਤੇ ਪਰੰਪਰਕ ਸਦਾਚਾਰ ਦੇ ਸਮਤੁਲ ਸਦਾਚਾਰ ਦਾ ਨਵ-ਨਿਰਮਾਣ ਕਰਦਾ ਹੈ। ਉਸਦੇ ਨਵ-ਨਿਰਮਾਣਤ ਸਦਾਚਾਰ ਵਿਚ ਨਰੋਈਆਂ ਮਾਨਵੀ ਕਦਰਾਂ ਦਾ ਬਦਲ ਪੇਸ਼ ਕੀਤਾ ਗਿਆ ਹੈ ਅਤੇ ਜਨੂੰਨੀ ਮਜ਼੍ਹਬਾਂ ਤੇ ਉਨ੍ਹਾਂ ਦੀਆਂ ਅਨੁਸਾਰੀ ਕੀਮਤਾਂ ਦੇ ਖਿਲਾਫ਼ ਖੁਲ੍ਹੀ ਬਗਾਵਤ ਕੀਤੀ ਗਈ ਹੈ। ਉਹ 'ਚਾਂਦੀ ਦੀਆਂ ਗੋਲੀਆਂ' ਕਵਿਤਾ ਵਿਚ ਲਿਖਦਾ ਹੈ :

> ਸੱਸੀ ਦਾ ਭੰਬੋਰ, ਲੁੱਟ ਪੁੱਟ ਕੇ ਵੀ ਹਾਲੇ ਤੀਕ
> ਹੋਤਾਂ ਸਾਥ ਛੱਡਿਆ ਨਹੀਂ, ਡਾਚੀਆਂ ਦੇ ਧੰਦੇ ਦਾ
> ਹੱਦਾਂ ਬੰਨੇ ਬੰਨ੍ਹ ਕੇ ਵੀ ਗੋਰਿਆਂ ਤੇ ਕਾਲਿਆਂ ਨੇ
> ਹੱਥੋਂ ਰੱਸਾ ਛੱਡਿਆ ਨਹੀਂ, ਮਜ਼ਹਬਾਂ ਦੇ ਫੰਦੇ ਦਾ ।[12]

ਸਦਾਚਾਰਕ ਨਵ-ਨਿਰਮਾਣ ਦੀ ਸੱਦ, ਸ਼ਿਵ ਦੀ ਇਕ ਛੋਟੀ ਕਵਿਤਾ 'ਲੂਣਾ' ਵਿਚ ਬੁਲੰਦ ਹੁੰਦੀ ਹੈ:

> ਧਰਮੀ ਬਾਬਲ ਪਾਪ ਕਮਾਇਆ
> ਲੜ ਆਇਆ ਸਾਡੇ ਫੁੱਲ ਕੁਮਲਾਇਆ।
> ------------------------------
> ------------------------------
> ਚਰਿਤ੍ਰਹੀਣ ਤੇ ਤਾਂ ਕੋਈ ਆਖੇ
> ਜੇਕਰ ਲੂਣਾ ਵੇਚੇ ਹਾਸੇ,
> --------------------
> --------------------
> ਜੋ ਸਲਵਾਨ ਮੇਰੇ ਲੜ ਲੱਗਾ
> ਦਿਨ ਭਰ ਚੁੱਕ ਫ਼ਾਈਲਾਂ ਦਾ ਥੱਬਾ
> ਸ਼ਹਿਰੋਂ ਸ਼ਹਿਰ ਰਵ੍ਹੇ ਨਿੱਤ ਭੱਜਾ
> ਮਨ ਵਿਚ ਚੇਟਕ ਚਾਂਦੀ ਦੇ ਫੁੱਲ ਖਾਣ ਦੀ।

ਚਿਰ ਹੋਇਆ ਉਹਦੀ ਇੱਛਰਾਂ ਮੋਈ
ਇਕ ਪੂਰਨ ਜੰਮ ਪੂਰਨ ਹੋਈ
ਉਹ ਪੂਰਨ ਨਾ ਜੋਗੀ ਕੋਈ
ਉਸਦੀ ਨਜ਼ਰ ਹੈ ਮੇਰਾ ਹਾਣ ਪਛਾਣਦੀ।
ਹੋ ਚੱਲਿਆ ਹੈ, ਆਥਣ ਵੇਲਾ
ਆਇਆ ਨਹੀਂ ਗੋਰਖ ਦਾ ਚੇਲਾ
ਦਫ਼ਤਰ ਤੋਂ ਅੱਜ ਘਰ ਅਲਬੇਲਾ
ਮੈਂ ਪਈ ਕਰਾਂ ਤਿਆਰੀ ਕੈੜੇ ਜਾਣ ਦੀ।[13]

ਸ਼ਿਵ-ਕਾਵਿ ਵਿਚ ਉਪਰੋਕਤ ਜਿਹੀਆਂ ਅਨੇਕਾਂ ਉਦਾਹਰਣਾਂ ਮੌਜੂਦ ਹਨ ਜਿਨ੍ਹਾਂ ਦਾ ਅਧਿਐਨ ਇਹੀ ਪ੍ਰਮਾਣਤ ਕਰਦਾ ਹੈ ਕਿ ਪਰੰਪਰਾਗਤ ਸਦਾਚਾਰਕ ਕੀਮਤਾਂ, ਮਾਨਵੀ ਆਜ਼ਾਦੀ ਲਈ ਨਿਰਾ ਬੰਧਨ ਮਾਤਰ ਹਨ ਅਤੇ ਸ਼ਿਵ ਦੇ ਕਾਵਿ-ਪ੍ਰਵਚਨ ਵਿਚ ਅਜਿਹੇ ਬੰਧਨਾਂ ਦਾ ਵਿਰੋਧ ਸੁਭਾਵਕ ਹੈ।

**2. ਸਦਾਚਾਰਕਤਾ ਅਤੇ ਕਾਮੁਕਤਾ**

ਪ੍ਰਚਲਤ ਧਾਰਨਾਵਾਂ ਅਨੁਸਾਰ ਕਾਮੁਕਤਾ (sexuality)ਪ੍ਰਤੀ ਲਈ ਗਈ ਕੋਈ ਵੀ ਖੁਲ੍ਹ ਸਦਾਚਾਰ ਦਾ ਵਿਰੋਧ ਕਰਦੀ ਹੈ ਅਥਵਾ ਸਦਾਚਾਰਕ ਕੀਮਤਾਂ ਕਾਮੁਕਤਾ ਦੀ ਸੁਭਾਵਿਕ ਪੂਰਤੀ ਦੇ ਰਾਹ ਵਿਚ ਟੈਬੂ ਬਣ ਜਾਂਦੀਆਂ ਹਨ ਪਰੰਤੂ ਸ਼ਿਵ ਦੇ ਕਾਵਿ-ਜਗਤ ਵਿਚ ਕਾਮੁਕਤਾ ਦਾ ਸੰਕਲਪ ਅਜਿਹੇ ਅਰਥਾਂ ਦਾ ਧਾਰਨੀ ਨਹੀਂ ਬਲਕਿ ਇਹ ਇਕ ਦੂਜੇ ਦੇ ਪੂਰਕ ਹੋ ਨਿੱਬੜਦੇ ਹਨ। ਸਾਡੇ ਭਾਰਤੀ ਦਰਸ਼ਨ ਵਿਚ ਕਾਮ ਨੂੰ ਚਾਰ ਮੂਲ ਪੁਰਸ਼ਾਰਥਾਂ(ਧਰਮ, ਅਰਥ, ਕਾਮ, ਮੋਕਸ਼) ਵਿਚੋਂ ਇਕ ਮੰਨਿਆ ਗਿਆ ਹੈ ਅਤੇ ਸਿਰਜਣਾਤਮਿਕਤਾ ਦਾ ਬੁਨਿਆਦੀ ਮਾਧਿਅਮ ਹੋਣ ਕਰਕੇ ਇਸ ਦੀ ਪੂਜਾ ਤੱਕ ਕੀਤੀ ਜਾਂਦੀ ਰਹੀ ਹੈ।

ਕਾਮ ਦਾ ਵਿਗੜਿਆ ਹੋਇਆ ਸੰਕਲਪ ਵੀ ਇਕ ਸਮਾਜਿਕ ਯਥਾਰਥ ਹੈ ਅਤੇ ਸ਼ਿਵ ਇਸ ਪ੍ਰਤੀ ਅਵੇਸਲਾ ਨਹੀਂ ਹੁੰਦਾ। 'ਲੂਣਾ' ਵਿਚ ਲੂਣਾ ਅਤੇ ਈਰਾ ਦੇ ਵਾਰਤਾਲਾਪ ਵਿਚ ਕਾਮ ਦੇ ਇਸ ਘਿਨਾਉਣੇ ਰੂਪ ਦਾ ਚਰਚਾ ਕਰਦੀ ਹੋਈ ਈਰਾ ਕਹਿੰਦੀ ਹੈ:

ਅਸੀਂ ਤਾਂ ਲੂਣਾ
ਬੇ-ਸੰਤੋਖੇ ਕਾਮੀ ਹਾਂ
ਇਸ ਕਿਰਿਆ ਵਿਚ ਸਭੇ
ਅੰਤਰਯਾਮੀ ਹਾਂ।
-----------------
-----------------
ਕਾਮ ਲਈ ਇਕ ਦੂਜੇ ਤੋਂ ਵੱਧ
ਦਾਨੀ ਹਾਂ।
ਨਿੱਤ ਨਵੇਂ ਚਿਹਰੇ ਦਾ ਪੀਂਦੇ
ਪਾਣੀ ਹਾਂ।[14]

ਪੂਰਨ ਅਤੇ ਲੂਣਾ ਦੇ ਟਕਰਾਓ ਸਮੇਂ ਪੂਰਨ ਵੀ ਕਾਮ ਦੇ ਇਸ ਰੂਪ ਦੀ ਚਰਚਾ ਕਰਦਾ ਹੈ:

ਏਥੋਂ ਦਾ ਹਰ ਕਰਮ ਦਿਖਾਵਾ
ਹਰ ਸ਼ੂ ਕਾਮ ਦਾ ਸੁਲਗੇ ਲਾਵਾ

ਏਥੇ ਤਾਂ ਬੱਸ ਕਾਮ ਖ਼ੁਦਾ ਹੈ
ਕਾਮ 'ਚ ਮੱਤੀ ਵਗਦੀ ਵਾ ਹੈ।[15]

ਪਰੰਤੂ ਕਾਮ ਅਤੇ ਕਾਮੁਕਤਾ ਪ੍ਰਤੀ ਸ਼ਿਵ ਕੁਮਾਰ ਦੀ ਪਹੁੰਚ ਮੂਲੋਂ ਹੀ ਭਿੰਨ ਹੈ। 'ਵੀਨਸ ਦਾ ਬੁੱਤ' ਕਵਿਤਾ ਵਿਚ ਉਹ ਲਿਖਦਾ ਹੈ!

ਕਾਮ ਹੈ ਸ਼ਿਵਜੀ, ਕਾਮ ਬ੍ਰਹਮ ਹੈ
ਕਾਮ ਹੀ ਸਭ ਤੋਂ ਮਹਾਂਧਰਮ ਹੈ
ਕਾਮ ਤੋਂ ਵੱਡਾ ਨਾ ਕੋਈ ਸੁੱਖ ਹੈ
ਕਾਮ ਤੋਂ ਵੱਡਾ ਨਾ ਕੋਈ ਦੁੱਖ ਹੈ ।[16]

'ਆਟੇ ਦੀਆਂ ਚਿੜੀਆਂ' ਨਾਮੀ ਲੰਮੀ ਕਵਿਤਾ ਵਿਚ ਸ਼ਿਵ ਨੇ ਕਾਮ ਪ੍ਰਤੀ ਆਪਣੇ ਵਿਚਾਰ-ਪ੍ਰਵਾਹ ਨੂੰ ਹੋਰ ਵਿਸਥਾਰ ਦਿੱਤਾ ਹੈ:

ਮੁਹੱਬਤ ਕਾਮ ਦਾ ਹੀ ਇਕ ਪੜਾ ਹੈ
ਤੇ ਸ਼ਾਇਦ ਕਾਮ ਦਾ ਹੀ ਨਾਂ ਖ਼ੁਦਾ ਹੈ।
-----------------------------
-----------------------------
ਇਹ ਵਣ-ਤ੍ਰਿਣ, ਪੌਣ, ਮਿੱਟੀ ਅੱਗ, ਪਾਣੀ
ਹੈ ਸਾਰੀ ਕਾਮ 'ਚੋਂ ਉਪਜੀ ਕਹਾਣੀ।
---------------------------
---------------------------
ਇਹ ਰੁੱਖ ਵੀ ਦੋਸਤਾ ਨੇ ਭੋਗ ਕਰਦੇ
ਵੇ ਟਹਿਣੀ ਨਾਲ਼ ਜਦ ਖਹਿੰਦੀ ਹੈ ਟਾਹਣੀ।
ਬਰਫ਼ ਸੰਗ ਬਰਫ਼ ਜਦ ਹੈ ਭੋਗ ਕਰਦੀ,
ਤਾਂ ਨੀਲਮ ਜਨਮਦਾ ਹੈ ਮੇਰੇ ਹਾਣੀ!
ਤੇ ਤਿਤਲੀ ਫੁੱਲਾਂ ਦੇ ਭੋਗ ਦੀ ਖਾਤਰ
ਹੈ ਫੁੱਲ ਤੋਂ ਫੁੱਲ ਤੱਕ ਉਡਦੀ ਨਿਮਾਣੀ।
ਇਹ ਸ੍ਰਿਸ਼ਟੀ ਸੂਰਜੇ ਸੰਗ ਕਾਮ ਖਾਤਿਰ
ਹੈ ਘੁੰਮਦੀ ਵੀਨਸੇ ਦੀ ਨਿੱਤ ਜਠਾਣੀ।[17]

ਉਪਰੋਕਤ ਟੂਕਾਂ 'ਚੋਂ ਕਾਮ ਪ੍ਰਤੀ ਸ਼ਿਵ ਕੁਮਾਰ ਦਾ ਜਿਹੜਾ ਸੰਕਲਪ ਉਭਰਦਾ ਹੈ ਉਸਦਾ ਸਦਾਚਾਰ ਨਾਲ਼ ਟਕਰਾਉ ਹੋ ਹੀ ਨਹੀਂ ਸਕਦਾ ਉਹ ਤਾਂ ਇਸ ਰਾਹੀਂ ਸਦਾਚਾਰ ਦੇ ਨਵ-ਨਿਰਮਾਣ ਸਮੇਂ ਕਾਮ ਨੂੰ ਸ੍ਰੇਸ਼ਟ ਦਰਜਾ ਦੇਣ ਲਈ ਯਤਨਸ਼ੀਲ ਹੈ।

3. ਵਿਕ੍ਰਿਤ ਨਾਇਕ ਦੇ ਸਦਾਚਾਰ ਦੀ ਸਥਾਪਨਾ:

ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਪ੍ਰਵਚਨ ਦਾ ਪੈਰਾਡਾਈਮ ਜਿਸ ਪਾਤਰ ਦੁਆਲੇ ਘੁੰਮਦਾ ਹੈ, ਉਹ ਕੋਈ ਮੱਧ ਕਾਲ ਦਾ ਆਦਰਸ਼ਵਾਦੀ ਰਾਜਾ/ਰਾਜ ਕੁਮਾਰ ਨਹੀਂ ਬਲਕਿ ਅਜੋਕੇ ਦੌਰ ਦਾ ਸਰਬ-ਸਾਧਾਰਨ ਮਨੁੱਖ ਹੈ ਜੋ ਆਪਣੇ ਦੁਆਲੇ ਜੁੜੀ ਭੀੜ ਦੇ ਮਾਨਵ-ਸਮੂਹ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ, ਸੰਕਟਾਂ, ਕਮਜ਼ੋਰੀਆਂ ਤੇ ਹੋਰ ਤੰਗੀਆਂ-ਤੁਰਸ਼ੀਆਂ ਨੂੰ ਆਪਣੇ ਹੱਡ-ਮਾਸ 'ਤੇ ਹੰਢਾਉਂਦਾ ਹੈ। ਇਸੇ ਤਰ੍ਹਾਂ, ਉਹ ਕਿਸੇ ਸਤਯੁਗੀ ਸਦਾਚਾਰ ਵਿਚ ਵਿਸ਼ਵਾਸ ਨਹੀਂ ਰੱਖਦਾ ਸਗੋਂ ਆਪਣੀਆਂ ਲੋੜਾਂ, ਗਰਜ਼ਾਂ ਤੇ ਤਲਖ-ਹਕੀਕਤਾਂ ਨਾਲ਼ ਲੋਹਾ ਲੈ ਕੇ ਬਤੀਤ ਕੀਤੀ ਜਾ ਰਹੀ ਜੀਵਨ-ਤੋਰ ਵਿਚੋਂ ਆਪਣੇ ਅਨੁਸਾਰੀ ਸਦਾਚਾਰ ਦੀ ਸਥਾਪਨਾ

ਕਰਦਾ ਹੈ।

'ਬਨਵਾਸੀ' ਕਵਿਤਾ ਵਿਚ ਸ਼ਿਵ ਕੁਮਾਰ ਮਿੱਥਕ-ਸਦਾਚਾਰ ਦਾ ਬਹੁਤ ਖ਼ੂਬਸੂਰਤ ਰੂਪਾਂਤਰਣ ਪੇਸ਼ ਕਰਦਾ ਹੈ:

ਮੈਂ ਬਨਵਾਸੀ, ਮੈਂ ਬਨਵਾਸੀ
ਆਇਆ ਭੋਗਣ ਜੂਨ ਚੁਰਾਸੀ
ਕੋਈ ਲਛਮਣ ਨਹੀਂ ਮੇਰਾ ਸਾਥੀ
ਨਾ ਮੈਂ ਰਾਮ, ਅਯੁੱਧਿਆ ਵਾਸੀ
----------------------

ਨਾ ਮੇਰਾ ਪੰਚਵਟੀ ਵਿਚ ਡੇਰਾ
ਨਾ ਕੋਈ ਰਾਵਣ ਦੁਸ਼ਮਣ ਮੇਰਾ
ਕਣਕ-ਕਕਈ ਮਾਂ ਦੀ ਖਾਤਿਰ
ਮੈਥੋਂ ਦੂਰ ਵਤਨ ਹੈ ਮੇਰਾ
ਪੱਕੀ ਸੜਕ ਦੀ ਪਟੜੀ ਉੱਤੇ
ਸੌਂਦਿਆਂ ਦੂਜਾ ਵਰ੍ਹਾ ਹੈ ਮੇਰਾ।
--------------------

---------------------

ਕੋਈ ਸਗਰੀਵ ਨਹੀਂ ਮੇਰਾ ਮਹਿਰਮ
ਨਾ ਕੋਈ ਪਵਨ-ਪੁੱਤ ਮੇਰਾ ਬੇਲੀ
ਨਾ ਕੋਈ ਨਖਾ ਹੀ ਕਾਮ ਦੀ ਖਾਤਿਰ
ਆਈ ਮੇਰੀ ਬਣ ਸਹੇਲੀ!
------------------------

-------------------------

ਕੋਈ ਭੀਲਨੀ ਨਹੀਂ ਮੇਰੀ ਦਾਸੀ
ਨਾ ਮੇਰੀ ਕਿਤੇ ਸੀਤਾ ਗਵਾਚੀ।[18]

ਸ਼ਿਵ ਕੁਮਾਰ ਦੇ ਇਸ ਵਿਕ੍ਰਿਤ(distorted) ਨਾਇਕ ਦਾ ਤਾਂ ਵਸਤੂਗਤ ਯਥਾਰਥ ਇਹ ਹੈ:

ਮੇਰੀ ਤਾਂ ਇਕ ਬੁੱਢੀ ਮਾਂ ਹੈ
ਜਿਸਨੂੰ ਮੇਰੀ ਹੀ ਬੱਸ ਛਾਂ ਹੈ।
ਦਿਨ ਭਰ ਬੁੱਕੇ ਢਿੱਡ ਦੇ ਕੀੜੇ
ਜਿ.ਦੀ ਬੱਸ ਲਬਾਂ ਤੇ ਜਾਂ ਹੈ।
ਜਾਂ ਉਹਦੀ ਇਕ ਮੋਰਨੀ ਧੀ ਹੈ
ਜਿਸਦੇ ਵਰ ਲਈ ਲੱਭਣੀ ਥਾਂ ਹੈ
ਜਾਂ ਫਿਰ ਅਨਪੜ੍ਹ ਬੁੱਢਾ ਪਿਉ ਹੈ।
----------------------------

----------------------------

ਖਾਕੀ ਜਿਹਦੇ ਪਜਾਮੇ ਉਤੇ
ਲੱਗੀ ਹੋਈ ਹੈ ਚਿੱਟੀ ਟਾਕੀ

--------------------

ਮੇਰੀ ਸੀਤਾ ਕਰਮਾਂ ਮਾਰੀ
ਉਹ ਨਹੀਂ ਕੋਈ ਜਨਕ-ਦੁਲਾਰੀ

--------------------------

--------------------------

ਮੇਰੇ ਖਾਬਾਂ ਵਿਚ ਰੋਂਦੀ ਹੈ
ਮੇਰੀ ਦੋ ਵਰ੍ਹਿਆਂ ਦੀ ਕਾਕੀ ।[19]

ਇਸੇ ਕਰੂਢ ਯਥਾਰਥ ਵਿਚੋਂ ਉਸਦੇ ਸਦਾਚਾਰ ਦੀ ਉਸਾਰੀ ਹੁੰਦੀ ਹੈ :

ਮੇਰੀ ਸੀਤਾ ਕਰਮਾ ਮਾਰੀ

----------------------

ਮੈਂ ਉਹਦੀ ਅਗਨ-ਪ੍ਰੀਖਿਆ ਲੈਸਾਂ
ਨਹੀਂ ਨਹੀਂ, ਇਹ ਤਾਂ ਹੈ ਗੁਸਤਾਖੀ
ਉਸ ਅੱਗ ਦੇ ਵਿਚ ਉਹ ਸੜ ਜਾਸੀ ![20]

ਬਿਲਕੁਲ ਇਸੇ ਤਰ੍ਹਾਂ ਮਹਾਂਭਾਰਤ ਦੀ ਮਿੱਥ ਦੇ ਘਟਨਾ-ਚੱਕਰ ਨੂੰ ਰੂਪਾਂਤ੍ਰਿਤ ਕਰਦਿਆਂ ਹੋਇਆਂ ਸ਼ਿਵ ਕੁਮਾਰ ਨੇ ਵਿਕ੍ਰਿਤ ਮਾਨਵ ਦੇ ਅਜੋਕੇ ਸਦਾਚਾਰਕ ਸੰਗਠਨ ਦਾ ਨਵ-ਨਿਰਮਾਣ ਕੀਤਾ ਹੈ ਅਤੇ ਅਜੋਕੀ ਮੱਧ-ਸ਼੍ਰੇਣੀ ਦੀਆਂ ਖੋਖਲੀਆਂ ਕਦਰਾਂ ਨੂੰ ਸਮਾਜਿਕ ਸੱਚ ਵਜੋਂ ਪੇਸ਼ ਕੀਤਾ ਹੈ।

**4. ਮਾਨਵੀ ਕਾਮਨਾਵਾਂ ਅਤੇ ਖਾਹਿਸ਼ਾਂ ਦੀ ਪੂਰਤੀ ਦਾ ਸਦਾਚਾਰ :**

ਮਾਨਵੀ ਕਾਮਨਾਵਾਂ (desires) ਅਤੇ ਖਾਹਿਸ਼ਾਂ(wills) ਦੀ ਕੋਈ ਸੀਮਾ -ਰੇਖਾ ਨਹੀਂ ਉਲੀਕੀ ਜਾ ਸਕਦੀ। ਜੇਕਰ ਇਹ ਕਾਮਨਾਵਾਂ ਅਤੇ ਖਾਹਿਸ਼ਾਂ ਬੇਮੁਹਾਰ ਹੋ ਜਾਣ ਤਾਂ ਇਹ ਸਮਾਜਿਕ ਸੰਰਚਨਾ ਦੀ ਤਰਤੀਬ ਨੂੰ ਬੇਤਰਤੀਬਾ ਕਰਨ ਦੀ ਸਮਰਥਾ ਰੱਖਦੀਆਂ ਹਨ ਅਤੇ ਕਿਸੇ ਵੀ ਮਾਨਵੀ ਬਣਤਰ ਵਿਚ ਅਜਿਹੀਆਂ ਸੰਭਾਵਨਾਵਾਂ ਹਰ ਸਮੇਂ ਮੌਜੂਦ ਰਹਿੰਦੀਆਂ ਹਨ। ਅਕਸਰ ਦੇਖਣ ਵਿਚ ਆਉਂਦਾ ਹੈ ਕਿ ਅਸ਼ਲੀਲ (Erotic) ਸਾਹਿਤ ਅਜਿਹੀਆਂ ਸੰਭਾਵਨਾਵਾਂ ਨੂੰ ਉਤੇਜਿਤ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ।

ਇਸ ਤਰ੍ਹਾਂ ਦੀ ਸਥਿਤੀ ਵਿਚ ਸਦਾਚਾਰ ਸ਼ਾਸਤਰ ਦੀ ਭੂਮਿਕਾ ਵਧੇਰੇ ਮਹੱਤਵਪੂਰਨ ਹੁੰਦੀ ਹੈ।

ਸ਼ਿਵ ਕੁਮਾਰ ਦੇ ਕਾਵਿ-ਮੰਡਲ ਵਿਚ ਕਾਰਜਸ਼ੀਲ ਪਾਤਰਾਂ ਦੀਆਂ ਕਾਮਨਾਵਾਂ, ਖਾਹਿਸ਼ਾਂ, ਲੋੜਾਂ ਅਤੇ ਰੁਚੀਆਂ ਵਿਚ ਕਾਮੁਕ ਤ੍ਰਿਪਤੀ ਦੀ ਚੇਸ਼ਟਾ, ਰੂਹਾਂ ਦੀ ਮੁਹੱਬਤ, ਵਸਲ ਦੀ ਸਿੱਕ ਅਤੇ ਸੰਸਾਰਿਕ ਗਰਜ਼ਾਂ ਦੀ ਪੂਰਤੀ ਦੀ ਇੱਛਾ ਆਦਿ ਸ਼ਾਮਲ ਹਨ। ਸ਼ਿਵ ਦੇ ਪਾਤਰ ਇਨ੍ਹਾਂ ਚੇਸ਼ਟਾਵਾਂ ਦੀ ਪੂਰਤੀ ਲਈ ਸਕਰਮਕ ਰੋਲ ਵੀ ਅਦਾ ਕਰਦੇ ਹਨ ਅਤੇ ਉਹ ਪੂਰਤੀ ਦੀਆਂ ਸੰਭਾਵਨਾਵਾਂ ਦੇ ਅਭਾਵ ਦੀ ਹਾਲਤ ਵਿਚ ਅਕਰਮਕ ਵੀ ਹੋ ਜਾਂਦੇ ਹਨ।

'ਲੂਣਾ' ਵਿਚ ਈਰਾ ਤੇ ਮਥਰੀ ਦੇ ਵਿਰੋਧ ਦੇ ਬਾਵਜੂਦ ਵੀ ਲੂਣਾਂ 'ਪੂਰਨ-ਪ੍ਰਾਪਤੀ' ਦਾ ਹੱਠ ਛੱਡਣ ਲਈ ਤਿਆਰ ਨਹੀਂ ਹੁੰਦੀ ਜਿਸਦੇ ਫਲਸਰੂਪ, ਉਹ ਮਨੁੱਖ ਦੀ ਸਮਾਜਿਕ ਤਰਤੀਬ ਨੂੰ ਤਹਿਸ-ਨਹਿਸ਼ ਕਰ ਦਿੰਦੀ ਹੈ। ਪਰੰਤੂ ਅਜਿਹਾ ਕਰਕੇ ਵੀ ਉਹ ਇਕ ਸਦਾਚਾਰਕ ਸੰਦੇਸ਼ ਦਿੰਦੀ ਹੈ ਜਿਹੜਾ ਕਿ ਪੂਰਨ ਦੇ ਵਾਰਤਾਲਾਪ ਰਾਹੀਂ ਇਸ ਤਰ੍ਹਾਂ ਪੇਸ਼ ਹੋਇਆ ਹੈ:

ਪੂਰਨ ਹਰ ਜੀਵਨ ਦਾ
ਇਕ ਪ੍ਰਤੀਕ ਹੈ ਮਾਏ

ਪਿਤਾ ਜਿਹਾ ਸਲਵਾਨ
ਸਦਾ ਵਾਰਿਸ ਸਦਵਾਏ
-------------------

-------------------
ਅੱਗ ਦੀ ਬਾਤ ਸੁਲਗਦੀ
ਮੈਂ ਚਾਹੁੰਦਾ ਹਾਂ ਸੁਲਗ ਹੀ ਜਾਏ
------------------------
ਤਾਂ ਜੋ ਮੁੜ ਸਲਵਾਨ ਕੋਈ
ਨਾ ਧੀ ਪਰਨਾਏ
---------------
ਧੀ ਪਰਨਾਈ ਬਾਬਲ ਵਿਹੜੇ
ਨਾ ਮੁੜ ਜਾਏ
ਤਾਂ ਜੋ ਮੁੜ ਇੱਛਰਾਂ ਨਾ
ਜਿਉਂਦੀ ਮਰ ਜਾਏ
ਕੋਈ ਧੀ ਮੁੜ ਬਾਬਲ ਦੀ
ਪੱਗ ਨੂੰ ਮੈਲ ਨਾ ਲਾਏ ।
ਮੁੜ ਨਾ ਕੋਈ ਲੂਣਾ
ਮੇਰੇ ਅੰਗ ਪਰਾਏ।
--------------------

--------------------
ਕੋਈ ਪਿਤਾ ਨਾ
ਮੁੜ ਪੁੱਤਰ ਦੇ ਅੰਗ ਕਟਾਏ
----------------------

----------------------
ਫਿਰ ਪੂਰਨ ਨੂੰ
ਪੂਰਨ ਕੋਲੋਂ ਬੋ ਨਾ ਆਏ
ਇਸ ਧਰਤੀ ਦਾ ਹਰ ਬੰਦਾ
ਇਕ ਬੰਦਾ ਹੋਵੇ
ਇਸ ਧਰਤੀ ਦੀ ਹਰ ਨਾਰੀ
ਨਾਰੀ ਕਹਿਲਾਏ!
ਮੈਂ ਚਾਹੁੰਦਾ ਪੂਰਨ ਮਰ ਜਾਏ
ਮਰ ਕੇ ਐਸਾ ਚਿੰਨ੍ਹ ਬਣ ਜਾਏ
ਜਿਸ ਨੂੰ ਪੜ੍ਹ ਸੁਣ ਕੇ ਹਰ ਕੋਈ
ਆਪਣੇ ਰਾਹ ਤੋਂ ਭਟਕ ਨਾ ਜਾਏ ।[21]

ਸ਼ਿਵ ਕੁਮਾਰ ਦੇ ਕਾਵਿਕ-ਵਿਵੇਕ ਦਾ ਅਜਿਹਾ ਪੈਰਾਡਾਈਮ ਅਜਿਹੇ ਸਦਾਚਾਰ ਦੀ ਸਿਰਜਣਾ ਕਰਦਾ ਹੈ ਜਿਸਦੀ ਅਪੀਲ ਮਾਨਵੀ ਅਸਤਿਤਵ ਦੇ ਸਮੂਹਵਾਚੀ ਹਿੱਤਾਂ ਦੇ ਅਨੁਸਾਰੀ ਹੈ। ਉਪਰੋਕਤ ਸੰਦਰਭ ਵਿਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਰਾਹੀਂ ਸ਼ਿਵ ਕੁਮਾਰ ਇਕ

ਅਜਿਹੀ ਉਤਕ੍ਰਿਸ਼ਟ ਕਲਾਤਮਿਕ ਸਥਾਪਨਾ ਕਰਦਾ ਹੈ ਜਿਸ ਦੇ ਸਮਤੁਲ ਹੋਰ ਕੋਈ ਰਚਨਾਤਮਿਕ ਵੰਨਗੀ ਪ੍ਰਾਪਤ ਹੋਣੀ ਅਤਿਅੰਤ ਮੁਸ਼ਕਿਲ ਹੈ।

ਸ਼ਿਵ ਦੇ ਹੋਰ ਪਾਤਰ ਜਦੋਂ ਸੰਸਾਰਿਕ ਗਰਜ਼ਾਂ ਦੀ ਪੂਰਤੀ ਦੀ ਇੱਛਾ ਦਾ ਪ੍ਰਗਟਾਅ ਕਰਦੇ ਹਨ ਤਾਂ ਉਹ ਨਿਰੇ ਭੋਗੀ-ਸਭਿਆਚਾਰ ਦੇ ਅੰਗ ਨਜ਼ਰ ਨਹੀਂ ਆਉਂਦੇ ਸਗੋਂ ਉਨ੍ਹਾਂ ਦੀਆਂ ਮਜਬੂਰੀਆਂ ਦੇ ਸਾਹਿਤਕ ਚਿਤਰ ਰਾਹੀਂ ਸ਼ਿਵ ਕੁਮਾਰ ਕਰੂਛ ਸਮਾਜਿਕ ਵਾਸਤਵਿਕਤਾ ਦਾ ਪ੍ਰਤੱਖਣ ਕਰ ਰਿਹਾ ਹੁੰਦਾ ਹੈ। ਉਹ ਅਜਿਹੀਆਂ ਸਮੱਸਿਆਵਾਂ ਨੂੰ ਇਕ ਵਿੱਥ ਤੋਂ ਦੇਖਦਾ ਹੈ ਅਤੇ ਉਸਦੇ ਅਨੁਭਵ ਦੀ ਪ੍ਰੌਢਤਾ ਸਦਕਾ ਸਿਰਜੇ ਜਾ ਰਹੇ ਸਦਾਚਾਰ ਵਿਚ ਮਾਨਵ ਕਿੱਧਰੇ ਵੀ ਮਨਫ਼ੀ ਨਹੀਂ ਹੁੰਦਾ।

ਉਪਰੋਕਤ ਚਰਚਾ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਬਦਲੀਆਂ ਹੋਈਆਂ ਮਾਨਵੀ ਪਰਿਸਥਿਤੀਆਂ ਦੇ ਅਨੁਕੂਲ ਸਦਾਚਾਰਕ ਪ੍ਰਤਿਮਾਨਾਂ ਅਤੇ ਨੈਤਿਕ ਕੀਮਤਾਂ ਦਾ ਰੂਪਾਂਤਰਣ ਅੱਤਿ ਆਵੱਸ਼ਕ ਹੈ। ਸ਼ਿਵ ਕੁਮਾਰ ਨੇ ਆਪਣੇ ਕਾਵਿਕ-ਪ੍ਰਵਚਨ ਵਿਚ ਪਰੰਪਰਕ ਸਦਾਚਾਰ ਦੇ ਸਮਾਨਾਂਤਰ ਪ੍ਰਵਚਨ ਸਿਰਜ ਕੇ ਪੰਜਾਬੀ ਕਾਵਿ-ਜਗਤ ਦੀ ਸੁਹਜਾਤਮਿਕਤਾ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ।

**ੲ) ਮਾਨਵੀ ਹੋਂਦ ਦੀਆਂ ਸਥਾਪਨਾਵਾਂ ਦਾ ਰੂਪਾਂਤਰਣ :**

ਸ਼ਿਵ ਕੁਮਾਰ ਦੇ ਕਾਵਿਕ ਤਰਕ-ਵਿਧਾਨ ਦਾ ਅਗਲੇਰਾ ਪਹਿਲੂ ਮਾਨਵੀ-ਹੋਂਦ ਦੀ ਸੰਕਲਪਨਾ ਨੂੰ ਨਵੇਂ ਪ੍ਰਸੰਗ ਵਿਚ ਸਮਝਦੇ ਹੋਏ ਮਾਨਵੀ-ਹੋਂਦ ਦੀਆਂ ਸਥਾਪਨਾਵਾਂ ਦਾ ਰੂਪਾਂਤਰਣ ਹੈ। ਸ਼ਿਵ ਕੁਮਾਰ ਆਪਣੇ ਸਮੁੱਚੇ ਕਾਵਿ-ਸੰਸਾਰ ਵਿਚ ਮਨੁੱਖ ਦਾ ਆਦਰਸ਼ਕ, ਪੂਰਨ ਅਤੇ ਸਰਬ-ਵਿਆਪਕਤਾ ਦੇ ਪ੍ਰਤਿਮਾਨ ਦਾ ਤਿਆਗ ਕਰਕੇ ਮਾਨਵ ਦੀ ਕਾਮਨਾਪਰਕ, ਨਿੱਜ-ਕੇਂਦਰਿਤ, ਵਿਖੰਡਿਤ ਅਤੇ ਵਿਸ਼ਾਦਗ੍ਰਸਤ ਹੋਂਦ ਦੀ ਪਰਿਕਲਪਨਾ ਕਰਦਾ ਹੈ। ਇਸ ਕਰਕੇ ਉਸਦਾ ਸਮੁੱਚਾ ਕਾਵਿ-ਜਗਤ, ਮਨੁੱਖ ਦੇ ਬਾਹਰਵਰਤੀ ਅਤੇ ਵਸਤੂਮੂਲਕ ਸੰਦਰਭਾਂ ਦੇ ਚਿਤਰਣ ਦੀ ਥਾਂ ਅੰਤਰਮੁਖੀ ਤੇ ਪ੍ਰਤੀਕਾਤਮਿਕ ਸੰਦਰਭਾਂ ਦੀ ਸਿਰਜਣਾ ਕਰਦਾ ਹੈ। ਇਸ ਪ੍ਰਕਿਰਿਆ ਵਿਚ ਉਹ ਮਾਨਵੀ ਹੋਂਦ ਦੀਆਂ ਪਰੰਪਰਾਮਈ ਸਥਾਪਨਾਵਾਂ ਨੂੰ ਮਨੁੱਖ ਦੀਆਂ ਆਧੁਨਿਕਤਾਵਾਦੀ ਸਥਾਪਨਾਵਾਂ ਵਿਚ ਰੂਪਾਂਤ੍ਰਿਤ ਕਰਦਾ ਹੈ।

**1. ਕਾਮਨਾ ਆਧਾਰਿਤ ਮਾਨਵੀ ਹੋਂਦ**

ਪੱਛਮੀ ਚਿੰਤਕ ਡਿਲਿਊਜ਼ ਅਤੇ ਗੁਆਟਰੀ ਜਦੋਂ ਮਨੁੱਖ ਨੂੰdesiring machine ਕਹਿੰਦੇ ਹਨ ਤਾਂ ਕੋਈ ਅੱਤਿ-ਕਥਨੀ ਨਹੀਂ ਕਰ ਰਹੇ ਬਲਕਿ ਮਾਨਵੀ-ਹੋਂਦ ਦੀ ਇਕ ਮੂਲ-ਭੂਤ ਵ੍ਰਿਤੀ ਦਾ ਉਲੇਖ ਹੀ ਕਰ ਰਹੇ ਹਨ।[22] ਮਨੁੱਖ ਵਲੋਂ ਕੀਤੀਆਂ ਜਾਂਦੀਆਂ ਕਾਮਨਾਵਾਂ ਬਹੁਦਿਸ਼ਾਵੀ ਅਤੇ ਬਹੁਪਰਤੀ ਹਨ। ਇਸ ਕਰਕੇ ਹੋਂਦ ਦੇ ਮੂਲਮਸਲਿਆਂ ਦੇ ਨਾਲ ਕਾਮਨਾ ਦੀ ਤ੍ਰਿਪਤੀ, ਅਤ੍ਰਿਪਤੀ ਅਤੇ ਤ੍ਰਿਪਤੀ ਵਿਚਕਾਰ ਆਉਣ ਵਾਲੀਆਂ ਰੋਕਾਂ ਦਾ ਬੜਾ ਸੂਖ਼ਮ ਅਤੇ ਗੁੰਝਲਦਾਰ ਰਿਸ਼ਤਾ ਬਣ ਜਾਂਦਾ ਹੈ। ਇਸ ਕਰਕੇ ਮਨੁੱਖ ਦੇ ਸਮੁੱਚੇ ਜੀਵਨ ਦਾ ਆਚਾਰ-ਵਿਹਾਰ ਅਤੇ ਅਸਤਿਤਵੀ-ਪ੍ਰਸੰਗ ਕਾਮਨਾ ਉਤੇ ਆਧਾਰਿਤ ਹੋ ਜਾਂਦਾ ਹੈ। 'ਲੂਣਾ' ਦੇ ਆਰੰਭ ਵਿਚ ਸਲਵਾਨ ਆਪਣੀ ਮਾਨਵੀ ਹੋਂਦ ਦੀ ਇਹ ਸਮੱਸਿਆ ਵਰਮਨ ਨਾਲ ਇਸ ਤਰ੍ਹਾਂ ਸਾਂਝੀ ਕਰਦਾ ਹੈ:

ਹੇ ਮੇਰੇ ਮਿੱਤ੍ਰ, ਮੀਤ ਪਿਆਰੇ
ਹੇ ਚੰਬਿਆਲ ਦੇਸ ਦੇ ਰਾਜੇ
ਸੁੱਤਾ ਸੂਰਜ ਕੌਣ ਜਗਾਵੇ ?
ਜੇ ਕੋਈ ਕਲ੍ਹ ਦਾ ਸੂਰਜ ਮੋੜੇ
ਉਹ ਮੇਰੇ ਸਭ ਸੂਰਜ ਖਾਵੇ

ਜਿਉਂ ਜਿਉਂ ਕੋਈ ਸੂਰਜ ਬਣਦਾ
ਕੱਚੀ ਅੱਗ ਦੀ ਉਮਰ ਹੰਢਾਵੇ
ਕਿੰਜ ਬੋਲਾਂ ਕੀਹ ਬਾਤ ਕਰਾਂ ਮੈਂ ?
ਜੀਭ ਮੇਰੀ ਨੂੰ ਲੱਜਿਆ ਆਵੇ।
ਜੇ ਲੱਜਿਆ ਨੂੰ ਅੰਦਰ ਰੱਖਦਾਂ
ਅੰਦਰ ਮੇਰਾ ਧੁਖ ਧੁਖ ਜਾਵੇ
ਜੇ ਲੱਜਿਆ ਨੂੰ ਬਾਹਰ ਰੱਖਦਾਂ
ਮੇਰਾ ਸੂਰਜ ਮਰਦਾ ਜਾਵੇ
ਮੈਥੋਂ ਧੁੱਪ ਫੜੀ ਨਾ ਜਾਵੇ ।[23]

ਇਸ ਤੋਂ ਇਲਾਵਾ 'ਕੰਡਿਆਲੀ ਥੋਰ੍ਹ', 'ਬਨਵਾਸੀ', 'ਚੀਰ -ਹਰਨ' ਆਦਿ ਕਵਿਤਾਵਾਂ ਵਿਚ ਸ਼ਿਵ ਕੁਮਾਰ ਸਮੁੱਚੇ ਮਾਨਵੀ ਵਿਵਹਾਰ, ਧਰਮ, ਸਦਾਚਾਰ, ਅਤੇ ਨੈਤਿਕਤਾ ਨੂੰ ਕਾਮਨਾ ਦੇ ਅੰਤਰਗਤ ਨਿਸ਼ਚਿਤ ਕਰਕੇ ਮਾਨਵੀ-ਹੋਂਦ ਦੀ ਪਰਿਕਲਪਨਾ ਕਰਦਾ ਹੈ।

**2. ਸਵੈ-ਕੇਂਦਰਿਤ ਮਾਨਵੀ-ਹੋਂਦ :**

ਸ਼ਿਵ ਕੁਮਾਰ ਦੀ ਕਵਿਤਾ ਵਿਚ ਮਾਨਵੀ-ਹੋਂਦ ਨੂੰ ਪਰਿਭਾਸ਼ਤ ਅਤੇ ਸਥਾਪਨ ਕਰਨ ਲਈ ਦੂਜਾ ਅਹਿਮ ਨੁਕਤਾ ਸਵੈ-ਕੇਂਦਰਿਤ ਮਾਨਵੀ-ਹੋਂਦ ਦੀ ਸੰਕਲਪਨਾ ਹੈ। ਸ਼ਿਵ ਦੇ ਚਿੰਤਨ ਵਿਚ ਮਨੁੱਖ ਨਾ ਤਾਂ ਰੱਬ ਦਾ ਪੁੱਤਰ ਹੈ ਅਤੇ ਨਾ ਹੀ ਇਸ ਸੰਸਾਰ ਦੇ ਸਮੁੱਚੇ ਜੀਵਾਂ ਤੋਂ ਉਤਮ ਅਤੇ ਆਦਰਸ਼ ਪ੍ਰਾਣੀ ਹੈ, ਸਗੋਂ ਸ਼ਿਵ ਕੁਮਾਰ ਮਨੁੱਖ ਦੀ ਮਨੋ-ਜੀਵਾਤਮਿਕ ਸੰਕਲਪਨਾ ਕਰਕੇ ਉਸਨੂੰ ਰੀਝਾਂ ਦਾ ਪੁਤਲਾ ਬਣਾਉਂਦਾ ਹੈ। ਇਨ੍ਹਾਂ ਰੀਝਾਂ ਦੀ ਪੂਰਤੀ ਲਈ ਉਹ ਸਮੁੱਚੇ ਬ੍ਰਹਿਮੰਡ ਦਾ ਕੇਂਦਰ-ਬਿੰਦੂ, ਆਪਣੇ ਨਿੱਜ ਨੂੰ ਸਥਾਪਤ ਕਰ ਲੈਂਦਾ ਹੈ। ਇਸ ਕਰਕੇ ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਵਿਚ ਮਾਨਵੀ-ਹੋਂਦ ਦੀ ਸਵੈ-ਕੇਂਦਰਤਾ ਨੂੰ ਬੁਨਿਆਦੀ ਅਤੇ ਮਹੱਤਵਪੂਰਨ ਸਥਿਤੀ ਹਾਸਲ ਹੋਈ ਹੈ। ਸਿੱਟੇ ਵਜੋਂ ਸ਼ਿਵ ਕੁਮਾਰ ਸਵੈ ਦੀ ਪੂਰਨਤਾ ਲਈ ਸਿਰਜੇ ਸੁਪਨਿਆਂ ਦੀ ਪ੍ਰਾਪਤੀ ਲਈ ਸਵੈ-ਸੁਰੱਖਿਆ ਦੀ ਥਾਂ ਸਵੈ-ਵਿਨਾਸ਼ ਦੇ ਪ੍ਰਸੰਗਾਂ ਦੀ ਸਿਰਜਣਾ ਕਰਦਾ ਹੈ। 'ਆਸ' ਕਵਿਤਾ ਵਿਚ ਉਹ ਲਿਖਦਾ ਹੈ:

ਸੁਣਿਆ ਹੈ ਮੱਧੂ-ਮੱਖੀਆਂ ਦੀ
ਇਕ ਹੁੰਦੀ ਹੈ ਰਾਣੀ
ਭਰਪੂਰ ਜਵਾਨੀ 'ਚ ਜਦੋਂ
ਲੱਭਦੀ ਹੈ ਹਾਣੀ
ਉਡ ਪੈਂਦੀ ਹੈ ਖੱਗੇ 'ਚੋਂ ਨਿਕਲ
ਵਲ ਆਗਾਸਾਂ
ਉਡਦੀ ਹੈ, ਉਹਦੇ ਪਿੱਛੇ ਨੀ
ਨਰ-ਮੱਖੀਆਂ ਦੀ ਢਾਣੀ।
ਜਿਹੜਾ ਵੀ ਵਣਜ ਕਰਦਾ ਹੈ
ਉਹਦੀ ਕੁੱਖ ਦਾ ਨੀ ਜਿੰਦੇ
ਮੁੱਕ ਜਾਂਦਾ ਹੈ ਉਹਦੇ ਨੈਣਾਂ 'ਚੋਂ
ਜ਼ਿੰਦਗਾਨੀ ਦਾ ਪਾਣੀ।
ਕੁੱਖ ਦਾ ਵਣਜ ਕਰਨਾ
ਕੋਈ ਪਿਆਰ ਨਹੀਂ ਹੈ

ਇਸ ਤੋਂ ਤਾਂ ਬੜੀ ਲੰਮੀ ਹੈ
ਇਸ਼ਕੇ ਦੀ ਕਹਾਣੀ।[24]

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਥਾਂਵਾਂ 'ਤੇ ਸ਼ਿਵ ਦੀ ਰਚਨਾ ਵਿਚ ਮਨੁੱਖੀ ਹੋਂਦ ਦੇ ਸਵੈ-ਕੇਂਦਰਤ ਹੋਣ ਦੇ ਹਵਾਲੇ ਥਾਂ ਥਾਂ ਮਿਲਦੇ ਹਨ। ਜੇਕਰ ਗੰਭੀਰਤਾ ਨਾਲ਼ ਵਿਚਾਰਿਆ ਜਾਵੇ ਤਾਂ ਇਹ ਸਵੈ-ਕੇਂਦਰਤਾ ਦੁਹਰਾਉ-ਮੂਲ਼ਕ ਕਾਵਿਕ ਜੁਗਤ ਬਨਣ ਦੀ ਥਾਂ ਸ਼ਿਵ ਦੀ ਵਸਤੂ -ਦ੍ਰਿਸ਼ਟੀ ਦਾ ਇਕ ਅਹਿਮ ਅੰਗ ਬਣ ਜਾਂਦੀ ਹੈ। ਉਸਦੀ ਪ੍ਰਸਿੱਧ ਕਵਿਤਾ 'ਬਨਵਾਸੀ' ਸਾਡੇ ਉਪਰੋਕਤ ਤਰਕ ਦੀ ਵਜ਼ਾਹਤ ਲਈ ਇਕ ਸਰਬੋਤਮ ਉਦਾਹਰਣ ਹੈ।

**3. ਵਿਖੰਡਿਤ ਅਤੇ ਵਿਸ਼ਾਦਗ੍ਰਸਤ ਮਾਨਵੀ -ਹੋਂਦ**

ਸ਼ਿਵ ਕੁਮਾਰ ਦੀ ਕਵਿਤਾ ਵਿਚ ਮਨੁੱਖੀ ਹੋਂਦ ਦੀ ਸੰਕਲਪਨਾ ਉਸਦੇ ਵਿਖੰਡਿਤ ਅਤੇ ਵਿਸ਼ਾਦਗ੍ਰਸਤ ਪ੍ਰਸੰਗਾਂ ਵਿਚ ਕੀਤੀ ਗਈ ਹੈ। ਇਸੇ ਕਰਕੇ ਹੀ ਉਹ ਮਾਨਵੀ-ਹੋਂਦ ਨੂੰ ਕਦੇ ਵੀ ਪੂਰਨ, ਸਵੈ-ਸੰਪੰਨ ਅਤੇ ਸਵੈ-ਨਿਰਭਰ ਤਸਲੀਮ ਨਹੀਂ ਕਰਦਾ। ਇਥੋਂ ਤੱਕ ਕਿ ਸੰਪੂਰਨ ਹੋਣਾ ਮਨੁੱਖ ਦਾ ਸੁਪਨਾ ਵੀ ਨਹੀਂ ਹੈ। ਇਸ ਦੇ ਉਲ਼ਟ ਉਸਦੇ ਸਮੁੱਚੇ ਕਾਵਿ-ਜਗਤ ਵਿਚ ਅਪੂਰਨ ਤੇ ਖੰਡਿਤ ਮਾਨਵੀ ਹੋਂਦ ਦੀ ਵਡਿਆਈ ਮੌਜੂਦ ਹੈ । ਸਿੱਟੇ ਵਜੋਂ ਸ਼ਿਵ ਕੁਮਾਰ ਵਿਖੰਡਿਤਾ ਨੂੰ ਮਨੁੱਖੀ ਹੋਂਦ ਦੀ ਲਾਜ਼ਮੀ ਹੋਣੀ ਮੰਨਦਾ ਹੈ। ਮਨੁੱਖ ਦੇ ਇਸ ਦੁਫੇੜਤਾਮੂਲ਼ਕ ਅਸਤਿਤਵ ਕਾਰਨ ਹੀ ਉਸਦੇ ਵਿਵਹਾਰ ਵਿਚ ਵਿਸ਼ਾਦਗ੍ਰਸਤ ਅਵਸਥਾ ਦਾ ਅਹਿਮ ਲੱਛਣ ਦਾਖਲ ਹੋ ਸਕਦਾ ਹੈ। ਜਿਸ ਪ੍ਰਕਾਰ ਵਿਖੰਡਿਤਾ, ਮਨੁੱਖੀ ਹੋਂਦ ਦਾ ਧੁਰਾ ਹੈ, ਉਸੇ ਤਰ੍ਹਾਂ ਵਿਸ਼ਾਦਤਾ ਵੀ ਮਨੁੱਖੀ ਹੋਂਦ ਦਾ ਕੇਂਦਰ ਬਣ ਜਾਂਦੀ ਹੈ। ਸਿੱਟੇ ਵਜੋਂ ਵਿਖੰਡਿਤਾ ਅਤੇ ਵਿਸ਼ਾਦਤਾ ਦੀ ਸੰਜਮਸ਼ੀਲ ਸਿਰਜਣਾਤਮਿਕ ਏਕਤਾ ਸਮੁੱਚੇ ਸ਼ਿਵ-ਕਾਵਿ ਨੂੰ ਵੈਰਾਗ, ਪ੍ਰਗੀਤਾਤਮਿਕਤਾ ਤੇ ਸਰੋਦੀਪਣ ਦੇ ਕਲਾਤਮਿਕ ਅਤੇ ਭਾਵਮੂਲ਼ਕ ਪ੍ਰਸੰਗਾਂ ਤੱਕ ਫੈਲਾਅ ਦਿੰਦੀ ਹੈ। ਸ਼ਿਵ ਲਿਖਦਾ ਹੈ :

ਏਥੇ ਸਭ ਅਪੂਰਨ
ਪੂਰਨ ਕੋਈ ਨਹੀਂ
ਏਥੇ ਸਭ ਅਲੂਣੇ
ਲੂਣਾ ਕੋਈ ਨਹੀਂ।[25]

'ਕੰਡਿਆਲੀ ਥੋਰ੍ਹ' ਵਿਚ ਸ਼ਿਵ ਦੇ ਬੋਲ ਹਨ:

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ
ਉੱਗੀ ਵਿਚ ਉਜਾੜਾਂ
ਜਾਂ ਉਡਦੀ ਬਦਲੋਟੀ ਕੋਈ
ਵਰ੍ਹ ਗਈ ਵਿਚ ਪਹਾੜਾਂ।
--------------------
--------------------
ਜਾਂ ਕੋਈ ਬੋਟ ਕਿ ਜਿਸ ਦੇ ਹਾਲੇ
ਨੈਣ ਨਹੀਂ ਸਨ ਖੁਲ੍ਹੇ
ਮਾਰਿਆ ਮਾਲੀ ਕੱਸ ਗੁਲੇਲਾ
ਲੈ ਦਾਖਾਂ ਦੀਆਂ ਆੜਾਂ ।[26]

ਇਸ ਤਰ੍ਹਾਂ ਦੇ ਕਾਵਿਕ-ਪ੍ਰਗਟਾਅ ਉਸ ਦੀ ਕਵਿਤਾ 'ਲੋਹੇ ਦਾ ਸ਼ਹਿਰ' ਅਤੇ ਕਈ ਹੋਰ ਕਵਿਤਾਵਾਂ ਵਿਚ ਕੀਤੇ ਗਏ ਹਨ ਜਿਨ੍ਹਾਂ ਦਾ ਅਧਿਐਨ ਉਪਰੋਕਤ ਤਰਕ ਦਾ ਸਮਰਥਨ ਕਰਦਾ ਹੈ।

4. ਪਾਪ ਗੁਨਾਹ ਅਤੇ ਦਮਨ ਦੀ ਅਵਸਥਾ

ਸ਼ਿਵ ਕੁਮਾਰ ਦੇ ਸਮੁੱਚੇ ਕਾਵਿ ਸੰਸਾਰ ਵਿਚ ਪਾਪ, ਗੁਨਾਹ ਅਤੇ ਦਮਨ ਸਮਾਂਨਾਂਤਰ ਰੂਪ ਵਿਚ ਪ੍ਰਵਾਹਮਾਨ ਹਨ। ਉਸ ਦੁਆਰਾ ਸੰਕਲਪਿਤ ਮਾਨਵੀ ਸਥਿਤੀਆਂ ਵਿਚ ਪਾਪ ਅਤੇ ਗੁਨਾਹ ਅਸਤਿਤਵ ਦੀਆਂ ਮੂਲ ਸਥਿਤੀਆਂ ਹਨ। ਉਸ ਅਨੁਸਾਰ ਮਾਨਵੀ ਵਿਵਹਾਰ, ਕਿਉਂਕਿ ਕਾਮਨਾਮੂਲਕ ਹੈ, ਇਸ ਕਰਕੇ ਉਹ ਹਮੇਸ਼ਾਂ, ਸੁਪਨਿਆਂ, ਖਾਹਿਸ਼ਾਂ ਤੇ ਰੀਝਾਂ ਵਿਚ ਵਿਲੀਨ ਰਹਿੰਦਾ ਹੈ ਪਰ ਹਕੀਕਤ ਵਿਚ ਮਾਨਵੀ-ਕਾਮਨਾ, ਸਥਾਪਤ ਨਿਯਮ-ਪ੍ਰਬੰਧ, ਕੀਮਤ-ਵਿਧਾਨ ਅਤੇ ਮਾਣ-ਮਰਯਾਦਾਵਾਂ ਵਿਚ ਬੱਝੀ ਹੋਣ ਕਰਕੇ ਸਥਾਪਤੀ, ਮਨੁੱਖੀ ਕਾਮਨਾਵਾਂ ਦੇ ਪਰਿਪੂਰਨ ਦੀ ਥਾਂ ਉਨ੍ਹਾਂ ਦਾ ਦਮਨ ਕਰਦੀ ਹੈ। ਸਿੱਟੇ ਵਜੋਂ ਸ਼ਿਵ ਦੇ ਕਾਵਿ-ਸੰਸਾਰ ਵਿਚ ਪਾਪ ਅਤੇ ਗੁਨਾਹ ਸੁਪਨਿਆਂ ਤੇ ਰੀਝਾਂ ਦੀ ਪੂਰਤੀ ਲਈ ਸਿਰਜਣਾਤਮਿਕ ਹਥਿਆਰ ਸਾਬਤ ਹੁੰਦੇ ਹਨ ਅਤੇ ਉਹ ਸਥਾਪਤੀ ਦੇ ਦਮਨ ਦੇ ਵਿਰੋਧ ਵਿਚ ਪਹਿਰਾ ਦਿੰਦੇ ਹਨ। ਸ਼ਿਵ ਲਿਖਦਾ ਹੈ:

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿਤ੍ਰਹੀਣ ਕਹੇ ਕਿਉਂ ਜੀਭ ਜਹਾਨ ਦੀ।[27]

ਏਥੇ ਹਰ ਯੁੱਗ, ਪੱਥਰ ਦੇ ਯੁੱਗ ਵਿਚ ਰਹਿੰਦਾ ਹੈ
ਏਥੇ ਹਰ ਯੁੱਗ, ਪੱਥਰ-ਯੁੱਗ ਦੇ ਵਿਚ ਰਹੇਗਾ
ਹਰ ਯੁੱਗ ਆਪਣੀ ਸੰਸਕ੍ਰਿਤੀ ਨੂੰ
ਆਪਣੀ ਦਾਸੀ ਸਦਾ ਕਹੇਗਾ।
ਮਾਨਵ ਸਦਾ ਅਸਭਿਆ ਰਿਹਾ ਹੈ
ਮਾਨਵ ਸਦਾ ਅਸਭਿਆ ਰਹੇਗਾ
ਦੇਹ ਦੇ ਮੰਦਰ ਨੂੰ ਹਰ ਯੁੱਗ ਹੀ
ਆਪਣਾ ਆਪਣਾ ਧਰਮ ਕਹੇਗਾ।[28]

ਉਪਰਕੋਤ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਦੇ ਕਾਵਿ-ਸੰਸਾਰ ਵਿੱਚ ਮਨੁੱਖੀ ਹੋਂਦ ਦੀ ਸੰਕਲਪਨਾ ਵਿਚ ਪਾਪ ਅਤੇ ਗੁਨਾਹ, ਉਸ ਦੀਆਂ ਮੀਰੀ ਵਿਸ਼ੇਸ਼ਤਾਵਾਂ ਬਣੀਆਂ ਹੋਈਆਂ ਹਨ। ਉਹ ਪਾਪ ਅਤੇ ਗੁਨਾਹ ਨੂੰ ਕੁਕਰਮ ਨਾਲ ਜੋੜਨ ਦੀ ਥਾਂ, ਮਨੁਖੀ ਰੀਝਾਂ ਅਤੇ ਸੁਪਨਿਆਂ ਨਾਲ ਜੋੜਦਾ ਹੈ ਜਿਸ ਕਰਕੇ ਪਾਪ, ਗੁਨਾਹ ਤੇ ਦਮਨ ਮਾਨਵੀ ਬ੍ਰਹਿਮੰਡ ਦੇ ਬੁਨਿਆਦੀ ਗੁਣ ਬਣਕੇ ਉੱਭਰਦੇ ਹਨ।

5. ਮਾਨਵੀ ਹੋਂਦ ਦਾ ਵਪਾਰੀਕਰਨ

ਸ਼ਿਵ ਦੀ ਕਵਿਤਾ ਵਿਚ ਮਾਨਵੀ-ਹੋਂਦ ਦਾ ਵਪਾਰੀਕਰਨ ਇਕ ਵਿਸ਼ੇਸ਼ ਕਾਵਿਕ-ਜੁਗਤ ਵਜੋਂ ਉੱਭਰਿਆ ਹੈ ਅਤੇ ਉਸਦੀ ਆਧੁਨਿਕਤਾਵਾਦੀ ਕਾਵਿ-ਦ੍ਰਿਸ਼ਟੀ ਵਿਚ ਵਸਤੂ ਯਥਾਰਥ ਦੇ ਅਜਿਹੇ ਪ੍ਰਸੰਗਾਂ ਦਾ ਭਰਪੂਰ ਚਿਤਰਣ ਬਣਾ ਕੇ ਪੇਸ਼ ਕੀਤਾ ਗਿਆ ਹੈ। ਸ਼ਿਵ ਕੁਮਾਰ ਆਧੁਨਿਕ ਮਨੁੱਖ ਦੇ ਸੰਕਟ ਅਤੇ ਦੁਖਾਂਤ ਨੂੰ ਪੇਸ਼ ਕਰਨ ਸਮੇਂ ਮਾਨਵੀ ਹੋਂਦ ਦੇ ਵਪਾਰੀਕਰਨ ਨੂੰ ਭਰਪੂਰ ਵੇਰਵੇ ਸਹਿਤ ਪੇਸ਼ ਕਰਦਾ ਹੈ। ਉਸਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਵਪਾਰੀਕਰਨ ਦੇ ਨਾ ਕੇਵਲ ਸਤਹੀ ਤਜ਼ਾਰਤੀ ਪ੍ਰਸੰਗਾਂ ਨੂੰ ਪੇਸ਼ ਕਰ ਸਕਿਆ ਹੈ ਸਗੋਂ ਉਹ

ਇਸਦੇ ਸਿੱਟੇ ਵਜੋਂ ਉਪਜਣ ਵਾਲੀ ਮਾਨਵੀ ਪੀੜਾ, ਦੁੱਖ, ਅਰਥਹੀਣਤਾ ਅਤੇ ਬੇਕਦਰੀ ਦੇ ਦਾਰਸ਼ਨਿਕ ਪ੍ਰਸੰਗਾਂ ਨੂੰ ਵੀ ਮੁਖਾਤਿਬ ਹੋਇਆ ਹੈ। ਸ਼ਿਵ 'ਲੂਣਾ' ਵਿਚ ਲਿਖਦਾ ਹੈ:

ਇਹ ਧਰਤੀ, ਇਕ ਨਗਨ ਨਿਪੁੰਸਕ ਬਸਤੀ ਹੈ
ਏਥੇ ਰੋਟੀ ਮਹਿੰਗੀ, ਨਾਰੀ ਸਸਤੀ ਹੈ। [29]

ਲੋਹੇ ਦੇ ਇਸ ਸ਼ਹਿਰ ਵਿਚ ਲੋਹੇ ਦੇ ਲੋਕ ਰਹਿਸਣ,
ਲੋਹੇ ਦੇ ਗੀਤ ਸੁਣਦੇ, ਲੋਹੇ ਦੇ ਗੀਤ ਗਾਉਂਦੇ।
ਲੋਹੇ ਦੇ ਇਸ ਸ਼ਹਿਰ ਵਿਚ, ਪਿੱਤਲ ਦੇ ਲੋਕ ਰਹਿੰਦੇ
ਸਿੱਕੇ ਦੇ ਬੋਲ ਬੋਲਣ, ਸ਼ੀਸ਼ੇ ਦਾ ਵੇਸ ਪਾਉਂਦੇ। [30]

ਇਸ ਪ੍ਰਕਾਰ ਸ਼ਿਵ ਦੇ ਕਾਵਿ ਸੰਸਾਰ ਵਿਚ ਮਾਨਵੀ-ਹੋਂਦ ਨਾਲ ਜੁੜੀ ਹੋਈ ਹਰ ਸ਼ੈਅ ਦੇ ਵਪਾਰੀਕਰਨ ਨੂੰ ਉਸਦੇ ਮਾਨਵੀ ਅਸਤਿਤਵ ਦੇ ਸੰਪੂਰਨ ਪਤਨ ਦਾ ਕਾਰਨ ਮਿਥਿਆ ਗਿਆ ਹੈ ਜੋ ਮਾਨਵੀ ਹੋਂਦ ਦੇ ਵਿਖੰਡਨ, ਦੁੱਖ, ਪੀੜਾ ਅਤੇ ਸੰਤਾਪ ਲਈ ਜ਼ਿੰਮੇਵਾਰ ਨਿਸ਼ਚਿਤ ਹੁੰਦੀ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਦੀ ਕਵਿਤਾ ਵਿਚ ਪਰੰਪਰਕ ਅਤੇ ਆਧੁਨਿਕ ਮਿੱਥਾਂ ਨੂੰ ਵਸਤੂਗਤ ਯਥਾਰਥ ਦੀ ਬੁਨਿਆਦ ਮੰਨ ਕੇ ਇਨ੍ਹਾਂ ਦੇ ਰੂਪਾਂਤਰਣ ਰਾਹੀਂ ਕਾਵਿਕਤਾ ਅਤੇ ਕਾਵਿ-ਸੰਸਾਰ ਦੀ ਸਿਰਜਣਾ ਕੀਤੀ ਗਈ ਹੈ। ਇਸ ਵਿਚ ਸਭਿਆਚਾਰਕ ਸਥਾਪਨਾਵਾਂ ਦੇ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਵਰਤਦੇ ਹੋਏ ਮਾਨਵੀ ਰਿਸ਼ਤਿਆਂ, ਮਰਯਾਦਾਵਾਂ, ਕੀਮਤਾਂ, ਸਮਾਜਿਕ ਮਨਾਹੀਆਂ ਨੂੰ ਨਵੇਂ ਪ੍ਰਤੀਕ-ਪ੍ਰਬੰਧਾਂ ਵਿਚ ਬੰਨ੍ਹ ਕੇ ਮਿੱਥਕ ਰੂਪਾਂਤਰਣ ਕੀਤਾ ਗਿਆ ਹੈ। ਇਸੇ ਪ੍ਰਕਿਰਿਆ ਵਿਚ ਸਦਾਚਾਰਕਤਾ ਦੇ ਨਵੇਂ ਪਰਿਪੇਖ ਸਿਰਜਦੇ ਹੋਏ ਸਦਾਚਾਰਕਤਾ ਨੂੰ ਬੰਧਨ ਮੰਨ ਕੇ, ਬੰਧਨ ਮੁਕਤ ਹੋਣ ਦੀ ਵਿਧੀ ਰਾਹੀਂ, ਮਨੁੱਖੀ-ਕਾਮਨਾਵਾਂ ਦੇ ਨਵੇਂ ਸਦਾਚਾਰ ਦਾ ਨਿਰਮਾਣ ਕੀਤਾ ਗਿਆ ਹੈ। ਇਹ ਸਦਾਚਾਰ ਪਾਪੀ ਅਤੇ ਵਿਕ੍ਰਿਤ ਨਾਇਕ ਦਾ ਸਦਾਚਾਰ ਹੈ ਜੋ ਆਪਣੇ ਕਰਮ-ਪ੍ਰਤਿਕਰਮ ਵਿਚ ਖਾਹਿਸ਼ਾਂ ਦੀ ਪੂਰਤੀ ਨੂੰ ਆਪਣਾ ਧਰਮ ਮੰਨਦਾ ਹੈ। ਇਸ ਕਰਕੇ ਸ਼ਿਵ ਦੇ ਕਾਵਿ-ਜਗਤ ਵਿਚ ਮਾਨਵੀ ਹੋਂਦ ਦੀ ਸੰਕਲਪਨਾ ਤੇ ਸਥਾਪਨਾ ਮਿੱਥਕ ਰੂਪਾਂਤਰਣ ਦੀ ਨਵੀਂ ਪ੍ਰਕਿਰਿਆ ਰਾਹੀਂ ਸਥਾਪਤ ਤੇ ਨਿਰਧਾਰਤ ਹੁੰਦੀ ਹੈ। ਮਨੁੱਖ ਦੀ ਇਸ ਸੰਕਲਪਨਾ ਦਾ ਆਧਾਰ ਉਸਦੀ ਕਾਮਨਾਮੂਲਕ ਹੋਂਦ ਹੈ ਜੋ ਵਿਵਹਾਰ ਦੇ ਸਮੁੱਚੇ ਪ੍ਰਸੰਗਾਂ ਵਿਚ ਸਵੈ-ਕੇਂਦਰਿਤ ਹੈ। ਉਸਦਾ ਆਪਾ ਜਦੋਂ ਵੀ ਸਵੈ ਵਿਸਥਾਰ ਦੇ ਰਾਹ ਪੈਂਦਾ ਹੈ ਤਾਂ ਅਪੂਰਨਤਾ ਦੀ ਅਵਸਥਾ ਵਿਚ ਵਿਖੰਡਤਾ ਅਤੇ ਵਿਸ਼ਾਦਗ੍ਰਸਤ ਹੋ ਜਾਂਦਾ ਹੈ। ਇਸ ਕਰਕੇ ਆਪਣੀ ਇਸ ਵਿਖੰਡਤਾ ਨੂੰ ਸਿਰਜਣ ਲਈ ਉਹ ਪਾਪ, ਗੁਨਾਹ, ਤੇ ਦਮਨ ਦੀ ਅਵਸਥਾ ਨੂੰ ਬੁਨਿਆਦੀ ਮਾਨਵੀ ਸਥਿਤੀਆਂ ਦੇ ਰੂਪ ਵਿਚ ਪੇਸ਼ ਕਰਦਾ ਹੈ। ਸਪਸ਼ਟ ਹੈ ਕਿ ਸ਼ਿਵ ਕੁਮਾਰ ਦਾ ਸਮੁੱਚਾ ਕਾਵਿ-ਸੰਸਾਰ ਮਨੁੱਖੀ ਹੋਂਦ ਨਾਲ ਜੁੜੀਆਂ ਹੋਈਆਂ ਬਹੁ-ਪਾਸਾਰੀ ਮਿੱਥਾਂ ਦੇ ਰੂਪਾਂਤਰਣ ਦੀ ਪ੍ਰਕਿਰਿਆ ਰਾਹੀਂ ਆਪਣੇ ਨਿਵੇਕਲੇ ਕਾਵਿਕ ਤੇ ਸਿਰਜਣਾਤਮਿਕ ਅਮਲ ਵਿਚ ਪੈਂਦਾ ਹੈ।.

* * * *

# ਪੈਰ ਟਿੱਪਣੀਆਂ ਅਤੇ ਹਵਾਲੇ

1. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਿਹ, ਪੰਨਾ-434
2. ਉਹੀ, ਪੰਨਾ- 456
3. ਉਹੀ, ਪੰਨਾ- 434
4. ਉਹੀ, ਪੰਨਾ- 45-46
5. ਉਹੀ, ਪੰਨਾ- 382
6. ਉਹੀ, ਪੰਨਾ- 440
7. ਉਹੀ, ਪੰਨਾ- 124
8. ਉਹੀ, ਪੰਨਾ- 359
9. ਉਹੀ, ਪੰਨਾ- 121-24
10. ਉਹੀ, ਪੰਨਾ- 442-43
11. ਉਹੀ, ਪੰਨਾ 45- 46
12. ਉਹੀ, ਪੰਨਾ- 63
13. ਉਹੀ, ਪੰਨਾ- 218-19
14. ਉਹੀ, ਪੰਨਾ- 449-50
15. ਉਹੀ, ਪੰਨਾ- 465
16. ਉਹੀ, ਪੰਨਾ- 244
17. ਉਹੀ, ਪੰਨਾ- 185
18. ਉਹੀ, ਪੰਨਾ- 209-10
19. ਉਹੀ, ਪੰਨਾ- 210-11
20. ਉਹੀ, ਪੰਨਾ- 210-11
21. ਉਹੀ, ਪੰਨਾ- 518-20
22. Quoted by Elizibeth Wright in Psycho-Analytic Criticism : Theroy in Practice, London, 1984. P-164.
23. ਸੰਪੂਰਣ ਕਾਵਿ ਸੰਗ੍ਰਿਹ ਪੰਨਾ- 364-65
24. ਉਹੀ, ਪੰਨਾ- 141
25. ਉਹੀ, ਪੰਨਾ- 462
26. ਉਹੀ, ਪੰਨਾ- 45
27. ਉਹੀ, ਪੰਨਾ- 434
28. ਉਹੀ, ਪੰਨਾ- 523
29. ਉਹੀ, ਪੰਨਾ- 441
30. ਉਹੀ, ਪੰਨਾ- 275

Great artists have no country.

**– Alfred De Musset.**

# ਸ਼ਿਵ ਕੁਮਾਰ ਦੇ ਕਾਵਿਕ ਪੈਟਰਨ

ੳ) ਕਾਵਿਕਤਾ ਦੇ ਸ੍ਰੋਤ
   1. ਮਿੱਥ
   2. ਸਭਿਆਚਾਰਕ ਅਵਚੇਤਨ ਦਾ ਨਿਰਮਾਣ
   3. ਸਭਿਆਚਾਰਕ ਪ੍ਰਤੀਕ-ਪ੍ਰਬੰਧ
   4. ਮਨੁੱਖ ਤੇ ਬ੍ਰਹਿਮੰਡ ਦੀ ਇਕਸੁਰਤਾ
   5. ਔਰਤ ਦਾ ਸਵੈਮੁਖੀ ਸੰਬੋਧ

ਅ) ਕਾਵਿਕਤਾ ਦੇ ਪ੍ਰਗਟਾਅ-ਮਾਧਿਅਮ
   1. ਰੁਮਾਂਟਿਕ ਦ੍ਰਿਸ਼ਟੀ
   2. ਪ੍ਰਗੀਤਾਤਮਿਕਤਾ ਅਤੇ ਸਰੋਦੀਪਣ
   3. ਸੁਹਜਾਤਮਿਕਤਾ
   4. ਭਾਸ਼ਾਈ ਸਿਸਟਮ ਦੀ ਵਿਲੱਖਣਤਾ
   5. ਸਭਿਆਚਾਰ ਅਤੇ ਪ੍ਰਕਿਰਤੀ ਆਧਾਰਿਤ ਬਿੰਬਾਵਲੀ

ੲ) ਕਾਵਿ-ਪ੍ਰਵਚਨ
   1. ਦਾਰਸ਼ਨਿਕ ਸੁਰ
   2. ਅੰਤਰਮੁਖੀ ਸੁਰ
   3. ਸਮਾਜਿਕ ਮਰਯਾਦਾਵਾਂ ਦਾ ਭੰਜਨ
   4. ਦੁਫੇੜਤਾ ਦੀ ਸਥਿਤੀ ਦਾ ਸੁਰ

ਸ਼ਿਵ ਕੁਮਾਰ ਦੇ ਕਾਵਿ-ਜਗਤ ਦਾ ਵਿਉਂਤਬੱਧ ਅਧਿਐਨ ਉਸਦੇ ਕਾਵਿਕ ਪੈਟਰਨ ਦੀ ਨਿਸ਼ਾਨਦੇਹੀ ਕਰਨ ਵਿਚ ਆਪਣੇ ਆਪ ਸਹਾਈ ਹੁੰਦਾ ਹੈ ਪਰੰਤੂ ਉਸ ਦੀਆਂ ਕਾਵਿਕ ਸੰਭਾਵਨਾਵਾਂ ਦੀ ਥਾਹ ਪਾਉਣ ਲਈ ਉਸ ਦੀਆਂ ਕਲਾਤਮਿਕ ਸਿਰਜਣਾਵਾਂ ਵਿਚ ਵਰਤੀਆਂ ਗਈਆਂ ਜੁਗਤਾਂ, ਪ੍ਰੇਰਕ ਸ਼ਕਤੀਆਂ, ਸ੍ਰੋਤਾਂ, ਪ੍ਰਵਚਨਾਂ ਆਦਿ ਦੀ ਸਿਲਸਿਲੇਵਾਰ ਯੋਜਨਾਬੰਦੀ ਕਰਨਾ ਵੀ ਲਾਜ਼ਮੀ ਹੈ। ਦਰਅਸਲ, ਉਸ ਦੀ ਕੈਨਵਸ ਇੰਨੀ ਵਿਸ਼ਾਲ ਹੈ ਕਿ ਉਸ ਵਲੋਂ ਕੀਤੀ ਗਈ ਕਾਵਿ-ਸਿਰਜਣਾ ਵਿਚ ਮਿੱਥ, ਪ੍ਰਤੀਕ-ਪ੍ਰਬੰਧ, ਸਭਿਆਚਾਰਕ ਅਵਚੇਤਨ ਦੀ ਪੇਸ਼ਕਾਰੀ ਨੂੰ ਉਚਿਤ ਯੋਜਨਾਬੰਦੀ ਦੇ ਆਭਾਵ ਦੀ ਸੂਰਤ ਵਿਚ ਸਮਝਣਾ ਅਤਿਅੰਤ ਮੁਸ਼ਕਲ ਹੈ। ਇਸ ਲਈ ਅਸੀਂ ਹਥਲੇ ਪ੍ਰਸੰਗ ਵਿਚ ਉਸਦੇ ਕਾਵਿਕ ਪੈਟਰਨ ਦੇ ਅਧਿਐਨ ਲਈ ਉਸਦੀ ਕਾਵਿਕਤਾ ਦੇ ਸ੍ਰੋਤ, ਕਾਵਿਕਤਾ ਦੇ ਪ੍ਰਗਟਾਅ-ਮਾਧਿਅਮ ਅਤੇ ਕਾਵਿ-ਪ੍ਰਵਚਨ ਨੂੰ ਵੱਖ - ਵੱਖ ਸੰਦਰਭਾਂ ਵਿਚ ਸਮਝਣ ਦਾ ਯਤਨ ਕੀਤਾ ਹੈ :

ੳ) ਕਾਵਿਕਤਾ ਦੇ ਸ੍ਰੋਤ

ਕਾਵਿ-ਸਿਰਜਣ-ਪ੍ਰਕਿਰਿਆ ਦੌਰਾਨ ਕਵੀ ਦੇ ਨਿੱਜੀ ਅਨੁਭਵ ਵਿਚ ਉਪਲਬਧ ਮੂਲ-ਭੂਤ ਆਧਾਰਾਂ, ਸਮਾਜਿਕ/ਸਭਿਆਚਾਰਕ ਪੈਟਰਨਾਂ ਦੀ ਪਕੜ, ਇਤਿਹਾਸਕ ਸਥਿਤੀਆਂ/ਮਸਲਿਆਂ ਪ੍ਰਤੀ ਪਹੁੰਚ, ਸਮਕਾਲੀ ਯਥਾਰਥ ਪ੍ਰਤੀ ਉਸਦਾ ਰੱਵਈਆ ਅਤੇ ਮਾਨਵੀ ਰਿਸ਼ਤਿਆਂ/ਵਰਤਾਰਿਆਂ ਬਾਰੇ ਸਮਝ ਆਦਿ ਕੁਝ ਅਜਿਹੇ ਮਹੱਤਵਪੂਰਨ ਤੱਤ ਹਨ ਜਿਹੜੇ ਉਸ ਵਲੋਂ ਸਿਰਜੇ ਜਾਣ ਵਾਲੇ ਕਾਵਿ-ਜਗਤ ਲਈ ਠੋਸ ਧਰਾਤਲ ਦਾ ਕੰਮ ਕਰਦੇ ਹਨ। ਕਵੀ ਇਨ੍ਹਾਂ ਵਸਤੂਗਤ ਤੱਤਾਂ ਨੂੰ ਨਿੱਜੀ ਸਮਰਥਾ ਅਨੁਸਾਰ ਗ੍ਰਹਿਣ ਕਰਕੇ ਸਰਬਜਨਕ ਤੇ ਸਰਬਕਾਲਿਕ ਬਣਾ ਕੇ ਆਪਣੀਆਂ ਸਿਰਜਣਾਵਾਂ ਵਿੱਚ ਸੰਪ੍ਰੇਸ਼ਤ ਕਰਨ ਦਾ ਯਤਨ ਕਰਦਾ ਹੈ। ਉਹ ਆਪਣੀ ਕਾਵਿਕ-ਅਭਿਵਿਅਕਤੀ ਵਿਚੋਂ ਸਵੈ ਨੂੰ ਖਾਰਜ ਕਰਨ ਦੀ ਕੋਸ਼ਿਸ਼ ਤਾਂ ਕਰਦਾ ਹੈ ਪਰ ਫਿਰ ਵੀ ਅਕਸਰ ਉਸਦੀ ਸਾਹਿਤਕ ਸੰਰਚਨਾ ਵਿਚੋਂ ਨਿਰਮਤ ਹੁੰਦੇ ਵਸਤੂਗਤ ਯਥਾਰਥ ਨੂੰ ਪਹਿਚਾਣਿਆ ਜਾ ਸਕਦਾ ਹੈ।

ਪੰਜਾਬੀ ਕਾਵਿ-ਜਗਤ ਵਿਚ ਸ਼ਿਵ ਕੁਮਾਰ ਦੇ ਪ੍ਰਵੇਸ਼ ਨਾਲ ਇਕ ਵਿਸ਼ੇਸ਼ ਕਿਸਮ ਦਾ ਗੁਣਾਤਮਿਕ ਪਰਿਵਰਤਨ ਆਉਂਦਾ ਹੈ ਕਿਉਂਕਿ ਉਸਨੇ ਆਪਣੀਆਂ ਕਾਵਿਕ ਸਿਰਜਣਾਵਾਂ ਵਿਚ ਪ੍ਰਾਪਤ ਮਿਥਿਆਸ ਦੀਆਂ ਪਰੰਪਰਾਵਾਂ ਨੂੰ ਆਪਣੇ ਕਾਵਿਕ ਪੈਟਰਨ ਦੇ ਵਾਹਣ ਵਜੋਂ ਬੇਬਾਕੀ ਨਾਲ ਵਰਤਿਆ ਹੈ ਅਤੇ ਦੂਜੇ ਪਾਸੇ ਸਭਿਆਚਾਰਕ, ਸਦਾਚਾਰਕ ਤੇ ਸਮਾਜਿਕ ਮਾਨਤਾਵਾਂ ਦਾ ਨਿਸ਼ੇਧ ਕਰਕੇ ਨਵੇਂ ਪ੍ਰਤੀਕ-ਪ੍ਰਬੰਧਾਂ ਦੀ ਸਿਰਜਣਾ ਕੀਤੀ ਹੈ। ਨਵੇਂ ਪ੍ਰਤੀਕ-ਪ੍ਰਬੰਧ ਸਿਰਜਣ ਦੇ ਨਾਲ ਨਾਲ ਉਹ ਪਰੰਪਰਾਗਤ ਸੰਚਾਰ-ਜੁਗਤਾਂ ਦੇ ਅਰਥ ਦੀ ਨਵ-ਉਸਾਰੀ ਵਲ ਵੀ ਪੂਰੀ ਸ਼ਿੱਦਤ ਨਾਲ ਸਰਗਰਮ ਹੈ। ਉਸ ਦੀਆਂ ਸਿਰਜਣਾਵਾਂ ਦੇ ਭਾਵ -ਮੰਡਲ ਦੀ ਸਾਰਥਿਕ ਪਹੁੰਚ ਸਪਸ਼ਟ ਕਰਨ ਵਾਸਤੇ ਉਸਦੀ ਕਾਵਿਕਤਾ ਦੇ ਨਿਮਨਅੰਕਿਤ ਸ੍ਰੋਤਾਂ ਦਾ ਅਧਿਐਨ ਅਨੁਚਿਤ ਨਹੀਂ ਹੋਵੇਗਾ।

1. ਮਿੱਥ

ਪੂਰਨ ਭਗਤ ਦਾ ਮਿੱਥ -ਬਿਰਤਾਂਤ ਸਮਕਾਲੀ ਇਤਿਹਾਸ ਦੇ ਸਦਾਚਾਰ ਅਤੇ ਸਮਾਜਿਕ ਇਖ਼ਲਾਕੀ ਕਦਰਾਂ ਨਾਲ ਮਾਨਵੀ-ਵ੍ਰਿਤੀਆਤਮਿਕ ਕਾਮਨਾਵਾਂ ਦੇ ਵਿਰੋਧ ਨੂੰ ਉਜਾਗਰ ਕਰਦਾ ਹੋਇਆ ਪੂਰਨ ਦੇ ਨਾਇਕਤਵ ਨੂੰ ਸਥਾਪਤ ਕਰਦਾ ਹੈ। ਪੂਰਨ, ਪ੍ਰਚਲਤ ਮਰਯਾਦਾਵਾਂ ਦੀ ਨੈਤਿਕਤਾ ਦਾ ਪ੍ਰਤੀਕ ਹੈ ਅਤੇ ਲੂਣਾ, ਮਨੁੱਖੀ ਕਾਮਨਾਵਾਂ ਦੀ ਅਤ੍ਰਿਪਤੀ ਕਾਰਨ ਸ਼ਖ਼ਸੀ ਕਦਰਾਂ ਦੀ ਗਿਰਾਵਟ ਦਾ ਚਿੰਨ੍ਹ ਹੈ। ਸ਼ਿਵ ਕੁਮਾਰ ਨੇ ਆਪਣੇ ਕਾਵਿ-ਨਾਟ 'ਲੂਣਾ' ਵਿਚ ਸਮਾਜਿਕ-ਸਦਾਚਾਰ ਅਤੇ ਇਸ ਨਾਲ ਸੰਬੰਧਿਤ ਰੂੜੀਆਂ ਨੂੰ ਕਾਮਨਾਵਾਂ/ਖਾਹਿਸ਼ਾਂ।

ਕਾਮੁਕਤਾ
ਦੇ ਸੰਦਰਭ ਵਿਚ ਰੂਪਾਂਤ੍ਰਿਤ ਕਰਕੇ ਆਪਣੇ ਇਸ ਬਿਰਤਾਂਤ ਵਿਚ ਨਵੇਂ ਅਰਥ ਸੰਚਾਰਿਤ ਕਰਨ ਦਾ ਯਤਨ ਕੀਤਾ ਹੈ। ਪ੍ਰਚਲਤ ਮਿੱਥ-ਬਿਰਤਾਂਤ ਵਿਚ ਲੂਣਾ ਦਾ ਪੂਰਨ ਪ੍ਰਤੀ ਜਿਸਮਾਨੀ ਆਕਰਸ਼ਣ ਨੈਤਿਕਤਾ ਦਾ ਭੰਜਨ ਹੈ ਪਰੰਤੂ ਸ਼ਿਵ ਦੀ ਇਸ ਕਾਵਿ-ਸਿਰਜਣਾ ਅਨੁਸਾਰ ਲੂਣਾ ਦਾ ਆਪਣਾ ਤਰਕ-ਵਿਧਾਨ ਉਸਨੂੰ ਗਿਰਾਵਟ ਦਾ ਪ੍ਰਤੀਕ ਨਹੀਂ ਬਨਣ ਦਿੰਦਾ ਸਗੋਂ ਇਸ ਬਿਰਤਾਂਤ ਦਾ ਦੁਖਾਂਤ ਅਗਲੇਰੇ ਕਾਲ-ਖੰਡਾਂ ਲਈ ਇਕ ਅਜਿਹਾ ਸੰਸਾਰ ਸਿਰਜਣ ਦਾ ਉਪਰਾਲਾ ਹੈ ਜਿਸ ਵਿਚ ਕੋਈ ਪਿਤਾ ਆਪਣੀ ਧੀ-ਸਮਾਨ ਕੰਨਿਆ ਵਲ ਲਲਚਾਈਆਂ ਨਜ਼ਰਾਂ ਨਾਲ ਨਾ ਦੇਖੇ।

ਸ਼ਿਵ ਕੁਮਾਰ ਦੇ ਹੱਥਾਂ ਵਿਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦੌਰਾਨ ਲੂਣਾ ਤ੍ਰਿਸਕਾਰ ਦੀ ਪਾਤਰ ਨਹੀਂ ਰਹਿੰਦੀ ਸਗੋਂ ਉਹ ਸਮਾਜਿਕ ਵਿਵਸਥਾ ਦੇ ਕੁਹਜ ਨੂੰ ਨੰਗਾ ਕਰਨ ਵਾਲਾ ਵਰਤਾਰਾ ਬਣ ਕੇ ਉੱਭਰਦੀ ਹੈ:

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਮੇਰੇ ਫੁੱਲ ਕੁਮਲਾਇਆ
ਜਿਸਦਾ ਇੱਛਰਾਂ ਰੂਪ ਹੰਢਾਇਆ
ਮੈਂ ਪੂਰਨ ਦੀ ਮਾਂ,
ਪੂਰਨ ਦੇ ਹਾਣ ਦੀ!
ਮੈਂ ਉਸ ਤੋਂ ਇੱਕ ਚੁੰਮਣ ਵੱਡੀ,
ਪਰ ਮੈਂ ਕੀਕਣ ਮਾਂ ਉਹਦੀ ਲੱਗੀ,
ਉਹ ਮੇਰੀ ਗਰਭ ਜੂਨ ਨਾ ਆਇਆ
ਸਈਏ ਨੀ
ਧੀ ਵਰਗੀ,
ਸਲਵਾਨ ਦੀ।

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚ੍ਰਿਤਰਹੀਣ ਕਹੇ ਕਿਉਂ
ਜੀਭ ਜਹਾਨ ਦੀ?

ਚ੍ਰਿਤਰਹੀਣ ਤੇ ਤਾਂ ਕੋਈ ਆਖੇ
ਜੇਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿਚ ਗੱਲ ਕੀਹ ਹੈ
ਅਪਮਾਨ ਦੀ ?[1]

ਮਿੱਥ, ਸ਼ਿਵ ਕੁਮਾਰ ਦੀ ਮੁੱਖ ਪ੍ਰੇਰਕ ਸ਼ਕਤੀ ਹੈ ਅਤੇ ਭਾਰਤੀ ਮਿਥਿਆਸ ਉਸ ਦੀ ਦਿਲਚਸਪੀ ਦਾ ਮੁੱਖ ਕੇਂਦਰ-ਬਿੰਦੂ। ਉਹ ਪੁਰਾਤਨ ਮਿੱਥ-ਬਿਰਤਾਂਤ ਵਿਚ ਅਗਰਸਰ ਘਟਨਾਵਾਂ, ਪਾਤਰਾਂ, ਨਾਇਕਾਂ ਤੇ ਨਾਇਕਾਵਾਂ ਨੂੰ ਅਜੋਕੇ ਬੌਧਿਕ ਸੰਦਰਭ ਪ੍ਰਦਾਨ ਕਰਕੇ ਉਨ੍ਹਾਂ ਦੇ

ਪ੍ਰਕਾਰਜ ਨੂੰ ਅਜੋਕੀਆਂ ਮਾਨਵੀ ਸਥਿਤੀਆਂ ਨਾਲ ਜੋੜਦਾ ਹੈ । 'ਗਰਭਵਤੀ' ਕਵਿਤਾ ਵਿਚ ਉਹ ਲਿਖਦਾ ਹੈ :

ਮੈਂ ਕੁੰਤੀ ਹਾਂ ਅੱਜ ਦੇ ਜੁਗ ਦੀ
ਮੇਰੀ ਕੁੱਖ ਵਿਚ ਕਰਨ ਹੈ ਕੋਈ
ਜਾਂ ਚਾਨਣ ਦਾ ਹੈ ਇਕ ਬੂਟਾ
ਜਾਣ ਨਾ ਮੈਥੋਂ ਸ਼ਾਖਾਂ,
ਇਸਦੀਆਂ ਫੈਲੀਆਂ !
ਇਸ ਬੂਟੇ ਦੇ ਕੂਲੇ ਮੁੱਢ ਵਿਚ
ਮੈਂ ਮਮਤਾ ਦਾ ਪਾਸਾਂ ਪਾਣੀ
ਮੈਂ ਲੈਸਾਂ ਪਰਦੱਖਣਾ ਇਸਦੀ
ਜਾਣ ਇਸਮਤਾਂ ਭਾਵੇਂ
ਸੂਲੀ ਟੰਗੀਆਂ ![12]

'ਚੀਰ ਹਰਨ' ਕਵਿਤਾ ਵਿਚ ਆਧੁਨਿਕ ਮਨੁੱਖ ਦੀ ਬੇਬਸੀ, ਸਮਾਜਿਕ ਸਥਿਤੀਆਂ ਦੀ ਵਿਕਰਾਲਤਾ ਦੀ ਜਿੱਲ੍ਹਣ ਵਿਚ ਫਸੇ ਹੋਏ ਮਨੁੱਖ ਦੀਆਂ ਅਸੀਮ ਮਜਬੂਰੀਆਂ ਅਤੇ ਵਿਸ਼ਾਦਗ੍ਰਸਤ ਅਵਸਥਾ ਵਿਚੋਂ ਉਪਜੀ ਉਪਰਾਮਤਾ ਨੂੰ ਪੇਸ਼ ਕਰਨ ਲਈ ਮਹਾਂਭਾਰਤ ਦੀ ਸ਼ਕਤੀਸ਼ਾਲੀ ਮਿੱਥ ਦਾ ਸਹਾਰਾ ਲੈਂਦਾ ਹੋਇਆ ਉਹ ਲਿਖਦਾ ਹੈ:

ਹਰ ਦਿਹੁੰ ਦੇ ਦੁਰਯੋਧਨ ਅੱਗੇ
ਬੇ-ਚੈਨੀ ਦੀ ਚੋਪੜ ਧਰ ਕੇ
ਮਾਯੂਸੀ ਨੂੰ ਦਾਅ 'ਤੇ ਲਾ ਕੇ
ਸ਼ਰਮਾਂ ਦੀ ਦਰੋਪਦ ਹਰਦਾ ਹਾਂ
ਤੇ ਮੈਂ ਪਾਂਡਵ ਇਸ ਸਦੀ ਦਾ
ਆਪਣਾ ਆਪ ਦੁਸ਼ਾਸਨ ਬਣ ਕੇ
ਆਪਣਾ ਚੀਰ ਹਰਨ ਕਰਦਾ ਹਾਂ ।
---------------------------
---------------------------
ਮੈਂ ਜ਼ਿੰਦਗੀ ਦੇ ਮਹਾਂਭਾਰਤ ਦਾ
ਆਪ ਇਕੱਲਾ ਯੁੱਧ ਲੜਦਾ ਹਾਂ
ਕਿਸਮਤ ਵਾਲੇ ਵਿਊਹ-ਚੱਕਰ ਵਿਚ
ਆਪਣੇ ਖ਼ਾਬਾਂ ਦਾ ਅਭਿਮਨਿਊ
ਜੈਦਰਥ ਸਮਿਆਂ ਦੇ ਹੱਥੋਂ
ਵੇਖ ਕੇ ਮਰਿਆ ਨਿੱਤ ਸੜਦਾ ਹਾਂ
ਤੇ ਪ੍ਰਤਿੱਗਿਆ ਨਿੱਤ ਕਰਦਾ ਹਾਂ
ਕਲ੍ਹ ਦਾ ਸੂਰਜ ਡੁੱਬਣ ਤੀਕਰ
ਸਾਰੇ ਕੌਰਵ ਮਾਰ ਦਿਆਂਗਾ
ਜਾਂ ਮਰ ਜਾਣ ਦਾ ਪ੍ਰਣ ਕਰਦਾ ਹਾਂ ।
ਪਰ ਨਾ ਮਾਰਾਂ ਨਾ ਮਰਦਾ ਹਾਂ

ਤੇ ਬੱਸ ਏਸ ਨਮੋਸ਼ੀ ਵਿਚ ਹੀ
ਦਰਦਾਂ ਦਾ ਰੱਥ ਹਿੱਕਦੇ ਹਿੱਕਦੇ
ਜ਼ਿੱਲਤ ਦੇ ਵਿਚ ਪਿੱਸਦੇ ਪਿੱਸਦੇ
ਤਾਰ ਦੇ ਕਾਲੇ ਤੰਬੂਆਂ ਅੰਦਰ
ਹਾਰ ਹੁੱਟ ਕੇ ਆ ਵੜਦਾ ਹਾਂ।[3]

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ਼ਿਵ ਕੁਮਾਰ ਨੇ ਆਧੁਨਿਕ ਮਨੁੱਖ ਨੂੰ ਦਰਪੇਸ਼ ਤਲਖ਼ ਹਕੀਕਤਾਂ ਦੇ ਕਾਵਿਕ-ਬਿਆਨ ਲਈ ਮਿੱਥ ਨੂੰ ਇਕ ਨਿੱਗਰ ਸੋਮੇ ਵਜੋਂ ਥਾਂ ਥਾਂ ਵਰਤਿਆ ਹੈ ਅਤੇ ਮਿੱਥਕ-ਤਰਕ ਨੂੰ ਪੂਰੀ ਸ਼ਿੱਦਤ ਨਾਲ ਮਾਨਵੀ ਸਰੋਕਾਰਾਂ ਨਾਲ ਜੋੜਿਆ ਹੈ। ਮਹਾਂਭਾਰਤ ਦੀ ਪ੍ਰਚਲਤ ਮਿੱਥ ਦੀ ਕੁੰਤੀ ਸੂਰਜ-ਪੁੱਤਰ ਕਰਨ ਨੂੰ ਸਮਾਜਿਕ ਪ੍ਰਕਰਣ ਦੀਆਂ ਮਜਬੂਰੀਆਂ ਅਧੀਨ ਤਿਆਗ ਦਿੰਦੀ ਹੈ ਪਰ ਸ਼ਿਵ ਦੀ ਰੂਪਾਂਤ੍ਰਿਤ ਕੁੰਤੀ ਵਸਤੂਗਤ ਯਥਾਰਥ ਦੀ ਵਿਵਹਾਰਕ ਸਥਿਤੀ ਦਾ ਟਾਕਰਾ ਕਰਨ ਲਈ ਤਿਆਰ ਹੈ। ਇਸੇ ਤਰ੍ਹਾਂ 'ਬਨਵਾਸੀ' ਕਵਿਤਾ ਦਾ 'ਰਾਮ' ਆਪਣੀਆਂ ਇਤਿਹਾਸਕ ਗ਼ਲਤੀਆਂ ਦੁਹਰਾਉਣ ਲਈ ਤਿਆਰ ਨਹੀਂ ਹੈ। ਸ਼ਿਵ ਕੁਮਾਰ ਨੇ ਜਦੋਂ ਆਪਣੀਆਂ ਕਾਵਿਕ-ਸਿਰਜਣਾਵਾਂ ਵਿਚ ਮਿੱਥਕ ਪਾਤਰਾਂ ਨੂੰ ਸਾਹਿਤਕ ਸਾਮੱਗਰੀ ਦੇ ਸ੍ਰੋਤ ਵਜੋਂ ਵਰਤਿਆ ਹੈ ਤਾਂ ਕਿਧਰੇ ਵੀ ਉਨ੍ਹਾਂ ਨੂੰ ਪਰੰਪਰਾਗਤ ਵਿਅਕਤਿਕਤਾ ਵਿਚ ਪੇਸ਼ ਨਹੀਂ ਕੀਤਾ ਬਲਕਿ ਉਨ੍ਹਾਂ ਨੂੰ ਸਰਬ-ਕਾਲਿਕਤਾ ਪ੍ਰਦਾਨ ਕਰਕੇ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਬੰਧਨ ਮੁਕਤ ਕੀਤਾ ਹੈ।

**2. ਸਭਿਆਚਾਰਕ ਅਵਚੇਤਨ ਦਾ ਨਿਰਮਾਣ**

ਸ਼ਿਵ ਕੁਮਾਰ ਦੇ ਕਾਵਿ-ਜਗਤ ਦੇ ਸ਼ਕਤੀਸ਼ਾਲੀ ਧਰਾਤਲ ਵਿਚ ਉਸ ਵਲੋਂ ਆਪਣੀਆਂ ਕਿਰਤਾਂ ਵਿਚ ਕੀਤਾ ਗਿਆ ਸਭਿਆਚਾਰਕ ਅਵਚੇਤਨ ਦਾ ਨਿਰਮਾਣ ਦੇਖਿਆ ਜਾ ਸਕਦਾ ਹੈ। ਆਪਣੇ ਖਿੱਤੇ, ਲੋਕਤਾ ਅਤੇ ਸੰਸਕ੍ਰਿਤੀ ਦੀਆਂ ਜੁਗਤਾਂ ਨੇ ਜਿੱਥੇ ਸ਼ਿਵ ਕੁਮਾਰ ਦੀ ਕਾਵਿਕਤਾ ਨੂੰ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਬਣਾਇਆ ਹੈ ਉਥੇ ਸ਼ਿਵ ਨੇ ਵੀ ਆਪਣੀ ਸਾਂਸਕ੍ਰਿਤਕ ਬਹੁਲਤਾ ਅਤੇ ਵੰਨਸੁਵੰਨਤਾ ਨੂੰ ਸਿਰਜਣਾਤਮਿਕ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਾ ਕੇ ਪੰਜਾਬੀ ਕਾਵਿ-ਜਗਤ ਦੇ ਆਂਗਣ ਨੂੰ ਹੋਰ ਮੋਕਲ਼ਾ ਕੀਤਾ ਹੈ, ਸ਼ਿਵ ਦੇ ਪ੍ਰੌਢ ਨਿੱਜੀ ਅਨੁਭਵ, ਸਭਿਆਚਾਰਕ ਜੁਗਤਾਂ ਪ੍ਰਤੀ ਦਲੇਰ ਪਹੁੰਚ, ਸਭਿਆਚਾਰਕ ਰੂੜ੍ਹੀਆਂ ਅਤੇ ਨੀਤੀਆਂ ਪ੍ਰਤੀ ਆਧੁਨਿਕਤਾਵਾਦੀ ਦ੍ਰਿਸ਼ਟੀਕੋਣ ਦੇ ਫਲਸਰੂਪ ਸਮਾਜਿਕ ਮਰਯਾਦਾਵਾਂ ਪ੍ਰਤੀ ਲਚਕਦਾਰ ਰਵਈਆ, ਪਰੰਪਰਾ ਪ੍ਰਤੀ ਵਿਸ਼ਲੇਸ਼ਣਾਤਮਿਕ ਪਹੁੰਚ ਅਤੇ ਮਨੁੱਖ ਦੀਆਂ ਦੇਹਮੂਲਕ ਸੀਮਾਵਾਂ ਤੇ ਸਮਰਥਾਵਾਂ ਪ੍ਰਤੀ ਮਨੋਵਿਗਿਆਨਕ ਦ੍ਰਿਸ਼ਟੀਕੋਣ, ਉਸਦੇ ਕਾਵਿ-ਜਗਤ ਨੂੰ ਨਵੇਂ ਸਭਿਆਚਾਰਕ ਅਵਚੇਤਨ ਦੇ ਨਿਰਮਾਣ ਲਈ ਅਗਰਸਰ ਕਰਦਾ ਹੈ। ਇਸੇ ਕਰਕੇ ਸ਼ਿਵ ਕੁਮਾਰ ਦੀ ਕਵਿਤਾ ਵਿਚ ਪਰੰਪਰਕ ਮਰਯਾਦਾਵਾਦੀ ਉਲਾਰ, ਖੋਖਲੇ ਨੈਤਿਕ ਪ੍ਰਸੰਗ, ਆਦਰਸ਼ ਪ੍ਰਤੀ ਸਥਿਤੀਆਂ ਦੀ ਸਿਰਜਣਾ ਅਤੇ ਮਨੁੱਖ ਦੇ ਵਿਵਹਾਰ ਤੇ ਕਿਰਦਾਰ ਦੇ ਦਵੈਤ ਨੂੰ ਖਾਸ ਕਿਸਮ ਦੇ ਵਿਅੰਗਾਤਮਿਕ ਪ੍ਰਸੰਗ ਵਿਚ ਰੱਖ ਕੇ ਨਵੇਂ ਕਾਵਿ-ਆਦਰਸ਼ਾਂ ਦੀ ਸਥਾਪਨਾ ਕੀਤੀ ਗਈ ਹੈ। ਜਿਵੇਂ:-

ਮੈਨੂੰ ਭਿੱਟ-ਅੰਗੀ ਨੂੰ, ਭਿੱਟ-ਅੰਗਾ ਵਰ ਦਿਓ,
ਮੋੜ ਲਓ ਇਹ ਫੁੱਲ, ਤਲੀ ਸੂਲਾਂ ਧਰ ਦਿਓ।
ਖੋਹ ਲਓ ਮਹਿਲ ਚੁਬਾਰੇ, ਤੇ ਝਿੱਕਾ ਘਰ ਦਿਓ
ਜਿਸ ਕੰਧ ਦੀ ਮੈਂ ਇੱਟ, ਉਥੇ ਹੀ ਜੜ ਦਿਓ।

---

-----------------------------------

ਬਿਨਾ ਹਾਣ ਜਿਸਮਾਂ ਦਾ ਪਾਣੀ ਬਣੇ ਨਾ ਗੰਗਾ
ਅੱਧ-ਅੰਗੇ ਤੋਂ ਚੰਗਾ ਨੀ, ਮੈਨੂੰ ਭਿੱਟ-ਅੰਗਾ
ਅੱਧ ਅੰਗੇ ਦੀ ਰਾਣੀ ਤੋਂ ਮੈਂ ਭਲੀ ਚਮਾਰੀ
ਬੁਝੇ ਹਵਨ-ਕੁੰਡ ਤੋਂ ਚੁੱਲ੍ਹੇ ਭਰੀ ਅੰਗਾਰੀ
ਚੰਨ ਚੌਥ ਦੇ ਕੋਲੋਂ ਚੰਗੀ ਰਾਤ-ਅੰਧਾਰੀ
ਹਾਣ ਨੂੰ ਕਹਿੰਦੇ ਹਾਣ, ਅੱਗ ਨੂੰ ਅੱਗ ਪਿਆਰੀ।[4]

ਸਪਸ਼ਟ ਹੈ ਕਿ ਸ਼ਿਵ ਕੁਮਾਰ ਮੱਧ-ਕਾਲੀ ਅਵਚੇਤਨ ਦੇ ਮੂਲ ਪੈਟਰਨ ਜਿਵੇਂ ਸੰਜੋਗੀ ਸੁਮੇਲ, ਔਰਤ ਦੀ ਅਬੋਲਤਾ, ਨੈਤਿਕਤਾ ਦਾ ਸਿਰਜਣ ਅਤੇ ਸਵੈ-ਤਿਆਗ ਜਾਂ ਦੇਹਮੂਲਕ ਤਿਆਗ ਆਦਿ ਨੂੰ ਸੰਪੂਰਨ ਭਾਵਾਤਮਿਕ ਅਤੇ ਦੇਹਮੂਲਕ ਪ੍ਰਾਪਤੀਆਂ ਦਾ ਸੰਜੋਗ, ਸਵੈਚੋਣ ਅਤੇ ਨਿੱਜ ਦੀ ਸੰਪੂਰਨ ਸਥਾਪਤੀ ਦੇ ਨਵੇਂ ਸਭਿਆਚਾਰਕ ਅਵਚੇਤਨ ਦਾ ਨਿਰਮਾਣ ਕਰਦਾ ਹੈ। ਇਸੇ ਕਰਕੇ ਲੂਣਾ ਨੂੰ 'ਫੁੱਲ' ਨਾਲੋਂ 'ਸੂਲਾਂ', ਮਹਿਲਾਂ ਨਾਲੋਂ 'ਝਿੱਕਾ-ਘਰ' ਅਤੇ 'ਅੱਧ-ਅੰਗੇ' ਨਾਲੋਂ 'ਭਿੱਟ-ਅੰਗਾ' ਪਸੰਦ ਹੈ। ਉਸਨੂੰ ਜਿਸਮਾਂ ਦਾ ਪਾਣੀ ਕਾਮਨਾ ਦੇ ਰਚਨਾਤਮਿਕ ਰੋਲ ਨਾਲ ਗੰਗਾ ਜਲ ਵਰਗਾ ਪਵਿੱਤਰ ਬਣਦਾ ਪ੍ਰਤੀਤ ਹੁੰਦਾ ਹੈ। ਮਨੁੱਖੀ ਦੇਹ ਉਸ ਲਈ ਹਵਨ-ਕੁੰਡ ਵਰਗੀ ਪਵਿੱਤਰ ਸ਼ੈਅ ਨਹੀਂ, ਸਗੋਂ ਚੁੱਲ੍ਹੇ ਦੀਆਂ ਅੰਗਾਰੀਆਂ ਵਰਗੀ ਕਾਮਨਾਮੂਲਕ ਵਸਤੂ ਹੈ। ਸ਼ਿਵ ਕੁਮਾਰ ਦਾ ਇਹ ਚਿੰਤਨ ਪ੍ਰਸਿੱਧ ਦਾਰਸ਼ਨਿਕ ਤੇ ਮਨੋਵਿਗਿਆਨੀ ਫਿਲਿਕਸ ਗੁਆਟਰੀ ਅਤੇ ਦੇਲਿਊਜ਼ ਨਾਲ ਮਿਲਦਾ ਹੈ, ਜਿਥੇ ਉਸਨੇ ਮਨੁੱਖੀ ਦੇਹ ਨੂੰ ਕਾਮਨਾਵਾਂ ਦਾ ਬ੍ਰਹਿਮੰਡ ਸਮਝ ਕੇ ਮਨੁੱਖ ਨੂੰ Desiring machine ਦਾ ਨਾਂ ਦਿੱਤਾ ਸੀ।[5]

ਮੈਂ ਅੱਗ ਟੁਰੀ ਪ੍ਰਦੇਸ
ਨੀ ਸਈਓ, ਅੱਗ ਟੁਰੀ ਪ੍ਰਦੇਸ !

------------------------

------------------------

ਪਰ ਸਈਓ ਮੈਂ ਕੈਸੀ ਅੱਗ ਹਾਂ
ਕੈਸੇ ਮੇਰੇ ਲੇਖ ?
ਇਕ ਤਾਂ ਮੁੱਖ ਦਾ ਸੂਰਜ ਬਲਦਾ
ਦੂਜੇ ਥਲ ਪੈਰਾਂ ਦੇ ਹੇਠ
ਤੀਜੇ ਬੈਠੀ,
ਮਚਦੀ ਦੇਹ ਦੇ, ਅਗਨ-ਬਿਰਛ ਦੇ ਹੇਠ
ਫਿਰ ਵੀ ਸਈਓ ਬੁਝਦਾ ਜਾਂਦਾ
ਇਸ ਅਗਨੀ ਦਾ ਸੇਕ !
ਜੋ ਬਾਬਲ ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ ![6]

ਮਨੁੱਖ ਨੂੰ ਕਾਮਨਾਮੂਲਕ ਤੇ ਦੇਹਮੂਲਕ ਸੀਮਾਵਾਂ ਤੋਂ ਅੱਗੇ ਵਿਸਥਾਰਨ ਕਰਕੇ ਸ਼ਿਵ ਕੁਮਾਰ ਦੀ ਕਵਿਤਾ ਵਿਚ ਕਾਬਜ਼-ਜਮਾਤ ਦੁਆਰਾ ਸਿਰਜਿਤ ਪਰੰਪਰਕ ਸਭਿਆਚਾਰਕ ਅਵਚੇਤਨ ਦੇ ਤਰਕ ਅਤੇ ਪ੍ਰਤੀਕ ਬਿਲਕੁਲ ਨਿਰਮੂਲ ਤੇ ਅਰਥਹੀਣ ਹੋ ਜਾਂਦੇ ਹਨ:

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹੇ
ਚਰਿਤ੍ਰਹੀਣ ਕਹੇ ਕਿਉਂ ਜੀਭ ਜਹਾਨ ਦੀ

ਲੂਣਾ ਹੋਵੇ ਤਾਂ ਅਪਰਾਧਣ
ਜੇਕਰ ਅੰਦਰੋਂ ਹੋਏ ਸੁਹਾਗਣ,

ਮਹਿਕ ਉਹਦੀ ਜੇ ਹੋਵੇ ਦਾਗਣ,
ਮਹਿਕ ਮੇਰੀ ਤਾਂ ਕੰਜਕ, ਮੈਂ ਹੀ ਜਾਣਦੀ
ਮੈਂ ਪੂਰਨ ਦੀ ਮਾਂ, ਪੂਰਨ ਦੇ ਹਾਣ ਦੀ [6]

ਸਪਸ਼ਟ ਹੈ ਕਿ ਸ਼ਿਵ ਕੁਮਾਰ ਮਨੁੱਖੀ ਹੋਂਦ ਦਾ ਆਧਾਰ ਉਸਦੀ ਕਾਮਨਾ ਅਤੇ ਕਾਮਨਾ ਰਾਹੀਂ ਸਿਰਜੇ ਜਾਣ ਵਾਲੇ ਸਮੁੱਚੇ ਮਾਨਸਿਕ/ ਸਭਿਆਚਾਰਕ/ ਰਾਜਸੀ ਅਤੇ ਮਾਨਵ-ਸ਼ਾਸਤਰੀ ਸੰਦਰਭਾਂ ਦੀ ਕਲਪਨਾ ਕਰਦਾ ਹੈ। ਇਸੇ ਕਰਕੇ ਹੀ ਉਸਦੇ ਕਾਵਿ ਵਿਚ ਬਿਰਹਾ, ਤੜਪ, ਵਿਯੋਗ, ਅਪੂਰਨਤਾ ਅਤੇ ਇਕੱਲਤਾ ਵਰਗੀਆਂ ਮਾਨਵੀ ਸਥਿਤੀਆਂ, ਮਾਨਵੀ ਲੱਛਣਾਂ ਦਾ ਰੂਪ ਅਖਤਿਆਰ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਸੇ ਕਰਕੇ ਹੀ ਉਹ ਅਜਿਹੇ ਮਾਨਵੀ ਅਵਚੇਤਨ ਦੀ ਪਰਿਕਲਪਨਾ ਕਰਦਾ ਹੈ ਜੋ ਨੈਤਿਕ ਆਦਰਸ਼ਾਂ ਦੀ ਪ੍ਰਾਪਤੀ ਹਿਤ ਦੇਹਮੂਲਕ ਸੰਦਰਭਾਂ ਦਾ ਤਿਆਗ ਨਹੀਂ ਕਰਦਾ ਸਗੋਂ ਦੇਹਮੂਲਕ ਪ੍ਰਾਪਤੀਆਂ ਲਈ ਨੈਤਿਕ-ਖੋਖਲੇਪਣ ਦਾ ਤਿਆਗ ਕਰਦਾ ਹੈ। ਇਸੇ ਕਰਕੇ ਹੀ ਨਵੇਂ ਸਭਿਆਚਾਰਕ ਅਵਚੇਤਨ ਦੀਆਂ ਪ੍ਰੇਰਨਾਵਾਂ ਨਾਲ਼ ਮਨੁੱਖ ਨੂੰ ਆਕਾਸ਼ੀ ਉਡਾਰੀਆਂ ਨਾਲੋਂ ਮਨ ਅੰਦਰ ਦੀਆਂ ਗਹਿਰਾਈਆਂ ਵਧੇਰੇ ਪ੍ਰੇਰਿਤ ਕਰਦੀਆਂ ਹਨ ਅਤੇ ਪਦਾਰਥਕ ਪ੍ਰਾਪਤੀਆਂ ਤੋਂ ਕਿਤੇ ਵੱਧ ਨਿੱਜ-ਪੀੜਾ ਤੇ ਸਵੈ-ਸੰਬੋਧ ਆਨੰਦਿਤ ਕਰਦਾ ਹੈ।

**3. ਸਭਿਆਚਾਰਕ ਪ੍ਰਤੀਕ-ਪ੍ਰਬੰਧ**

ਵਿਸ਼ਵ ਪ੍ਰਸਿੱਧ ਦਾਰਸ਼ਨਿਕ ਅਤੇ ਸਾਹਿਤ-ਚਿੰਤਕ ਯਾਂ ਪਾਲ ਸਾਰਤਰ ਅਨੁਸਾਰ ਮਨੁੱਖ ਆਪਣੀਆਂ ਸਮਾਜਿਕ ਕਿਰਿਆਵਾਂ ਰਾਹੀਂ ਆਪਣੀਆਂ ਮਨੋਕਾਮਨਾਵਾਂ ਤ੍ਰਿਪਤ ਕਰਨ ਲਈ ਜਦੋਂ ਕੁਝ ਨਾ ਕੁਝ ਕਰਦਾ ਹੈ ਤਾਂ ਉਸਨੂੰ ਇਕ ਅਜਿਹਾ ਅਹਿਸਾਸ ਹੁੰਦਾ ਹੈ ਜਿਸ ਰਾਹੀਂ ਉਹ ਆਪਣੀ ਮਾਨਵੀ ਹੋਂਦ ਨੂੰ ਨਿਰਰਥਕ ਸਮਝਣ ਲੱਗ ਪੈਂਦਾ ਹੈ। ਪ੍ਰਚਲਤ ਸਮਾਜਿਕ ਟੈਬੂ ਜਦੋਂ ਮਾਨਵੀ-ਕਿਰਿਆਵਾਂ ਦੇ ਪ੍ਰਕਿਰਤਕ ਵਹਿਣ ਉਪਰ ਰੋਕ ਲਾਉਂਦੇ ਹਨ ਤਾਂ ਅਜਿਹੀ ਹੀ ਵਿਸ਼ਾਦਗ੍ਰਸਤ ਅਵਸਥਾ ਉਤਪੰਨ ਹੁੰਦੀ ਹੈ। [7] ਅਜਿਹੀ ਅਵਸਥਾ ਵਿਚ ਜਾਂ ਤਾਂ ਮਨੁੱਖ ਆਪਣੀਆਂ ਭਾਵਨਾਵਾਂ ਨੂੰ ਦਬਾਅ ਕੇ ਨਿਰਾਸ਼ਾਜਨਕ ਜੀਵਨ-ਜੁਗਤ ਅਖਤਿਆਰ ਕਰ ਲੈਂਦਾ ਹੈ ਜਾਂ ਉਹ ਆਪਣੀਆਂ ਕਾਮਨਾਵਾਂ ਦੀ ਤ੍ਰਿਪਤੀ ਲਈ ਸਮਾਜਿਕ/ਸਾਂਸਕ੍ਰਿਤਕ ਬੰਦਸ਼ਾਂ ਦੇ ਵਿਰੋਧ ਵਿਚ ਆ ਜਾਂਦਾ ਹੈ। ਤੀਸਰਾ ਰਾਹ ਸਾਹਿਤਕਾਰ/ਕਲਾਕਾਰ ਅਪਣਾਉਂਦਾ ਹੈ। ਉਹ ਆਪਣੀਆਂ ਸਿਰਜਣਾਤਮਿਕ ਕਿਰਤਾਂ ਵਿਚ ਪ੍ਰਤੀਕ-ਪ੍ਰਬੰਧ ਦੀ ਸਿਰਜਣਾ ਕਰਦਾ ਹੈ ਅਤੇ ਆਪਣੇ ਇਸ ਪ੍ਰਗਟਾਅ-ਮਾਧਿਅਮ ਰਾਹੀਂ ਵਸਤੂਗਤ ਯਥਾਰਥ ਨਾਲ਼ ਅੰਤਰ-ਸੰਬੰਧਿਤਾ ਕਾਇਮ ਕਰਕੇ ਸਾਹਿਤਕ/ਕਲਾਤਮਿਕ ਭਾਵ -ਸੰਸਾਰ ਵਿਚ ਵਿਚਰਦਾ ਹੈ। ਸ਼ਿਵ ਕੁਮਾਰ

ਵਲੋਂ ਸਿਰਜਿਆ ਗਿਆ ਪ੍ਰਤੀਕ-ਪ੍ਰਬੰਧ ਆਪਣੇ ਖਿੱਤੇ ਦੀਆਂ ਸਭਿਆਚਾਰਕ ਜੁਗਤਾਂ 'ਤੇ ਆਧਾਰਿਤ ਹੈ। ਕਿਉਂਕਿ ਸ਼ਿਵ ਕੁਮਾਰ ਦੇ ਕਾਵਿ-ਜਗਤ ਦੀ ਕੈਨਵਸ ਬਹੁਤ ਵਿਸ਼ਾਲ ਹੈ, ਇਸ ਲਈ ਉਸਦੇ ਸਿਰਜੇ ਪ੍ਰਤੀਕ-ਪ੍ਰਬੰਧ ਦੇ ਪਾਸਾਰ ਵੀ ਅਸੀਮ ਹਨ।

ਸ਼ਿਵ ਦੇ ਰਚਨਾ-ਸੰਸਾਰ ਵਿਚ ਅਸਫ਼ਲ ਪਿਆਰ ਦੀ ਸੁਰ ਸਭ ਤੋਂ ਉੱਚੀ ਹੈ ਅਤੇ ਇਸਦੀ ਅਸਫ਼ਲਤਾ ਵਿਚੋਂ ਉਤਪੰਨ ਹੋਏ ਬਿਰਹਾ ਦੀ ਕਾਵਿਕ-ਪੇਸ਼ਕਾਰੀ ਉਸਦੀ ਮਨ-ਪਸੰਦ ਚੋਣ ਹੈ। ਇਸ ਲਈ ਉਸਦਾ ਪ੍ਰਤੀਕ-ਪ੍ਰਬੰਧ ਵੀ ਤਨ-ਮੂਲਕ ਅਨਭਵ ਉਤੇ ਹੀ ਕੇਂਦਰਿਤ ਹੈ। ਬੇਵਫ਼ਾ ਮਹਿਰਮ ਲਈ 'ਸ਼ਿਕਰਾ' ਦਾ ਪ੍ਰਤੀਕ-ਵਰਤਣਾ ਕੇਵਲ ਸ਼ਿਵ ਦਾ ਹੀ ਕਮਾਲ ਹੈ :

ਇਸ਼ਕੇ ਦਾ
ਇਕ ਪਲੰਘ ਨੁਆਰੀ
ਅਸਾਂ ਚਾਨਣੀਆਂ ਵਿਚ ਡਾਹਿਆ
ਤਨ ਦੀ ਚਾਦਰ ਹੋ ਗਈ ਮੈਲੀ
ਉਸ ਪੈਰ ਜਾਂ ਪਲੰਘੇ ਪਾਇਆ
ਨੀ ਮੈਂ ਵਾਰੀ ਜਾਂ।
ਦੁਖਣ ਮੇਰੇ ਨੈਣਾਂ ਦੇ ਕੋਏ
ਵਿਚ ਹੜ੍ਹ ਹੰਝੂਆਂ ਦਾ ਆਇਆ
ਸਾਰੀ ਰਾਤ ਗਈ ਵਿਚ ਸੋਚਾਂ
ਉਸ ਇਹ ਕੀਹ ਕਹਿਰ ਕਮਾਇਆ
ਨੀ ਮੈਂ ਵਾਰੀ ਜਾਂ।
ਸੁਬ੍ਹਾ-ਸਵੇਰੇ
ਲੈ ਨੀ ਵਟਣਾ
ਅਸਾਂ ਮਲ ਮਲ ਉਸ ਨੁਹਾਇਆ
ਦੇਹੀ ਵਿਚੋਂ ਨਿਕਲਣ ਚਿਣਗਾਂ
ਤੇ ਸਾਡਾ ਹੱਥ ਗਿਆ ਕੁਮਲਾਇਆ
ਨੀ ਮੈਂ ਵਾਰੀ ਜਾਂ।

ਚੂਰੀ ਕੁੱਟਾਂ
ਤੇ ਉਹ ਖਾਂਦਾ ਨਾਂਹੀ
ਉਹਨੂੰ ਦਿਲ ਦਾ ਮਾਸ ਖੁਆਇਆ
ਇਕ ਉਡਾਰੀ ਉਸ ਐਸੀ ਮਾਰੀ
ਉਹ ਮੁੜ ਵਤਨੀ ਨਹੀਂ ਆਇਆ
ਨੀ ਮੈਂ ਵਾਰੀ ਜਾਂ ।

ਮਾਏ ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ 'ਤੇ ਕਲਗੀ
ਤੇ ਉਹਦੇ ਪੈਰੀਂ ਝਾਂਜਰ

ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ ।[8]

ਸ਼ਿਵ ਕੁਮਾਰ ਨੇ ਤਨ-ਮੂਲਕ ਅਨੁਭਵ ਦੇ ਕਾਵਿਕ-ਪ੍ਰਗਆਅ ਲਈ ਜਿਹੜੇ ਹੋਰ ਵਿਭਿੰਨ ਪ੍ਰਤੀਕਾਂ/ਬਿੰਬਾਂ ਦੀ ਵਰਤੋਂ ਕੀਤੀ ਹੈ, ਉਨ੍ਹਾਂ ਵਿਚ ਸੂਰਜ, ਅੱਗ, ਧੁੱਪ ਆਦਿ ਸ਼ਾਮਲ ਹਨ ਕਿਉਂਕਿ ਇਨ੍ਹਾਂ ਵਿਚ ਕਾਮੁਕਤਾ ਦੀ ਤਪਸ਼ ਨੂੰ ਪ੍ਰਤੱਖਣ ਤੇ ਪ੍ਰਗਟਾਉਣ ਦੀ ਸ਼ਕਤੀ ਵਧੇਰੇ ਹੈ। ਇਨ੍ਹਾਂ ਪ੍ਰਤੀਕਾਂ ਦੀ ਜ਼ਿਆਦਾ ਵਰਤੋਂ ਕਾਵਿ-ਨਾਟ 'ਲੂਣਾ' ਵਿਚ ਸਲਵਾਨ ਤੇ ਵਰਮਨ ਤੇ ਵਾਰਤਾਲਾਪਾਂ ਵਿਚ ਦੇਖੀ ਜਾ ਸਕਦੀ ਹੈ। ਇਸ ਪ੍ਰਸੰਗ ਵਿਚੋਂ ਕੁਝ ਮਿਸਾਲਾਂ ਪੇਸ਼ ਹਨ :

ਹੇ ਚੰਬਿਆਲ ਦੇਸ ਦੇ ਰਾਜੇ
ਸੁੱਤਾ ਸੂਰਜ ਕੌਣ ਜਗਾਵੇ ?
ਜੇ ਕੋਈ ਕਲ੍ਹ ਦਾ ਸੂਰਜ ਮੋੜੇ
ਉਹ ਮੇਰੇ ਸਭ ਸੂਰਜ ਖਾਵੇ
ਜਿਉਂ ਜਿਉਂ ਕੋਈ ਸੂਰਜ ਬਣਦਾ
ਕੱਚੀ ਅੱਗ ਦੀ ਉਮਰ ਹੰਢਾਵੇ।
ਕਿੰਜ ਬੋਲਾਂ, ਕੀਹ ਬਾਤ ਕਰਾਂ ਮੈਂ
ਜੀਭ ਮੇਰੀ ਨੂੰ ਲੱਜਿਆ ਆਵੇ
ਜੇ ਲੱਜਿਆ ਨੂੰ ਅੰਦਰ ਰੱਖਦਾਂ
ਅੰਦਰ ਮੇਰਾ ਧੁਖ ਧੁਖ ਜਾਵੇ
ਜੇ ਲੱਜਿਆਂ ਨੂੰ ਬਾਹਰ ਰੱਖਦਾਂ
ਮੇਰਾ ਸੂਰਜ ਮਰਦਾ ਜਾਵੇ
ਮੈਥੋਂ ਧੁੱਪ ਫੜੀ ਨਾ ਜਾਵੇ।(ਸਲਵਾਨ)

------------------------------

ਸੁਣ ਸੱਜਣ, ਸੁਣ ਮਿੱਤਰ ਯੋਧੇ
ਹਰ ਮੱਥੇ ਵਿਚ ਸੂਰਜ ਹੋਵੇ
ਹਰ ਧੁੱਪ ਗਰਭਵਤੀ ਹੈ ਧੁਰ ਤੋਂ
ਉਸਦੀ ਕੁੱਖ ਵਿਚ ਸਾਇਆ ਰੋਵੇ
ਉਸਦੀ ਧੁੱਪ ਕਦੇ ਨਾ ਮਰਦੀ
ਜਿਦ੍ਹਾ ਕੋਈ ਪਰਛਾਵਾਂ ਹੋਵੇ।
ਜੇ ਤੇਰੀ ਧੁੱਪ ਦਾ ਪਰਛਾਵਾਂ
ਜੀਭ ਤੇਰੀ 'ਤੇ ਆਣ ਖਲੋਵੇ
ਤਾਂ ਸੰਭਵ ਹੈ ਤੇਰੀ ਧੁੱਪ ਵੀ
ਤੈਥੋਂ ਬੇਮੁਖ ਕਦੀ ਨਾ ਹੋਵੇ
ਧੁੱਪ ਤਾਂ ਮਰਦੀ ਹੈ ਉਸ ਵੇਲੇ
ਜਦ ਕੋਈ ਛਾਂ ਵਿਚ ਆਣ ਖਲੋਵੇ।(ਵਰਮਨ)[9]

ਲੂਣਾ ਅਤੇ ਉਸਦੀ ਸਖੀ ਈਰਾ ਦੇ ਵਾਰਤਾਲਾਪ:

ਮੈਂ ਅੱਗ ਟੁਰੀ ਪਰਦੇਸ
ਨੀ ਸਈਓ,

ਅੱਗ ਟੁਰੀ ਪਰਦੇਸ।

-------------

--------------

ਅੱਗ ਦੀ ਉਮਰੇ
ਹਰ ਅੱਗ ਟੁਰਦੀ
ਜਾ ਬਹਿੰਦੀ ਪਰਦੇਸ
ਹਰ ਅੱਗ ਦੇ ਬਾਬਲ ਦੇ ਚੁੱਲ੍ਹੇ
ਸਦਾ ਨਾ ਉਸਦਾ ਸੇਕ

----------------------

----------------------

ਪਰ ਸਈਓ,
ਮੈਂ ਕੈਸੀ ਅੱਗ ਹਾਂ
ਕੈਸੇ ਮੇਰੇ ਲੇਖ ?
ਇਕ ਤਾਂ ਮੁਖ ਦਾ ਸੂਰਜ ਬਲਦਾ
ਦੂਜੇ ਥਲ ਪੈਰਾਂ ਦੇ ਹੇਠ
ਤੀਜੇ ਬੈਠੀ, ਮਚਦੀ ਦੇਹ ਦੇ
ਅਗਨ ਬਿਰਛ ਦੇ ਹੇਠ
ਫਿਰ ਵੀ ਸਈਓ ਬੁਝਦਾ ਜਾਂਦਾ
ਇਸ ਅਗਨੀ ਦਾ ਸੇਕ
ਜੋ ਬਾਬਲ ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ। (ਲੂਣਾ)

ਸਈਏ, ਅੱਗ ਦੀ ਜੀਭ ਨਾ ਹੁੰਦੀ
ਬੋਲ ਨਾ ਬੋਲ ਕਬੋਲ
ਅੱਗ ਦਾ ਕਰਮ ਨਹੀਂ ਕਿ ਬੋਲੇ
ਆਪਣੀ ਜੀਭੋਂ ਬੋਲ
ਅੱਗ ਤਾਂ ਸਦਾ ਅਬੋਲ ਜੰਮਦੀ
ਮਰਦੀ ਸਦਾ ਅਬੋਲ
ਜੋ ਅੱਗ ਬੋਲੇ ਥੀਏ ਕਲੰਕੀ
ਜੱਗ ਨਾ ਢੁੱਕਦਾ ਕੋਲ਼।

---------------------

---------------------

ਭਿੱਤਾਂ ਪਿੱਛੇ ਬਹਿ ਬਹਿ ਰੋਣਾ
ਲੰਣੇ ਅਥਰੂ ਡੋਹਲ
ਇਸ ਦੇਸ ਦੀ ਹਰ ਅੱਗ ਰੋਗਣ
ਵੇਖ ਨਬਜ਼ਾਂ ਫੋਲ

ਲਹੂ ਥੁੱਕੇ ਤੇ ਅੱਡੀਆਂ ਰਗੜੇ
ਫਿਰ ਵੀ ਰਹੇ ਅਬੋਲ
ਇਹੋ ਹਰ ਇਕ ਅੱਗ ਦੀ ਪੂੰਜੀ
ਆਦਿ ਜੁਗਾਦੋਂ ਕੋਲ
ਸਈਏ ਅੱਗ ਦੀ ਜੀਭ ਨਾ ਹੁੰਦੀ
ਬੋਲ ਨਾ ਬੋਲ ਕਬੋਲ।(ਈਰਾ) [10]

ਸ਼ਿਵ ਕੁਮਾਰ ਦੇ ਇਸ ਪ੍ਰਤੀਕ-ਪ੍ਰਬੰਧ ਰਾਹੀਂ ਉਸ ਕਾਲ -ਖੰਡ ਦੇ ਸਭਿਆਚਾਰ/ ਰਾਜਨੀਤੀ/ਸਮਾਜਿਕ ਵਿਵਸਥਾ ਵਿਚ ਪਲਮਦੇ ਵਿਰੋਧ ਤੇ ਟਕਰਾਓ, ਨਿਆਂ-ਅਨਿਆਂ ਪ੍ਰਤੀ ਲੋਕ-ਮਾਨਸ ਦੀ ਪਹੁੰਚ, ਮਾਨਵੀ ਰਿਸ਼ਤਿਆ ਦੇ ਅਸਾਵੇਂਪਣ ਅਤੇ ਕਦਰਾਂ-ਕੀਮਤਾਂ ਦੇ ਵਿਗਠਨ ਦਾ ਅਧਿਐਨ ਸਹਿਜੇ ਹੀ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ ਉਸਨੇ ਆਧੁਨਿਕ ਸਮਾਜ ਵਿਚ ਮਨੁੱਖੀ ਹੱਯਾਤੀ ਦੀ ਨਿਰਾਰਥਕਤਾ ਨੂੰ ਉਜਾਗਰ ਕਰਨ ਲਈ ਇਸ ਦੀ ਤੁਲਨਾ 'ਕੰਡਿਆਲੀ ਥੋਹ੍ਰ' ਨਾਲ਼ ਕੀਤੀ ਹੈ ਜਿਸਦਾ ਮਨੁੱਖੀ ਜੀਵਨ ਵਿਚ ਕੋਈ ਵੀ ਉਪਯੋਗ ਨਹੀਂ ਹੈ। ਇਸ ਪ੍ਰਤੀਕ ਦੀ ਵਰਤੋਂ ਕਰਕੇ ਸ਼ਿਵ ਨੇ ਵਿਵਸਥਾ ਹੱਥੋਂ ਲਤਾੜੇ ਹੋਏ ਮਨੁੱਖ ਦੀ ਬੇਬਸੀ, ਉਪਰਾਮਤਾ, ਵਿਸ਼ਾਦਗ੍ਰਸਤ ਅਵਸਥਾ, ਅਰਥਹੀਣਤਾ, ਬੰਦਸ਼ਾਂ ਵਿਚ ਜਕੜੇ ਹੋਏ ਮਾਨਵੀ-ਇਕਲਾਪੇ ਦਾ ਖੂਬਸੂਰਤ ਚਿਤਰ ਖਿੱਚਿਆ ਹੈ:

ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ
ਉੱਗੀ ਵਿਚ ਉਜਾੜਾਂ
ਜਾਂ ਉਡਦੀ ਬਦਲੋਟੀ ਕੋਈ
ਵਰ੍ਹ ਗਈ ਵਿਚ ਪਹਾੜਾਂ।
---------------------
---------------------
ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ
ਉੱਗੀ ਕਿਤੇ ਕੁਰਾਹੇ
ਨਾ ਕਿਸੇ ਮਾਲੀ ਸਿੰਜਿਆ, ਮੈਨੂੰ
ਨਾ ਕੋਈ ਸਿੰਜਣਾ ਚਾਹੇ।
--------------------
--------------------
ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ
ਉੱਗੀ ਵਿਚ ਜੋ ਬੇਲੇ
ਨਾ ਕੋਈ ਮੇਰੀ ਛਾਵੇਂ ਬੈਠੇ
ਨਾ ਪੱਤ ਖਾਵਣ ਲੇਲੇ।
------------------------
------------------------
ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ
ਉੱਗੀ ਵਿਚ ਜੋ ਬਾਗਾਂ
ਮੇਰੇ ਮੁੱਢ ਬਣਾਈ ਵਰਮੀ
ਕਾਲੇ ਫਨੀਅਰ ਨਾਗਾਂ। [11]

ਸਪਸ਼ਟ ਹੈ ਕਿ ਸ਼ਿਵ ਕੁਮਾਰ ਦੇ ਪ੍ਰਤੀਕ-ਪ੍ਰਬੰਧ ਦਾ ਆਧਾਰ ਸਭਿਆਚਾਰ ਦੀ ਮਜ਼ਬੂਤ ਬੁਨਿਆਦ ਉਤੇ ਟਿਕਿਆ ਹੋਇਆ ਹੈ। ਇਸ ਪ੍ਰਬੰਧ ਦੀ ਆੜ ਵਿਚ ਕਿਧਰੇ ਉਹ ਠੋਸ ਹਕੀਕਤਾਂ ਨੂੰ ਸੂਖ਼ਮਤਾ ਪ੍ਰਦਾਨ ਕਰਦਾ ਹੈ, ਕਿਧਰੇ ਕਿਧਰੇ ਉਹ ਆਤਮ ਨੂੰ ਅਨਾਤਮ ਵਿਚ ਤਬਦੀਲ ਕਰਦਾ ਹੈ ਅਤੇ ਕਿਧਰੇ ਕਿਧਰੇ ਉਹ ਯਥਾਰਥ ਦੇ ਪ੍ਰਤੱਖ ਪ੍ਰਤਿਰੂਪ ਨੂੰ ਲੁਪਤ ਕਰ ਦਿੰਦਾ ਹੈ। ਇਸ ਤਰ੍ਹਾਂ ਸ਼ਿਵ ਦਾ ਸਿਰਜਿਆ ਪ੍ਰਤੀਕ-ਪ੍ਰਬੰਧ ਉਸਦੇ ਕਾਵਿਕ-ਹੁਨਰ ਤੇ ਸ਼ਿਲਪ ਦਾ ਇਕ ਸਦਗੁਣ ਸਥਾਪਤ ਹੁੰਦਾ ਹੈ। ਕਾਵਿਕ-ਸੁਹਜਾਤਮਿਕਤਾ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਵੀ ਉਹ ਇਸੇ ਕਲਾਤਮਿਕ ਹਥਿਆਰ ਦੀ ਵਰਤੋਂ ਕਰਦਾ ਹੈ।

**2. ਮਨੁੱਖ ਤੇ ਬ੍ਰਹਿਮੰਡ ਦੀ ਇਕਸੁਰਤਾ**

ਮਨੁੱਖ, ਆਦਿ-ਕਾਲ ਤੋਂ ਹੀ ਪ੍ਰਕਿਰਤੀ ਉਤੇ ਅਮਲ ਕਰਦਾ ਆਇਆ ਹੈ ਅਤੇ ਮੋੜਵੇਂ ਰੂਪ ਵਿਚ ਵਿਰੋਧ ਦਾ ਇਹ ਰਿਸ਼ਤਾ, ਮਨੁੱਖ ਤੇ ਪ੍ਰਕਿਰਤੀ ਵਿਚਕਾਰ, ਦਰਅਸਲ ਇਕਸੁਰਤਾ ਦਾ ਰਿਸ਼ਤਾ ਹੈ। ਮਨੁੱਖ ਦੀ ਸਮੁੱਚੀ ਸਭਿਅਤਾ, ਸੁਦੀਰਘ ਸਾਂਸਕ੍ਰਿਤਕ ਪਰੰਪਰਾ ਅਤੇ ਮਾਨਵ-ਸਿਰਜਿਤ ਸਮੂਹ ਸਿਰਜਣਾਵਾਂ ਅਤੇ ਉਨ੍ਹਾ ਦਾ ਸਰਬਾਂਗੀ ਵਿਕਾਸ ਇਸੇ ਇਕਸੁਰਤਾ ਦੇ ਰਿਸ਼ਤੇ ਕਾਰਨ ਹੀ ਸੰਭਵ ਹੋਇਆ ਹੈ। ਮਨੁੱਖ ਤੇ ਪ੍ਰਕਿਰਤੀ ਦੇ ਇਸ ਸੰਤੁਲਨ ਵਿਚੋਂ ਹੀ ਮਨੁੱਖ ਦੀ ਬ੍ਰਹਿਮੰਡੀ ਚੇਤਨਾ ਦਾ ਆਗਾਜ਼ ਹੋਇਆ ਹੈ। ਇਸ ਚੇਤਨਾ ਦੇ ਵੱਖ ਵੱਖ ਪੜਾਵਾਂ ਉਤੇ ਉਪਰੋਕਤ ਰਿਸ਼ਤੇ ਦੇ ਵੱਖ ਵੱਖ ਰੂਪਾਂ ਦੀ ਸਥਿਤੀ ਦ੍ਰਿਸ਼ਟਮਾਨ ਹੁੰਦੀ ਹੈ। ਦੇਸ਼-ਕਾਲ ਦੀਆਂ ਵਿਭਿੰਨ ਸਥਿਤੀਆਂ ਵਿਚ ਕਿਧਰੇ ਕਿਧਰੇ ਇਹ ਵਿਰੋਧ ਵਿਚ ਮਿਲਦੇ ਹਨ ਅਤੇ ਕਿਧਰੇ ਕਿਧਰੇ ਪਰਸਪਰ ਪੂਰਨਤਾ ਦੀ ਅਵਸਥਾ ਵਿਚ।

ਸ਼ਿਵ ਦੇ ਕਾਵਿ-ਸੰਸਾਰ ਵਿਚ ਤ੍ਰਾਸਦਿਕ ਸਥਿਤੀਆਂ ਦੀ ਭਰਮਾਰ ਹੈ। ਬਿਰਹਾ, ਭਟਕਣ, ਵਸਲ ਦਾ ਅਭਾਵ, ਅਪੂਰਨਤਾ ਆਦਿ ਭਾਵ-ਸੰਸਾਰ ਦਾ ਅਨਿੱਖੜਵਾਂ ਅੰਗ ਹਨ ਅਤੇ ਇਹੀ ਉਸਦੇ ਕਾਵਿ-ਜਗਤ ਵਿਚ ਪ੍ਰਤਿਬਿੰਬਤ ਹੋ ਕੇ ਬ੍ਰਹਿਮੰਡੀ-ਨਿਰਾਸ਼ਤਾ ਦਾ ਅਵਲੋਕਨ ਕਰਦੇ ਹਨ। 'ਲੂਣਾ' ਵਿਚ ਸ਼ਿਵ ਕੁਮਾਰ ਲਿਖਦਾ ਹੈ :

ਇਥੇ ਸਭ ਅਪੂਰਨ
ਪੂਰਨ ਕੋਈ ਨਹੀਂ
ਏਥੇ ਸਭ ਅਲੂਣਾ
ਲੂਣਾ ਕੋਈ ਨਹੀਂ
-------------

-------------

ਪੂਰਨ
ਇਸ ਚੌਗਿਰਦੇ ਨੂੰ ਹੁਣ
ਛੱਡ ਜਾਵੇਗਾ
ਬੱਦਲਾਂ ਦੇ ਵਿਚ
ਘੁਲ ਜਾਵੇਗਾ
ਪੌਣਾਂ ਦੇ ਵਿਚ
ਮਿਲ ਜਾਵੇਗਾ
ਫੁੱਲਾਂ ਦੇ ਵਿਚ ਵਸ ਜਾਵੇਗਾ
ਧੁੱਪਾਂ ਦੇ ਵਿਚ
ਖੁਰ ਜਾਵੇਗਾ

ਛਾਵਾਂ ਦੇ ਵਿਚ ਢਲ਼ ਜਾਵੇਂਗਾ
ਅਨੰਤ-ਕਾਲ ਵਿਚ ਰਲ਼ ਜਾਵੇਂਗਾ।

---- ---- ---

---- ---- ---

ਲੂਣਾ
ਤੇਰੇ ਮੇਰੇ ਵਾਕਿਣ
ਹਰ ਕੋਈ ਏਥੇ ਲਹੂ ਥੁੱਕਦਾ ਹੈ
ਜੋ ਵੀ ਏਥੇ ਲਹੂ ਨਾ ਥੁੱਕਦਾ
ਛੋਰਾ ਹੈ ਪੱਥਰ ਦੇ ਬੁੱਤ ਦਾ
ਉਹ ਪਾਗਲ ਹੈ
ਬੁਧ-ਹੀਣ ਹੈ
ਬੇ-ਅਹਿਸਾਸਾ ਨਜ਼ਰਹੀਣ ਹੈ
ਉਹ ਬੇਦਿਲ ਹੈ
ਦਰਦਹੀਣ ਹੈ।[12]

ਇਸ ਵਿਕਰਾਲ਼ ਅਹਿਸਾਸ ਦੀ ਚਰਮ-ਸੀਮਾ ਵੀ ਪੂਰਨ ਦੇ ਇਨ੍ਹਾਂ ਬੋਲਾਂ ਰਾਹੀਂ ਹੀ ਵਿਅਕਤ ਹੋਈ ਹੈ:

ਹਰ ਕੋਈ ਆਪਣੀ
ਕਥਾ ਕਹਿਣ ਨੂੰ
ਆਪਣੇ ਹੱਥ ਮਰੋੜ ਰਿਹਾ ਹੈ
ਆਪਣੇ ਆਪਣੇ ਦੁੱਖ ਦਾ ਇਥੇ
ਹਰ ਕਾਸੇ ਨੂੰ ਕੋਹੜ ਪਿਆ ਹੈ
ਹਰ ਕੋਈ
ਆਪਣੇ ਆਪ ਦੁਆਲੇ
ਸੁੱਚੀਆਂ ਤੰਦਾਂ ਕੱਤ ਰਿਰਾ ਹੈ
ਆਪਣੀ ਆਪਣੀ ਮੌਤ ਦਾ ਰਸਤਾ
ਹਰ ਕੋਈ ਆਪੇ ਦੱਸ ਰਿਹਾ ਹੈ
ਹਰ ਕੋਈ ਨੰਗਾ ਨੱਚ ਰਿਹਾ ਹੈ
ਆਪਣੇ ਉਤੇ ਹੱਸ ਰਿਹਾ ਹੈ
ਆਪਣੇ ਕੋਲੋਂ ਲੁਕ ਰਿਹਾ ਹੈ
ਆਪਣੇ ਕੋਲੋਂ ਬਚ ਰਿਹਾ ਹੈ
ਆਪਣੀ ਕਬਰ ਲਈ ਹਰ ਕੋਈ
ਆਪਣੀ ਮਿੱਟੀ ਪੱਟ ਰਿਹਾ ਹੈ
ਹਰ ਕੋਈ ਮੋਹਰਾ ਚੱਟ ਰਿਹਾ ਹੈ
ਘੋਗੇ ਦੇ ਵਿਚ ਵਸ ਰਿਹਾ ਹੈ
ਖੁਦ ਨੂੰ ਜਿਉਂਦਾ ਦੱਸ ਰਿਹਾ ਹੈ
ਏਥੇ ਸਭ ਕੁਝ ਮਰ ਚੁੱਕਾ ਹੈ
ਆਪਣੀ ਆਪਣੀ ਸੂਲੀ ਉਪਰ

ਹਰ ਕੋਈ ਸੂਲੀ ਚੜ੍ਹ ਚੱਕਾ ਹੈ
ਹਰ ਇਕ ਸੂਰਜ ਠਰ ਚੁੱਕਾ ਹੈ
ਭੂਤ, ਭਵਿਖਤ, ਵਰਤਮਾਨ ਦਾ
ਹਰ ਇਕ ਛਿਨ ਹੀ ਖੜ੍ਹ ਚੁੱਕਾ ਹੈ
ਸਮਿਆਂ ਦਾ ਤ੍ਰੈ ਜੀਭਾ ਫ਼ਨੀਅਰ
ਖ਼ੁਦ ਆਪੇ ਨੂੰ ਲੜ ਚੁੱਕਾ ਹੈ
ਆਪਣੀ ਵਿਹੁ ਸੰਗ ਮਰ ਚੁੱਕਾ ਹੈ
ਜੋ ਕਿਸੇ ਕਰਨਾ ਕਰ ਚੁੱਕਾ ਹੈ।[13]

ਉਪਰੋਕਤ ਅਹਿਸਾਸ ਦੇ ਖੰਡਿਤ ਹੋ ਜਾਣ ਉਪਰਾਂਤ ਉਹ ਨਵੀਆਂ ਕਾਵਿ-ਉਡਾਰੀਆਂ ਭਰਨਾ ਲੋਚਦਾ ਹੈ। ਬੋੜ-ਚਿਰੀ ਤਰੰਗਾਂ ਉਸ ਦੇ ਕਾਵਿ-ਮੰਡਲ ਵਿਚ ਉਭਰਦੀਆਂ ਹਨ। 'ਮਨ-ਮੰਦਰ' ਨਾਮੀ ਕਵਿਤਾ ਵਿਚ ਉਹ ਲਲਚਾਉਂਦਾ ਹੈ:

ਬਲ ਬਲ ਨੀ ਮੇਰੇ ਮਨ-ਮੰਦਰ ਦੀਏ ਜੋਤੇ
ਹਸ ਹਸ ਨੀ ਮੇਰੇ ਸੋਹਲ ਦਿਲੋ ਦੀਏ ਕਲੀਏ

ਤਕ ਤਕ ਨੀ ਔਹ ਨੀਮ ਉਨਾਬੀ ਧੂੜਾਂ
ਆ ਉਨ੍ਹਾਂ ਵਿਚ ਨੂਰ ਨੂਰ ਹੋ ਰਲੀਏ।

ਰੁਣਝੁਣ ਰੁਣਝੁਣ ਟੁਣਕਣ ਸਾਜ਼-ਸਮੀਰੀ
ਜਿਉਂ ਛਣਕਣ ਬੀਜ ਸ਼ਰੀਂਹ ਦੀ ਸੁੱਕੀ ਫਲੀਏ।

-------- ---------

-------- ----------

ਹਰ ਧੜਕਣ ਬਣ ਮਰਦੰਗ ਹੈ ਡਗ ਡਗ ਵੱਜਦੀ
ਹਰ ਸਾਹ ਵਿਚ ਵੱਜਦੀ ਜਾਪੇ ਨੀ ਸ਼ਹਿਨਾਈ।[14]

ਜਦੋਂ ਇਹ ਤਰੰਗਾਂ ਹੋਰ ਪ੍ਰਚੰਡ ਹੋ ਜਾਂਦੀਆਂ ਹਨ ਤਾਂ ਉਹ 'ਪੰਛੀ ਹੋ ਜਾਵਾਂ' ਨਜ਼ਮ ਵਿਚ ਇਹ ਸਾਜ਼ ਛੇੜਦਾ ਹੈ:

ਜੀ ਚਾਹੇ ਪੰਛੀ ਹੋ ਜਾਵਾਂ
ਉਡਦਾ ਜਾਵਾਂ, ਗਾਉਂਦਾ ਜਾਵਾਂ।
ਅਣ-ਛੁਹ ਸਿਖਰਾਂ ਨੂੰ ਛੁਹ ਪਾਵਾਂ।
ਇਸ ਦੁਨੀਆਂ ਦੀਆਂ ਰਾਹਵਾਂ ਭੁੱਲ ਕੇ
ਫੇਰ ਕਦੀ ਵਾਪਸ ਨਾ ਆਵਾਂ
ਜੀ ਚਾਹੇ ਪੰਛੀ ਹੋ ਜਾਵਾਂ।

----------------------

----------------------

ਹੋਏ ਆਲ੍ਹਣਾ ਵਿਚ ਸ਼ਤੂਤਾਂ
ਜਾਂ ਵਿਚ ਜੰਡ ਕਰੀਰ ਸਰੂਟਾਂ
ਆਉਣ ਪੁਰੇ ਦੇ ਸੀਤ ਫਰਾਟੇ
ਲਚਕਾਰੇ ਇਉਂ ਲੈਣ ਡਾਲ਼ੀਆਂ

ਜਿਉਂ ਕੋਈ ਡੋਲੀ ਖੇਡੇ ਜੜੀਆਂ
ਵਾਲ ਅਨਾਰੀ ਲੈ ਲੈ ਝੂਟਾਂ।[15]

ਜਦੋਂ ਸ਼ਿਵ ਅੰਦਰਲੇ ਮਾਨਵ ਦੀ ਬ੍ਰਹਿਮੰਡ ਨਾਲ ਇਕਸੁਰਤਾ ਆਪਣੇ ਸਿਖਰ 'ਤੇ ਪਹੁੰਚਦੀ ਹੈ ਤਾਂ ਉਹ ਬੁੱਲ੍ਹੇ ਸ਼ਾਹ ਵਾਂਗ 'ਹਾਲ' ਦੀ ਅਵਸਥਾ ਵਿਚ ਆ ਜਾਂਦਾ ਹੈ:

ਜਿਨ੍ਹਾਂ ਖਿੱਤੀਆਂ 'ਚ ਬੀਜੇ ਸੀ ਮੈਂ ਤਾਰਿਆਂ ਦੇ ਬੀ
ਉਨ੍ਹਾਂ ਖਿੱਤੀਆਂ 'ਚ ਭੁੱਖੜਾ ਬੂਆਟ ਉਗਿਆ।
ਜਹੀ ਲੜੀ ਮੇਰੇ ਕਾਲਜੇ 'ਤੇ ਬ੍ਰਿਹੋਂ ਦੀ ਧਮੂੜੀ
ਮੇਰੇ ਜੇਰਿਆਂ ਦਾ ਅਰਸ਼ ਤੇ ਪਤਾਲ਼ ਸੁੱਜਿਆ।
-----------------------------------
-----------------------------------

ਮੇਰੇ ਹਾਸਿਆਂ ਦੇ ਮੁੱਖ 'ਤੇ ਤ੍ਰੇਲ਼ੀ ਆ ਗਈ
ਮੇਰੀ ਸੋਚ ਮੈਨੂੰ ਤਾਰਿਆਂ ਤੋਂ ਪਾਰ ਲੈ ਗਈ।
ਮੇਰੀ ਚੁੱਪ ਦੇ ਸਰੋਵਰਾਂ 'ਚ ਜੀਭ ਡੁੱਬ ਮੋਈ।
ਗਾਹ ਗਾਹ ਹੰਝੂਆਂ ਦੇ ਗਾਹ ਮੇਰੀ ਅੱਖ ਚੋ ਗਈ।
ਇਕ ਤੇਰੀ, ਦੂਜੇ ਤੇਰੀ ਸਾਰੀ ਧਰਤੀ ਦੀ ਪੀੜ
ਤੇਰੀ ਥੁੜ ਮੇਰੇ ਨਾਂ ਅਜ ਕਰ ਬੈ ਗਈ।
-----------------------------------
-----------------------------------
ਮੇਰੇ ਸਾਵੇਂ ਖੜੀ ਮੌਤ ਨੂੰ ਮੈਂ ਗੋਲ਼ੀ ਮਾਰਦਾਂ
ਬੁਝੀ ਲੇਖਾਂ ਦੀ ਲਕੀਰ ਚੰਨਾ ਆਪ ਲੀਕ ਲਾਂ।
-----------------------------------
-----------------------------------
ਇਕੋ ਛਾਲ ਮਾਰ ਟੱਪ ਜਾਂ ਸਮੁੰਦਰਾਂ ਤੋਂ ਪਾਰ
ਡੁੱਬ ਮਰਾਂ ਜੇ ਮੈਂ ਪਾਣੀਆਂ ਨੂੰ ਪੈਰ ਤੀਕ ਲਾਂ।[16]

ਜਦੋਂ ਸ਼ਿਵ ਇਹ ਲਿਖਦਾ ਹੈ :

ਅਸਾਂ ਤਾਂ ਜੋਬਨ ਰੁੱਤੇ ਮਰਨਾ
ਮੁੜ ਜਾਣਾ ਅਸੀਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪਰਕਰਮਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ।[17]

ਤਾਂ ਇਉਂ ਜਾਪਦਾ ਹੈ ਕਿ ਜਿਵੇਂ ਉਹ ਆਪਣੇ ਕਾਵਿ-ਸੰਸਾਰ ਵਿਚ ਨਹੀਂ ਸਗੋਂ ਖੁਦ-ਬਖੁਦ ਉਹ ਵਿਸ਼ਾਲ ਬ੍ਰਹਿਮੰਡ ਦਾ ਇਕ ਅਨਿਖੜਵਾਂ ਅੰਗ ਹੋ ਚੁੱਕਾ ਹੋਵੇ। ਇਨਾ ਤੀਬਰ ਅਹਿਸਾਸ

ਕਿਸੇ ਦੁਰਲੱਭ ਭਾਵ-ਮੰਡਲ ਦੀ ਉਪਜ ਹੀ ਹੋ ਸਕਦਾ ਹੈ।

2. ਔਰਤ ਦਾ ਸਵੈ-ਮੁਖੀ ਸੰਬੋਧ

ਸ਼ਿਵ ਦੀ ਕਵਿਤਾ ਵਿਚ ਇਕ ਹੋਰ ਪ੍ਰੇਰਨਾ-ਸ਼ਕਤੀ ਉਸਦੀ ਨਾਇਕਾ ਦਾ ਸਵੈ-ਸੰਬੋਧਨੀ ਸੁਰ ਹੈ ਜੋ ਕਿ ਉਸਦੇ ਗੀਤਾਂ ਤੇ ਗ਼ਜ਼ਲਾਂ ਵਿਚ ਉਪਲਬਧ ਹੈ। ਸਾਡੀ ਸਮਾਜਿਕ/ਰਾਜਨੀਤਕ ਵਿਵਸਥਾ ਵਲੋਂ ਔਰਤ ਨਾਲ ਕੀਤੀ ਗਈ ਦੁਰਗਤ ਦੀ ਕਥਾ ਉਹ ਖੁਦ ਔਰਤ-ਰੂਪੀ ਮਨਵਚਨੀ ਰਾਹੀਂ ਕਰਦਾ ਹੈ। ਅਜਿਹੀ ਸੂਰਤ ਵਿਚ ਉਹ ਅਕਸਰ, ਮਰਦ ਅਤੇ ਮਰਦ-ਪ੍ਰਧਾਨ ਸਮਾਜ ਨੂੰ ਭੰਡਦਾ ਹੈ। ਪਰੰਤੂ ਸ਼ਿਵ ਦੀ ਸਿਰਜੀ ਹੋਈ ਸਿਖ਼ਰ ਦੀ ਸੁਹਜਾਤਮਿਕਤਾ ਵੀ ਅਜਿਹੀਆਂ ਰਚਨਾਵਾਂ ਵਿਚ ਉਪਲਬਧ ਹੈ। 'ਮੇਰੀ ਉਮਰਾ ਬੀਤੀ ਜਾਏ' ਕਵਿਤਾ ਵਿਚ ਸ਼ਿਵ ਲਿਖਦਾ ਹੈ:

ਸਈਓ ਨੀ
ਮੇਰੇ ਗਲ਼ ਲੱਗ ਰੋਵੋ
ਨੀ ਮੇਰੀ ਉਮਰਾ ਬੀਤੀ ਜਾਏ
ਇਹ ਰੁੱਤ ਕੇਹੀ ਕਿ ਜਦ ਮੇਰਾ ਜੋਬਨ
ਨਾ ਭਰਿਆ ਨਾ ਊਣਾ
ਅੱਠੇ ਪਹਿਰ ਦਿਲੇ ਦਿਲਗੀਰੀ
ਮੈਂ ਭਲਕੇ ਨਹੀਂ ਜਿਉਣਾ
ਅੱਗ ਲੱਗੀ
ਇਕ ਰੂਪ ਦੇ ਬੇਲੇ
ਦੂਜੇ ਸੂਰਜ ਸਿਖ਼ਰ ਤੇ ਆਏ
ਸਈਓ ਨੀ
ਮੇਰੀ ਇਹ ਰੁਤ ਐਵੇਂ
ਪਈ ਬਿਰਥਾ ਹੀ ਜਾਏ !
ਰੂਪ ਜੇ ਬਿਰਥਾ ਜਾਏ ਸਈਓ
ਮਨ ਮੈਲ਼ਾ ਕੁਮਲਾਏ
ਗੀਤ ਜੇ ਬਿਰਥਾ ਜਾਏ
ਤਾਂ ਵੀ
ਇਹ ਜੱਗ ਭੰਡਣ ਆਏ
------------------
------------------
ਇਸ ਰੁੱਤੇ ਸਈਓ ਸੱਜਣ ਥੀਵੇ
ਸੋ ਸਾਨੂੰ ਅੰਗ ਛੁਹਾਏ
ਸਈਓ ਨੀ ਮੇਰੇ ਗਲ਼ ਲੱਗ ਰੋਵੋ
ਨੀ ਮੇਰੀ ਉਮਰਾ ਬੀਤੀ ਜਾਏ ।[18]

ਇਸੇ ਸੁਰ ਵਾਲੀ ਇਕ ਹੋਰ ਉਦਾਹਰਣ :

ਸਾਨੂੰ ਟੋਰ ਅੰਬੜੀਏ ਟੋਰ
ਅੰਬੜੀਏ ਟੋਰ ਨੀ

ਪਰ੍ਹਾਂ ਇਹ ਫੂਕ ਚਰਖੜੇ ਤਾਈਂ
ਸਾਥੋਂ ਕੱਤ ਨਾ ਹੋਵੇ ਹੋਰ ਨੀ
-------------------------
-------------------------
ਅੰਬੜੀਏ ਇਸ ਚਰਖੇ ਸਾਥੋਂ
ਸੁਪਨੇ ਕੱਤ ਨ ਹੋਏ
ਇਸ ਚਰਖੇ ਥੀਂ ਸੈ ਘੁਣ ਲੱਗੇ
ਚਰਮਖ ਖੱਦੇ ਹੋਏ
ਟੁੱਟ ਗਿਆ ਤੱਕਲਾ
ਭੁਰ ਗਿਆ ਬੀੜਾ
ਬਰੜਾਂਦੀ ਘਨਘੋਰ ਨੀ
ਅੰਬੜੀਏ ਟੋਰ ਨੀ।[19]

'ਸਈਆਂ' (ਸਖੀਆਂ) ਅਤੇ ਅੰਬੜੀ ਤੋਂ ਬਾਅਦ ਬਾਬਲ ਨੂੰ ਸੰਬੋਧਨ ਕਰਕੇ ਕੀਤੀ ਗਈ ਅਰਜੋਈ :

ਜਦ ਪੈਣ ਕਪਾਹੀਂ ਫੁੱਲ
ਵੇ ਧਰਮੀ ਬਾਬਲਾ
ਸਾਨੂੰ ਉਹ ਰੁੱਤ ਲੈ ਦਈਂ ਮੁੱਲ
ਵੇ ਧਰਮੀ ਬਾਬਲਾ!
-----------------------
-----------------------
ਕਿਹੜੇ ਕੰਮ ਇਹ ਮਿਲਖ ਜਗੀਰਾਂ
ਜੇ ਧੀਆਂ ਕੁਮਲ਼ਾਈਆਂ
ਕਿਹੜੇ ਕੰਮ ਤੇਰੇ ਮਾਨ ਸਰੋਵਰ
ਹੰਸਨੀਆਂ ਤਿਰਹਾਈਆਂ
ਕਿਹੜੇ ਕੰਮ ਖਿਲਾਰੀ ਤੇਰੀ
ਚੋਗ ਮੋਤੀਆਂ ਤੁੱਲ
ਵੇ ਧਰਮੀ ਬਾਬਲਾ
ਜੇ ਰੁੱਤ ਨਾ ਲੈ ਦਏਂ ਮੁੱਲ
ਵੇ ਧਰਮੀ ਬਾਬਲਾ!

ਅਤੇ ਅੰਤਿਮ ਅਰਜੋਈ 'ਮੇਰੇ ਰਾਮ ਜੀਉ' ਕਵਿਤਾ ਵਿਚ:

ਤੁਸੀਂ ਕਿਹੜੀ ਰੁੱਤੇ ਆਏ
ਮੇਰੇ ਰਾਮ ਜੀਉ
ਜਦੋਂ ਬਾਗੀਂ ਫੁੱਲ ਕੁਮਲਾਏ
ਮੇਰੇ ਰਾਮ ਜੀਉ।
ਕਿੱਥੇ ਸਉਂ ਜਦ ਅੰਗ ਅੰਗ ਸਾਡੇ
ਰੁੱਤ ਜੋਬਨ ਦੀ ਮੌਲੀ
ਕਿੱਥੇ ਸਉਂ ਜਦ ਤਨ ਮਨ ਸਾਡੇ

ਗਈ ਕਥੂਰੀ ਘੋਲੀ
ਕਿੱਥੋ ਸਉਂ ਜਦੋਂ ਸਾਹ ਵਿਚ ਚੰਬਾ
ਚੇਤਰ ਬੀਜਣ ਆਏ
ਮੇਰੇ ਰਾਮ ਜੀਉ
ਤੁਸੀਂ ਕਿਹੜੀ ਰੁੱਤੇ ਆਏ ?[20]

ਉਪਰੋਕਤ ਚਾਰ ਉਦਾਹਰਣਾਂ ਵਿਚ ਸਭ ਤੋਂ ਪਹਿਲਾਂ ਸਹੇਲੀ ਨੂੰ, ਫਿਰ ਮਾਂ ਨੂੰ ਤੇ ਫਿਰ ਧਰਮੀ ਬਾਬਲ ਨੂੰ ਅਤੇ ਅੰਤ ਵਿਚ ਆਪਣੇ ਇਸ਼ਟ ਨੂੰ ਸੰਬੋਧਨ ਕਰਕੇ ਕੀਤੀ ਗਈ ਔਰਤਮੁਖੀ ਅਰਜੋਈ ਵਿਚ ਜਿਸਮਾਨੀ ਮਿਲਾਪ, ਤੜਫ ਅਤੇ ਪਛਤਾਵੇ ਦੀ ਧੁਨੀ ਸੁਣਾਈ ਦਿੰਦੀ ਹੈ। ਇਹ ਧੁਨੀ ਉਸਦੇ ਕਾਵਿ-ਨਾਟ ਲੂਣਾ ਵਿਚ ਹੋਰ ਵੀ ਉਚੀ ਸੁਰ ਵਿਚ ਪ੍ਰਸਫੁਟਿਤ ਹੁੰਦੀ ਹੈ। ਇਹ ਸ਼ਿਵ-ਕਾਵਿ ਦਾ ਕੇਂਦਰੀ ਧੁਰਾ ਹੈ ਜਿਸਦੇ ਆਧਾਰ 'ਤੇ ਸ਼ਿਵ ਦੇ ਕਲਾਤਮਿਕ ਕਾਵਿ-ਸੰਸਾਰ ਦੀ ਰੂਪ-ਰੇਖਾ ਉਲੀਕੀ ਜਾ ਸਕਦੀ ਹੈ।

ਉਪਰੋਕਤ ਸਾਰੀ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਦੇ ਪ੍ਰੇਰਨਾ ਸ੍ਰੋਤ ਇੰਨੇ ਬਹੁ-ਭਾਂਤੀ ਅਤੇ ਬਹੁ-ਪਰਤੀ ਹਨ ਕਿ ਉਨ੍ਹਾਂ ਦੀ ਇਸ ਵਿਸ਼ਾਲ ਆਧਾਰਸ਼ਿਲਾ ਉਪਰ ਹੀ ਇੰਨਾ ਵਿਸ਼ਾਲ ਕਾਵਿ-ਆਡੰਬਰ ਉਸਰ ਸਕਦਾ ਸੀ।

**ਅ) ਕਾਵਿਕਤਾ ਦੇ ਪ੍ਰਗਟਾਅ-ਮਾਧਿਅਮ**

ਪ੍ਰਸਿੱਧ ਪੱਛਮੀ-ਆਲੋਚਕ ਲੂਈ ਅਲਥਿਊਜ਼ਰ ਅਨੁਸਾਰ ਕਲਾਕਾਰ ਅਤੇ ਉਸਦੀ ਕਲਾਤਮਿਕ ਸਿਰਜਣਾ ਵਿਚ ਇਕ ਫਾਸਲਾ ਕਾਇਮ ਰਹਿੰਦਾ ਹੈ। ਕਲਾਕਾਰ ਆਪਣੇ ਰਚਨਾ-ਸੰਸਾਰ ਦੀ ਸਿਰਜਣਾ ਜੀਵਨ ਤੋਂ ਇੱਕ ਵਿੱਥ 'ਤੇ ਖੜ੍ਹਾ ਹੋ ਕੇ ਕਰਦਾ ਹੈ।[21]

ਸ਼ਿਵ ਕੁਮਾਰ ਦੇ ਸਮੁੱਚੇ ਕਾਵਿ ਸੰਸਾਰ ਅਤੇ ਉਸਦੇ ਵਿਅਕਤਿਤਵ ਵਿਚ ਅਜਿਹੀ ਵਿੱਥ ਕਿਧਰੇ ਵੀ ਨਜ਼ਰ ਨਹੀਂ ਆਉਂਦੀ। ਟੀ. ਐਸ. ਐਲੀਅਟ ਦਾ 1919 ਵਿਚ ਲਿਖਿਆ ਗਿਆ ਬਹੁ ਚਰਚਿਤ ਨਿਬੰਧ 'ਪਰੰਪਰਾ ਅਤੇ ਵਿਅਕਤੀਗਤ ਯੋਗਤਾ' (Tradition and Individual Talent) ਇਸ ਸੰਦਰਭ ਵਿਚ ਜ਼ਿਕਰਯੋਗ ਹੈ। ਉਸਨੇ ਇਸ ਲੇਖ ਦੇ ਅੰਤਲੇ ਭਾਗ ਵਿਚ ਲਿਖਿਆ ਹੈ ਕਿ ਕਾਵਿ ਕਲਾ ਭਾਵਨਾਵਾਂ ਨੂੰ ਖੁਲ੍ਹਾ ਛੱਡ ਦੇਣ ਦਾ ਨਾਂ ਨਹੀਂ ਬਲਕਿ ਇਨ੍ਹਾਂ ਤੋਂ ਪਲਾਇਨ ਦੀ ਕਲਾ ਹੈ। ਇਹ ਵਿਅਕਤਿਤਵ ਦਾ ਪ੍ਰਗਟਾਅ ਨਹੀਂ ਸਗੋਂ ਬਚਣ ਦੀ ਕਲਾ ਹੈ[22] ਐਲੀਅਟ ਦਾ 'ਅਵਿਅਕਤਿਤਵ ਦਾ ਸਿਧਾਂਤ (Theory of Impersonality) ਸ਼ਿਵ ਦੀ ਕਾਵਿਕਤਾ ਉਤੇ ਪੂਰਨ ਭਾਂਤ ਲਾਗੂ ਹੁੰਦਾ ਹੈ। ਸ਼ਿਵ ਆਪਣੇ ਕਾਵਿ ਵਿਚ ਵਿਅਕਤਿਤਵ ਦਾ ਕਲਾਤਮਿਕ ਰੂਪਾਂਤਰਣ ਕਰਦਾ ਹੈ। ਜੀਵਨ ਦੇ ਵਿਸ਼ਾਲ ਪਾਸਾਰਾਂ ਨੂੰ ਉਸਨੇ ਆਪਣੀ ਅਨੁਭੂਤੀ ਦਾ ਅਨਿੱਖੜਵਾਂ ਅੰਗ ਬਣਾ ਕੇ ਆਪਣੇ ਨਿਵੇਕਲੇ ਰੁਮਾਂਟਿਕ ਦ੍ਰਿਸ਼ਟੀਕੋਣ ਤੋਂ ਵਿਅਕਤ ਕੀਤਾ ਹੈ। ਉਸਦੇ ਕਾਵਿਕ ਪ੍ਰਗਟਾਅ ਮਾਧਿਅਮ ਦਾ ਲੇਖਾ ਜੋਖਾ ਕਰਨ ਲਈ ਉਸਦੀ ਰੁਮਾਂਟਿਕ ਦ੍ਰਿਸ਼ਟੀ, ਪ੍ਰਗੀਤਾਤਮਿਕਤਾ, ਭਾਸ਼ਾਈ ਸਮਰਥਾ ਤੇ ਵਿਲੱਖਣਤਾ ਆਦਿ ਪਹਿਲੂਆਂ ਨੂੰ ਸਮਝਣਾ ਹੋਵੇਗਾ।

**1. ਰੁਮਾਂਟਿਕ ਦ੍ਰਿਸ਼ਟੀ**

ਸੰਭਵ ਤੋਂ ਪਾਰ ਲੰਘ ਜਾਣ ਦੀ ਤਮੰਨਾ ਹੀ ਰੁਮਾਂਟਿਕ ਦ੍ਰਿਸ਼ਟੀ ਦੀ ਬੁਨਿਆਦ ਹੈ। ਸ਼ਿਵ ਕੁਮਾਰ ਨੇ ਆਪਣੀਆਂ ਸੀਮਾਵਾਂ ਤੋਂ ਅੱਗੇ ਲੰਘਣ ਦੀਆਂ ਅਤ੍ਰਿਪਤ ਇਛਾਵਾਂ ਦਾ ਪ੍ਰਗਟਾਅ ਆਪਣੀ ਕਵਿਤਾ ਵਿਚ ਥਾਂ ਥਾਂ ਕੀਤਾ ਹੈ। ਸ਼ਿਵ ਦੀ ਕਵਿਤਾ ਕਾਰਜਸ਼ੀਲ ਵਿਅਕਤੀਆਂ ਦੀਆਂ ਸਰਗਰਮੀਆਂ ਦਾ ਦਰਪਣ ਨਹੀਂ ਬਲਕਿ ਕਵੀ ਦੀਆਂ ਭਾਵਨਾਵਾਂ, ਇਛਾਵਾਂ ਅਤੇ ਅਪ੍ਰਾਪਤੀਆਂ ਦਾ ਦਰਪਣ ਹੈ। ਸ਼ਿਵ 'ਮਿਰਚਾਂ ਦੇ ਪੱਤਰ' ਨਾਮੀ ਕਵਿਤਾ ਵਿਚ ਲਿਖਦਾ ਹੈ:

ਪੁੰਨਿਆਂ ਦੇ ਚੰਨ ਨੂੰ ਕੋਈ ਮੱਸਿਆ
ਕੀਕਣ ਅਰਘ ਚੜ੍ਹਾਏ ਵੇ।
ਕਿਉਂ ਕੋਈ ਡਾਚੀ ਸਾਗਰ ਖਾਤਰ
ਮਾਰੂਥਲ ਛੱਡ ਜਾਏ ਵੇ।
----------------------
----------------------
ਤੜਪ ਤੜਪ ਕੇ ਮਰ ਗਈ ਅੜਿਆ
ਮੇਲ਼ ਤੇਰੇ ਦੀ ਹਸਰਤ ਵੇ।
ਐਸੇ ਇਸ਼ਕ ਦੇ ਜ਼ੁਲਮੀ ਰਾਜੇ
ਬਿਰਹੋਂ ਬਾਣ ਚਲਾਏ ਵੇ।
----------------------
----------------------
ਇਕ ਚੂਲ਼ੀ ਵੀ ਪੀ ਨਾ ਸਕੀ
ਪਿਆਰ ਦੇ ਨਿਤਰੇ ਪਾਣੀ ਵੇ
ਵਿਹੰਦਿਆਂ ਸਾਰ ਪਏ ਵਿਚ ਪੂਰੇ
ਜਾਂ ਮੈਂ ਹੋਠ ਛੁਹਾਏ ਵੇ।[23]

ਸਮਾਜਿਕ ਸਮੂਹ ਅਤੇ ਮਾਨਵੀ ਭੀੜ ਵਿਚ ਇਕਲਤਾ ਦਾ ਅਹਿਸਾਸ ਸ਼ਿਵ ਦੀ ਇਸ ਰੁਮਾਂਟਿਕ ਦ੍ਰਿਸ਼ਟੀ ਦਾ ਦੂਜਾ ਮਹੱਤਵਪੂਰਣ ਕੇਂਦਰ-ਬਿੰਦੂ ਹੈ। ਅਜਿਹੇ ਅਹਿਸਾਸ ਵਿਚੋਂ ਉਪਜੀ ਰੁਮਾਂਟਿਕ ਕਵਿਤਾ ਬਾਰੇ ਯੱਕ ਲਾਕਾਂ ਦਾ ਕਥਨ ਹੈ ਕਿ ਇਹ ਆਪਣੀ ਗੁੰਮ ਚੁੱਕੀ ਪੂਰਨਤਾ ਦੇ ਅਹਿਸਾਸ ਵਿਚੋਂ ਲਿਖੀ ਜਾਂਦੀ ਹੈ ਅਤੇ ਬੇਗਾਨਗੀ ਦੀ ਇਹ ਭਾਵਨਾ ਪ੍ਰਕਿਰਤੀ ਨਾਲ਼ ਸੰਬੰਧਿਤ ਬਿੰਬਾਵਲੀ ਰਾਹੀਂ ਰੂਪਮਾਨ ਕੀਤੀ ਜਾਂਦੀ ਹੈ।[24] 'ਸੋਗ' ਕਵਿਤਾ ਵਿਚ ਸ਼ਿਵ ਲਿਖਦਾ ਹੈ:

ਰੋਜ਼ ਮੈਂ ਤਾਰਾ ਤਾਰਾ ਗਿਣਕੇ
ਰਾਤ ਬਿਤਾਉਂਦਾ ਹਾਂ
ਰੋਜ਼ ਮੈਂ ਤੇਰੇ ਸਿਰ ਤੋਂ ਸੂਰਜ
ਵਾਰ ਕੇ ਆਉਂਦਾ ਹਾਂ।
ਜਦ ਰੋਹੀਆਂ ਵਿਚ ਪੰਛੀ ਤੜਕੇ
ਵਾਕ ਕੋਈ ਲੈਂਦਾ ਹੈ।
ਮੈਂ ਆਪਣੇ ਸੰਗ ਸੁੱਤਾ ਆਪਣਾ
ਗੀਤ ਜਗਾਉਂਦਾ ਹਾਂ।[25]

ਇਕ ਹੋਰ ਥਾਂ ਇਕ ਗੀਤ ਵਿਚ ਸ਼ਿਵ ਦੇ ਬੋਲ ਹਨ :

ਜ਼ਿੰਦਗੀ ਦਾ ਥਲ ਤਪਦਾ
ਕੱਲੇ ਰੁੱਖ ਦੀ ਹੋਂਦ ਵਿਚ ਮੇਰੀ
ਦੁੱਖਾਂ ਵਾਲੀ ਗਹਿਰ ਚੜ੍ਹੀ
ਵਗੇ ਗਮਾਂ ਵਾਲੀ ਤੇਜ਼ ਹਨੇਰੀ
ਮੈਂ ਵੀ ਕੇਹਾ ਰੁੱਖ ਚੰਦਰਾ
ਜਿਹਨੂੰ ਖਾ ਗਈਆਂ ਉਹਦੀਆਂ ਛਾਵਾਂ

ਕਬਰਾਂ ਉਡੀਕਦੀਆਂ
ਜਿਉਂ ਪੁੱਤਰਾਂ ਨੂੰ ਮਾਵਾਂ।[26]

ਸ਼ਿਵ ਕੁਮਾਰ ਦੇ ਕਾਵਿਕ-ਪਾਠ ਦਾ ਸਮੁੱਚਾ ਪੈਰਾਡਾਈਮ ਅਸਫ਼ਲ ਮੁਹੱਬਤ, ਅਤ੍ਰਿਪਤ ਭਾਵਨਾਵਾਂ, ਬਿਰਹੋਂ ਦਾ ਸੰਤਾਪ ਤੇ ਮਹਿਬੂਬ ਦੀ ਦੀਰਘ-ਕਾਲੀ ਉਡੀਕ ਉਪਰ ਆਧਾਰਿਤ ਹੈ। ਅਜਿਹੀਆਂ ਕਾਵਿ-ਧੁਨੀਆਂ ਉਸ ਦੇ ਸਾਰੇ ਪਾਠ ਵਿਚੋਂ ਪ੍ਰਸਫੁਟਿਤ ਹੋ ਰਹੀਆਂ ਹਨ:

ਇਕ ਤੇਰੀ, ਦੂਜੇ ਤੇਰੀ ਸਾਰੀ ਧਰਤੀ ਦੀ ਪੀੜ
ਤੇਰੀ ਥੁੜ ਮੇਰੇ ਨਾਂ ਅੱਜ ਕਰ ਬੈ ਗਈ।
ਤੇਰੇ ਮੇਲ ਦੀ ਅਸਾਂ ਨੂੰ ਚੰਨਾ ' ਜਹੀ ਔੜ ਲੱਗੀ
ਮੇਰੇ ਸਾਹਾਂ ਦੀਆਂ ਗੁੰਜਰਾਂ 'ਚੋਂ ਦੁੱਧ ਸੁੱਕਿਆ।

--------------------

--------------------

ਰੱਬ ਇਕ ਵਾਰੀ ਮੇਰਾ ਤੇਰਾ ਮੇਲ਼ ਜੋ ਕਰਾਏ
ਸੌਂਹ ਤੇਰੀ ਸਾਰੇ ਥਲਾਂ ਦੀ ਭੜਾਸ ਸੀਕ ਲਾਂ।
ਮੇਰੇ ਸਾਹਵੇਂ ਖੜ੍ਹੀ ਮੌਤ ਨੂੰ ਮੈਂ ਗੋਲ਼ੀ ਮਾਰਦਾਂ
ਬੁਝੀ ਲੇਖਾਂ ਦੀ ਲਕੀਰ ਚੰਨਾ ਆਪ ਲੀਕ ਲਾਂ।[27]

ਸ਼ਿਵ ਲਈ ਜਿਸਮਾਨੀ ਵਸਲ ਇਸ਼ਕ ਦਾ ਅੰਤਿਮ ਪੜਾਅ ਨਹੀਂ ਹੈ:

ਸੁਣਿਆ ਹੈ ਮਧੂ-ਮੱਖੀਆਂ ਦੀ
ਇਕ ਹੁੰਦੀ ਹੈ ਰਾਣੀ
ਭਰਪੂਰ ਜਵਾਨੀ 'ਚ ਜਦੋਂ
ਲੱਭਦੀ ਹੈ ਹਾਣੀ
ਉਡ ਪੈਂਦੀ ਹੈ ਖੱਗੇ 'ਚੋਂ ਨਿਕਲ
ਵਲ ਅਗਾਸਾਂ
ਉਡਦੀ ਹੈ ਉਹਦੇ ਪਿੱਛੇ ਨੀ-
ਨਰ-ਮੱਖੀਆਂ ਦੀ ਢਾਣੀ।

ਜਿਹੜਾ ਵੀ ਵਣਜ ਕਰਦਾ ਹੈ
ਉਹਦੀ ਕੁੱਖ ਦਾ ਨੀ ਜਿੰਦੇ
ਮੁੱਕ ਜਾਂਦਾ ਹੈ ਉਹਦੇ ਨੈਣਾਂ 'ਚੋਂ
ਜ਼ਿੰਦਗਾਨੀ ਦਾ ਪਾਣੀ
ਕੁੱਖਾਂ ਦਾ ਵਣਜ ਕਰਨਾ
ਕੋਈ ਪਿਆਰ ਨਹੀਂ ਹੈ
ਇਸ ਤੋਂ ਬੜੀ ਲੰਮੀ ਹੈ
ਇਸ਼ਕੇ ਦੀ ਕਹਾਣੀ।[28]

ਇਸ਼ਕ ਦੀ ਦਾਸਤਾਂ ਬਿਆਨ ਕਰਦੇ ਹੋਏ ਸ਼ਿਵ ਦੇ ਧੁਰ ਅੰਦਰੋਂ ਬੁੱਲੇ ਸ਼ਾਹ ਬੋਲ ਉਠਦਾ ਹੈ:

ਲੋਕੀ ਪੂਜਨ ਰੱਬ
ਮੈਂ ਤੇਰਾ ਬਿਰਹੜਾ

ਸਾਨੂੰ ਸੌ ਮੱਕਿਆਂ ਦਾ ਹੱਜ
ਵੇ ਤੇਰਾ ਬਿਰਹੜਾ।
ਲੋਕ ਕਹਿਣ ਮੈਂ ਸੂਰਜ ਬਣਿਆ
ਲੋਕ ਕਹਿਣ ਮੈਂ ਰੌਸ਼ਨ ਹੋਇਆ
ਸਾਨੂੰ ਕੇਹੀ ਲਾ ਗਿਆ ਅੱਗ
ਵੇ ਤੇਰਾ ਬਿਰਹੜਾ।

------------------

------------------

ਅਸਾਂ ਜਾਂ ਇਸ਼ਕੇ ਰੁਤਬਾ ਪਾਇਆ
ਲੋਕ ਵਧਾਈਆਂ ਦੇਵਣ ਆਇਆ
ਸਾਡੇ ਰੋਇਆ ਗਲ਼ ਨੂੰ ਲੱਗ
ਵੇ ਤੇਰਾ ਬਿਰਹੜਾ।
ਮੈਨੂੰ ਤਾਂ ਕੁਝ ਅਕਲ ਨਾ ਕਾਈ
ਦੁਨੀਆਂ ਮੈਨੂੰ ਦੱਸਣ ਆਈ
ਸਾਨੂੰ ਤਖਤ ਬਿਠਾ ਗਿਆ ਅੱਜ
ਵੇ ਤੇਰਾ ਬਿਰਹੜਾ।[29]

ਸ਼ਿਵ ਦੀ ਪ੍ਰੌਢ ਰੁਮਾਂਟਿਕ ਦ੍ਰਿਸ਼ਟੀ ਕਾਰਨ ਹੀ ਉਸਦੇ ਕਥਨ ਵਿਚ ਸਰਲਤਾ ਅਤੇ ਸੁਭਾਵਿਕਤਾ ਵਿਦਮਾਨ ਹੈ।

2. ਪ੍ਰਗੀਤਾਤਮਿਕਤਾ ਅਤੇ ਸਰੋਦੀਪਣ

ਸੰਗੀਤਾਤਮਿਕਤਾ, ਲੈਆਤਮਿਕਤਾ, ਸਵਛੰਦਤਾ ਅਤੇ ਸਰੋਦੀਪਣ ਸ਼ਿਵ ਦੇ ਪ੍ਰਗੀਤ-ਕਾਵਿ ਦਾ ਆਕਰਸ਼ਕ ਅੰਗ ਹਨ। ਭਾਵਨਾਵਾਂ ਦੇ ਸੂਖਮ ਅਤੇ ਪ੍ਰਚੰਡ ਵਹਿਣ ਨੇ ਪ੍ਰਗੀਤਾਤਮਿਕਤਾ ਨੂੰ ਹੋਰ ਕਲਾਤਮਿਕ ਬਣਾ ਕੇ ਕਈ ਥਾਂ ਤਾਂ ਲੋਕਧਾਰਾ ਦੇ ਸਮਾਂਨਾਂਤਰ ਲਿਆ ਖੜ੍ਹਾ ਕੀਤਾ ਹੈ। ਪ੍ਰਗੀਤ-ਕਾਵਿ ਵਿਚ ਕਵੀ ਆਪਣੇ ਪਾਠ ਦੀਆਂ ਕਾਵਿ-ਜੁਗਤਾਂ 'ਤੇ ਵਧੇਰੇ ਧਿਆਨ ਕੇਂਦਰਿਤ ਕਰਦਾ ਹੈ। ਕਾਵਿ ਜੁਗਤਾਂ ਵਿਚ ਉਪਲਬਧ ਸਰੋਦੀਪਣ ਸਦਕਾ ਉਹ ਆਪਣੇ ਪਾਠਕਾਂ/ ਸਰੋਤਿਆਂ ਨੂੰ ਆਪਣੇ ਨਾਲ਼ ਇਕਸੁਰ ਕਰ ਲੈਂਦਾ ਹੈ। ਡਾ. ਤੇਜਵੰਤ ਸਿੰਘ ਗਿੱਲ ਦੇ ਸ਼ਬਦਾਂ ਵਿਚ 'ਸ਼ਿਵ ਕੁਮਾਰ ਦੀ ਰਚਨਾ ਵਿਚ ਵਕਤਾ ਤੇ ਸਰੋਤਾ ਕਵੀ ਦੇ ਪਰਛਾਵੇਂ ਬਣ ਜਾਂਦੇ ਹਨ ਅਤੇ ਇਉਂ ਭਾਸਦਾ ਹੈ, ਕਵੀ ਕਵਿਤਾ ਦਾ ਰਚਨਹਾਰ ਹੀ ਨਹੀਂ ਉਹ ਇਸ ਵਿਚਲਾ ਵਕਤਾ ਵੀ ਹੈ ਤੇ ਇਸਨੂੰ ਸੁਣਨ ਵਾਲਾ ਸਰੋਤਾ ਵੀ ਹੈ।[30] ਸ਼ਿਵ ਦੇ ਪ੍ਰਗੀਤ-ਕਾਵਿ ਦੀ ਸਰਬੋਤਮ ਮਿਸਾਲ ਕਾਵਿ-ਨਾਟ ਲੂਣਾ ਹੈ ਜੋ ਕਿ ਸਾਡੇ ਖੇਤਰ ਦੀ ਵਿਸ਼ੇਸ਼ ਸਾਂਸਕ੍ਰਿਤਕ ਚੇਤਨਾ ਵਿਚ ਵਿਆਪਕ ਸਦੀਵੀ ਪਰਵਿਰਤੀਆਂ ਨੂੰ ਪੇਸ਼ ਕਰਦੀ ਹੈ ਅਤੇ ਇਉਂ ਇਹ ਰਚਨਾ ਸੁਹਜਾਤਮਿਕ ਕਸੌਟੀ 'ਤੇ ਪੂਰੀ ਉਤਰਦੀ ਹੈ।

ਈਰਾ ਤੇ ਲੂਣਾ ਦੇ ਕਾਵਿਕ-ਵਾਰਤਾਲਾਪ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੀ ਪ੍ਰਗੀਤਾਤਮਿਕਤਾ ਦਾ ਇਕ ਸੁੰਦਰ ਨਮੂਨਾ:

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਮੇਰੇ ਫੁੱਲ ਕੁਮਲਾਇਆ
ਜਿਸਦਾ ਇੱਛਰਾਂ ਰੂਪ ਹੰਢਾਇਆ
ਮੈਂ ਪੂਰਨ ਦੀ ਮਾਂ

ਪੂਰਨ ਦੇ ਹਾਣ ਦੀ।
ਮੈਂ ਉਸਤੋਂ ਇਕ ਚੁੰਮਣ ਵੱਡੀ
ਪਰ ਮੈਂ ਕੌਕਣ ਮਾਂ ਉਹਦੀ ਲੱਗੀ
ਉਹ ਮੇਰੀ ਗਰਭ-ਜੂਨ ਨਾ ਆਇਆ
ਸਈਏ ਨੀ ਮੈਂ ਧੀ ਵਰਗੀ
ਸਲਵਾਨ ਦੀ।
ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚਿਤ੍ਰਹੀਣ ਕਹੇ ਕਿਉਂ
ਜੀਭ ਜਹਾਨ ਦੀ।[31]

ਸ਼ਿਵ ਦੀਆਂ ਗ਼ਜ਼ਲਾਂ ਅਤੇ ਗੀਤਾਂ ਵਿਚੋਂ ਮਿਲਦੇ ਸਰੋਦੀ ਅੰਸ਼ ਸਮੁੱਚੇ ਪੰਜਾਬੀ ਕਾਵਿ ਵਿਚ ਵਿਲੱਖਣ ਮਹੱਤਵ ਦੇ ਧਾਰਨੀ ਹਨ। 'ਲੱਛੀ ਕੁੜੀ' ਗੀਤ ਵਿਚ ਉਹ ਲਿਖਦਾ ਹੈ:

ਕਾਲੀ ਦਾਤਰੀ ਚੰਨਣ ਦਾ ਦਸਤਾ
ਤੇ ਲੱਛੀ ਕੁੜੀ ਵਾਢੀਆਂ ਕਰੇ
ਉਹਦੇ ਨੈਣਾਂ ਵਿਚ ਲੱਪ ਲੱਪ ਕਜ਼ਲਾ
ਤੇ ਕੰਨਾ ਵਿਚ ਕੋਕਲੇ ਹਰੇ ।[32]

ਇਕ ਹੋਰ ਪ੍ਰਸਿੱਧ ਗੀਤ ਵਿਚ ਸ਼ਿਵ ਦੇ ਬੋਲ ਸੁਹਜਾਤਮਿਕਤਾ ਉਤਪੰਨ ਕਰਨ ਦਾ ਸਰਬੋਤਮ ਖਜ਼ਾਨਾ ਹਨ:

ਝੁਰਮਟ ਬੋਲੇ ਝੁਰਮਟ ਬੋਲੇ
ਸਾਰਾ...... ਰਾਰਾ.... ਰਾ
ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ
ਹਾਏ ਓਏ ਰਾਤਾਂ ਕਾਲੀਆਂ।
ਚੁੰਨੀ ਲੈਣੀ, ਚੁੰਨੀ ਲੈਣੀ, ਚੀਨ-ਮੀਨ ਦੀ
ਜਿਹੜੀ ਸੌ ਦੀ ਸਵਾ ਗਜ਼ ਆਵੇ
ਹਾਏ ਓਏ ਰਾਤਾਂ ਕਾਲੀਆਂ।[33]

ਸ਼ਿਵ ਦਾ ਇਹ ਗੀਤ ਲੋਕ-ਧਾਰਾ ਦੇ ਅਤਿਅੰਤ ਸਮਾਨਾਂਤਰ ਖੜ੍ਹਾ ਹੈ:

ਮੈਨੂੰ ਹੀਰੇ ਹੀਰੇ ਆਖੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ।
ਮੈਨੂੰ ਵਾਂਗ ਸ਼ੁਦਾਈਆਂ ਝਾਕੇ
ਹਾਏ ਨੀ ਮੁੰਡਾ ਲੰਬੜਾਂ ਦਾ
ਨੀ ਮੁੰਡਾ ਲੰਬੜਾਂ ਦਾ।[34]

ਇਸੇ ਤਰ੍ਹਾਂ ਇਸ ਗ਼ਜ਼ਲ ਵਿਚ ਉਸਦੇ ਸ਼ੇਅਰਾਂ ਦੇ ਬੋਲ ਸਰੋਦੀ ਗੁਣ ਨਾਲ ਲਬਰੇਜ਼ ਹਨ:

ਜਾਚ ਮੈਨੂੰ ਆ ਗਈ ਗਮ ਖਾਣ ਦੀ
ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ।
ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ

ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ।

---------------------------

---------------------------

ਨਾ ਦਿਉ ਮੈਨੂੰ ਸਾਹ ਉਧਾਰੇ ਦੋਸਤੋ
ਲੈ ਕੇ ਮੁੜ ਹਿੰਮਤ ਨਹੀਂ ਪਰਤਾਣ ਦੀ।[35]

ਉਪਰਕੋਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਪ੍ਰਗੀਤਾਤਮਿਕਤਾ ਅਤੇ ਸਰੋਦੀਪਣ ਸਿਰਜਣ ਵਿਚ ਸ਼ਿਵ ਕੁਮਾਰ ਇਕ ਸਮਰਥ ਸ਼ਾਇਰ ਹੈ ਬਲਕਿ ਉਸਦੀ ਸ਼ਾਇਰੀ ਦੀ ਵਿਲੱਖਣਤਾ ਹੀ ਉਸਦੇ ਇਨ੍ਹਾਂ ਕਾਵਿਕ ਸਦਗੁਣਾਂ ਕਰਕੇ ਹੈ।

**3. ਸੁਹਜਾਤਮਿਕਤਾ**

ਪੰਜਾਬੀ ਕਾਵਿ-ਜਗਤ ਵਿਚ ਸੁਹਜਵਾਦੀ ਪ੍ਰਵਿਰਤੀ ਨਾਲ ਪਰਣਾਏ ਹੋਏ ਕਵੀਆਂ ਵਿਚ ਸ਼ਿਵ ਕੁਮਾਰ, ਡਾ. ਹਰਿਭਜਨ ਸਿੰਘ ਅਤੇ ਸੁਰਜੀਤ ਪਾਤਰ ਪ੍ਰਮੁੱਖ ਕਵੀ ਹਨ। ਸ਼ਿਵ ਦੇ ਕਾਵਿਕ -ਪਾਠ ਨੇ ਹੀ ਇਸ ਕਾਵਿ-ਧਾਰਾ ਦੇ ਆਂਗਣ ਨੂੰ ਮੋਕਲਾ ਕੀਤਾ ਹੈ। ਉਹ ਆਪਣੇ ਵਿਲੱਖਣ ਕਾਵਿਕ ਪੈਟਰਨ ਸਿਰਜ ਕੇ ਸੁਹਜਾਤਮਿਕਤਾ ਉਤਪੰਨ ਕਰਦਾ ਹੈ ਅਤੇ ਇਸੇ ਸਿਰਜਣਾ ਨਾਲ ਉਹ ਵੱਖਰੀ ਪਹਿਚਾਣ ਦਾ ਧਾਰਨੀ ਸਥਾਪਤ ਹੁੰਦਾ ਹੈ। ਸ਼ਿਵ ਦੀ ਕਵਿਤਾ ਵਿਚ ਉਚੇਚ ਅਤੇ ਆਡੰਬਰ ਦਾ ਅਭਾਵ ਹੈ ਅਤੇ ਇਸੇ ਕਾਰਨ ਸਹਿਜ ਸੁਭਾਵਿਕਤਾ ਤੇ ਸਰਲਤਾ ਵਿਚੋਂ ਉਹ ਸੁਹਜ ਉਤਪੰਨ ਕਰਦਾ ਹੈ। ਉਸ ਦੀ ਕਾਵਿਕ-ਸਿਰਜਣਾ ਦਾ ਉਦਭਵ ਇਨਾ ਸਹਿਜ ਹੈ ਜਿਵੇਂ ਪਤਝੜ ਉਪਰਾਂਤ ਦਰਖਤਾਂ ਨੂੰ ਨਵੀਆਂ ਕਰੂੰਬਲਾਂ ਨਿਕਲ ਆਉਂਦੀਆਂ ਹਨ। ਸ਼ਿਵ ਦੀ ਕਾਵਿਕ ਸੁਹਜਾਤਮਿਕਤਾ ਦੀ ਵਿਲੱਖਣਤਾ ਉਸਦੇ ਸੰਕਲਪ ਦੀ ਪੱਧਰ ਵਿਚ ਹੈ। ਉਹ ਪ੍ਰਕਿਰਤਕ ਸੁਹਜ ਦੀ ਬਜਾਇ ਕਲਾਤਮਿਕ ਸੁਹਜ ਦਾ ਨਿਰਮਾਣ ਕਰਦਾ ਹੈ ਅਤੇ ਅਜਿਹਾ ਕਰਦਿਆਂ ਹੋਇਆਂ ਉਹ ਸਾਂਸਕ੍ਰਿਤਕ ਜਗਤਾਂ ਦੇ ਪ੍ਰਗਟਾਅ ਦੀਆਂ ਬੁਲੰਦੀਆਂ ਛੋਂਹਦਾ ਹੈ। 'ਬਦ-ਅਸੀਸ' ਕਵਿਤਾ ਵਿਚ ਉਹ ਲਿਖਦਾ ਹੈ:

ਲੱਪ ਕੁ ਹੰਝੂ ਮੁੱਠ ਕੁ ਪੀੜਾਂ,
ਹੋਵੇ ਪਿਆਰ ਦੀ ਪੂੰਜੀ ਵੇ,
ਜਿਉਂ ਜਿਉਂ ਕਰਾਂ ਉਮਰ ਚੋਂ ਮਨਫ਼ੀ
ਤਿਉਂ ਤਿਉਂ ਵਧਦੀ ਜਾਏ ਵੇ।
ਜ਼ਿੰਦਗੀ ਦੀ ਰੋਹੀ ਵਿਚ ਨਿੱਤ ਇਉਂ
ਵਧਦੀਆਂ ਜਾਣ ਉਜਾੜਾਂ ਵੇ
ਜਿਉਂ ਭੱਖੜੇ ਦਾ ਇਕ ਫੁੱਲ ਪੱਕ ਕੇ
ਸੂਲਾਂ ਚਾਰ ਬਣਾਏ ਵੇ।
ਜਿਉਂਦੇ ਜੀ ਅਸੀਂ ਕਦੇ ਨਾ ਮਿਲੀਏ
ਬਾਅਦ ਮੋਇਆ ਪਰ ਸੱਜਣਾ ਵੇ
ਪਿਆਰ ਅਸਾਡੇ ਦੀ ਕੱਥ ਸੁੱਚੜੀ
ਆਲਮ ਕੁੱਲ ਸੁਣਾਏ ਵੇ।[36]

ਭੱਠੀ 'ਤੇ ਦਾਣੇ ਭੁੰਨਦੀ ਭਠਿਆਰਨ ਦਾ ਪ੍ਰਕਿਰਤਕ ਬਿੰਬ ਇਨਾ ਸੁਹਜਾਤਮਿਕ ਨਹੀਂ ਹੋ ਸਕਦਾ ਜਿੰਨਾ ਸ਼ਿਵ ਨੇ ਕਾਵਿਕ ਸੰਕਲਪ ਦੀ ਪੱਧਰ ਉਤੇ ਉਸਦਾ ਕਲਾਤਮਿਕ ਬਿੰਬ ਸਿਰਜਿਆ ਹੈ:

ਮੇਰੀ ਵਾਰੀ ਪੱਤਿਆਂ ਦੀ

ਪੰਡ ਸਿੱਲੀ ਹੋ ਗਈ
ਮਿੱਟੀ ਦੀ ਕੜਾਹੀ ਤੇਰੀ
ਕਾਹਨੂੰ ਪਿੱਲੀ ਹੋ ਗਈ
ਤੇਰੇ ਸੇਕ ਨੂੰ ਕੀਹ ਵੱਜਿਆ ਦੁਗਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।[37]

ਸ਼ਿਵ ਦੀ ਸੁਹਜ-ਸਿਰਜਣ ਦੀ ਵਿਧੀ ਵਿਚ ਬਿੰਬਾਂ ਤੇ ਆਲੰਕਾਰਾਂ ਦਾ ਸਦਉਪਯੋਗ ਵੀ ਸ਼ਾਮਲ ਹੈ। ਕਿੱਧਰੇ ਉਸਨੇ ਮਨੁੱਖ ਦੀ ਨਿਰਰਥਕ ਹਯਾਤੀ ਲਈ ਕੰਡਿਆਲੀ ਥੋਰ੍ਹ ਦਾ ਬਿੰਬ ਵਰਤਿਆ ਹੈ ਅਤੇ ਕਿਧਰੇ ਬੇਵਫ਼ਾ ਮਹਿਬੂਬ ਲਈ ਸ਼ਿਕਰਾ। ਕਿਧਰੇ ਉਹ ਸੂਰਜ ਦਾ ਮਰਸੀਆ ਪੜ੍ਹ ਰਿਹਾ ਹੈ ਅਤੇ ਕਿਧਰੇ ਉਸਦੀ ਅਗਨ-ਸਪਨੀ ਲੂਣਾ ਪੂਰਨ ਤੋਂ ਅੱਗ ਦੀ ਭੀਖ ਮੰਗਦੀ ਹੈ। ਕਿਧਰੇ ਉਹ ਵਿਧਵਾ ਰੁੱਤ ਦੇ ਦੁੱਖ ਵਿਚ ਸ਼ਰੀਕ ਹੋ ਕੇ ਆਪਣੇ ਨੈਣੀ ਉਜੜੇ ਖੂਹ ਦਾ ਪਾਣੀ ਵਹਾਉਂਦਾ ਹੈ ਅਤੇ ਕਿਧਰੇ ਮਾਨਸਰੋਵਰ ਦੇ ਸੁੱਚੇ ਮੋਤੀ ਦਾਨ ਕਰਕੇ ਬਿਰਹਾ ਹਾਸਲ ਕਰਦਾ ਹੈ।

ਗੱਲ ਕੀ, ਸੁਹਜ-ਸਿਰਜਣ ਪ੍ਰਕਿਰਿਆ ਵਿਚ ਸ਼ਿਵ ਕੁਮਾਰ ਸ਼ਬਦਾਂ/ਸੰਕਲਪਾਂ ਦੇ ਕੋਸ਼ਗਤ ਅਰਥਾਂ ਤੋਂ ਪਰ੍ਹਾਂ ਜਾ ਕੇ ਉਚੇਰੇ, ਟੇਢੇ ਅਤੇ ਵਿਅੰਗਾਤਮਿਕ ਅਰਥ ਨਿਰੂਪਣ ਕਰਦਾ ਹੈ। ਅਜਿਹਾ ਕਰਦਾ ਹੋਇਆ ਉਹ ਸ਼ਬਦਾਂ ਤੇ ਅਰਥਾਂ ਦੀ ਚਾਲ, ਰਵਾਨਗੀ ਤੇ ਮਧੁਰਤਾ ਵਲ ਵਿਸ਼ੇਸ਼ ਧਿਆਨ ਦਿੰਦਾ ਹੈ। ਉਸਦੇ ਸਾਰੇ ਗੀਤ ਤੇ ਗ਼ਜ਼ਲਾਂ ਇਸ ਤੱਥ ਦੀ ਗਵਾਹੀ ਭਰਦੀਆਂ ਹਨ।

ਸ਼ਿਵ ਦੀ ਸੁਹਜਾਤਮਿਕ ਸਿਰਜਣਾ ਦੇ ਕੁਝ ਸੁੰਦਰ ਨਮੂਨੇ:

ਜਦ ਸੂਰਜ ਮੇਰੀ ਮੋਈ ਧੁੱਪ ਲਈ
ਅੱਖੀਆਂ ਭਰਦਾ ਹੈ,
ਮੈਂ ਸੂਰਜ ਨੂੰ ਗਲ਼ ਵਿਚ ਲੈ ਕੇ
ਚੁੱਪ ਕਰਾਉਂਦਾ ਹਾਂ!
ਮੈਂ ਤੇ ਸੂਰਜ ਫੇਰ ਚੁੱਪ ਚੁਪੀਤੇ
ਤੁਰਦੇ ਜਾਂਦੇ ਹਾਂ
ਰੋਜ਼ ਮੈਂ ਉਹਨੂੰ ਪਿੰਡ ਦੀ ਜੂਹ ਤੱਕ
ਤੋਰ ਕੇ ਆਉਂਦਾ ਹਾਂ।[38]
------------------------
------------------------
ਅੱਧੀ ਅੱਧੀ ਰਾਤੀਂ ਚੁਣਾਂ-
ਤਾਰਿਆਂ ਦੇ ਕੋਰੜੂ ਨੀ
ਛੱਟ ਕੇ ਪਟਾਰੀ ਵਿਚ ਪਾਵਾਂ!
ਦੇਵੀਂ ਨੀ ਮਾਏ ਮੇਰੀ-
ਜਿੰਦੜੀ ਦਾ ਟੋਕਰੂ
ਚੰਨ ਦੀ ਮੈਂ ਮੰਜਰੀ ਲਿਆਵਾਂ!

ਚੰਨ ਦੀ ਮੰਜਰੀ ਨੂੰ-
ਘੋਲਾਂ ਵਿਚ ਪਾਣੀਆਂ ਦੇ,
ਮੱਥੇ ਦੀਆਂ ਕਾਲਖਾਂ ਨੁਹਾਵਾਂ!
ਕਾਲੀ ਕਾਲੀ ਬੱਦਲੀ ਦੇ-
ਕਾਲੇ ਕਾਲੇ ਕੇਸਾਂ ਵਿਚ
ਚੰਨ ਦਾ ਮੈਂ ਚੌਂਕ ਗੁੰਦਾਵਾਂ
ਗਗਨਾਂ ਦੀ ਸੂਹੀ ਬਿੰਬ-
ਅੱਧੋਰਾਣੀ ਚੁੰਨੜੀ ਤੇ
ਤਾਰਿਆਂ ਦਾ ਬਾਗ ਕਢਾਵਾਂ।[39]
-------------------------

-------------------------
ਇਹ ਸਰ ਕਿੰਨੇ ਕੁ ਡੂੰਘੇ ਨੇ
ਕਿਸੇ ਨੇ ਹਾਥ ਨਾ ਪਾਈ,
ਨਾ ਬਰਸਾਤਾਂ 'ਚ ਚੜ੍ਹਦੇ ਨੇ
ਤੇ ਨਾ ਔੜਾਂ 'ਚ ਸੁੱਕਦੇ ਨੇ।

ਮੇਰੇ ਹੱਡ ਹੀ ਅਵੱਲੇ ਨੇ
ਜੋ ਅੱਗ ਲਾਇਆਂ ਨਹੀਂ ਸੜਦੇ
ਨਾ ਸੜਦੇ ਹਉਕਿਆਂ ਦੇ ਨਾਲ਼
ਹਾਵਾਂ ਨਾਲ਼ ਧੁਖਦੇ ਨੇ।
ਇਹ ਫੱਟ ਹਨ ਇਸ਼ਕ ਦੇ,
ਇਹਨਾਂ ਦੀ ਯਾਰੋ ਕੀਹ ਦਵਾ ਹੋਵੇ
ਇਹ ਹੱਥ ਲਾਇਆ ਵੀ ਦੁਖਦੇ ਨੇ
ਮਲ੍ਹਮ ਲਾਇਆਂ ਵੀ ਦੁਖਦੇ ਨੇ।[40]

**4. ਭਾਸ਼ਾਈ ਸਿਸਟਮ ਦੀ ਵਿਲੱਖਣਤਾ**

ਸ਼ਿਵ ਕੁਮਾਰ ਦੇ ਕਾਵਿ-ਪ੍ਰਵਚਨ ਵਿਚ ਵਿਲੱਖਣ ਭਾਸ਼ਾਈ ਸਿਸਟਮ ਦੇ ਦੀਦਾਰ ਹੁੰਦੇ ਹਨ। ਦਰਅਸਲ, ਭਾਸ਼ਾਈ ਜੁਗਤਾਂ ਦਾ ਅਸਾਧਾਰਨ ਪ੍ਰਯੋਗ ਉਸਦਾ ਇਕ ਪ੍ਰਮੁੱਖ ਕਾਵਿਕ ਪੈਟਰਨ ਹੈ। ਉਹ ਆਪਣੇ ਕਾਵਿਕ-ਪਾਠ ਵਿਚ ਭਾਸ਼ਾ ਦੀ ਸ਼ਕਤੀ (power of language) ਅਤੇ ਦੇਹੀ-ਨਾਦ (Langugae of body) ਨੂੰ ਅਨੇਕਾਂ ਖੁਲ੍ਹਾਂ ਸਮੇਤ ਵਰਤਦਾ ਹੈ।

ਸ਼ਿਵ ਪਰੰਪਰਾਗਤ ਸ਼ਬਦਾਂ/ਸੰਕਲਪਾਂ ਨੂੰ ਰੂਪਾਂਤ੍ਰਿਤ ਕਰਕੇ ਅਸਾਧਾਰਨ ਅਰਥ ਸੰਚਾਰਿਤ ਕਰਦਾ ਹੈ। ਉਹ ਅਸਫ਼ਲ ਇਸ਼ਕ ਵਿਚ ਮਾਇਆ ਦੀ ਦੀਵਾਰ ਖੜ੍ਹੀ ਹੋ ਜਾਣ ਦਾ ਦ੍ਰਿਸ਼ ਇਸ ਤਰ੍ਹਾਂ ਚਿਤਰਦਾ ਹੈ :

ਇਹਦਾ ਉਕਾ ਦੁੱਖ ਨਹੀਂ
ਕਿ ਅੱਜ ਤੂੰ ਪਰਾਇਆ ਹੋਇਓਂ,
ਦੁੱਖ ਹੈ ਕਿ ਤੈਨੂੰ ਮੈਨੂੰ
ਕੌਡੀਆਂ ਨੇ ਪਿਆਰੀਆਂ।

ਦੁੱਖ ਹੈ ਸ਼ਿਕਾਰੀ ਕਿਸੇ
ਮਹਿਲਾਂ ਉਹਲੇ ਲੁਕ ਕੇ ਤੇ
ਚਾਂਦੀ ਦੀਆਂ ਗੋਲੀਆਂ
ਨਿਸ਼ਾਨੇ ਬੰਨ੍ਹ ਮਾਰੀਆਂ।[41]

ਇਥੇ ਸ਼ਿਕਾਰੀ ਵਲੋਂ ਚਾਂਦੀ ਦੀਆਂ ਗੋਲੀਆਂ ਮਾਰਨਾ ਅਤੇ ਉਹ ਵੀ ਮਹਿਲਾਂ ਉਹਲੇ ਲੁਕ ਕੇ, ਵਿਸ਼ੇਸ਼ ਅਰਥਾਂ ਦਾ ਸੰਚਾਰ ਕਰਦੇ ਹਨ। ਉਪਰੋਕਤ ਦ੍ਰਿਸ਼ ਨੂੰ 'ਕੰਡਿਆਲੀ ਥੋਰ੍ਹ' ਕਵਿਤਾ ਵਿਚ ਇਸ ਤਰ੍ਹਾਂ ਚਿਤਰਿਆ ਹੈ:

ਮੈਂ ਰਾਜੇ ਦੀ ਬਰਦੀ ਅੜਿਆ
ਤੂੰ ਰਾਜੇ ਦਾ ਜਾਇਆ,
ਤੂਹੀਉਂ ਦੱਸ ਵੇ ਮੋਹਰਾਂ ਸਾਹਵੇਂ
ਮੁੱਲ ਕੀਹ ਖੋਵਣ ਧੇਲੇ ?[42]

ਸ਼ਿਵ ਦਾ ਇਸ਼ਕ ਕੁਰਬਾਨੀ ਮੰਗਦਾ ਹੈ ਅਤੇ ਉਹ ਇਸ਼ਕ ਲਈ ਸਮੁੱਚੀ ਹਯਾੱਤੀ ਨੂੰ ਕੁਰਬਾਨ ਕਰਕੇ ਆਪਣਾ ਅਸਤਿਤਵ ਫਨਾਅ ਕਰਨ ਲਈ ਤਿਆਰ ਹੈ। 'ਬੋਲ ਵੇ ਮੁਖੋਂ ਬੋਲ' ਕਵਿਤਾ ਵਿਚ ਪੇਸ਼ ਭਾਸ਼ਾਈ ਵਿਲੱਖਣਤਾ ਦੀ ਇਕ ਵੰਨਗੀ:

ਜੇ ਸਾਡੇ ਸਾਹੀਂ ਚੇਤਰ ਘੋਲ਼ੇਂ
ਮੈਂ ਹਿਰਨੀ ਬਣ ਜਾਵਾਂ
ਰੂਪ ਤੇਰੇ ਦੇ ਸੰਘਣੇ ਬਾਗੀਂ
ਚੁਗਣ ਸੁਗੰਧੀਆਂ ਆਵਾਂ
ਤੂੰ ਮੈਨੂੰ ਮਾਰੇਂ ਬਾਣ ਬਿਰ੍ਹੋਂ ਦੇ
ਮੈਂ ਤੱਤੜੀ ਗਸ਼ ਖਾਵਾਂ
------------------
------------------

ਜੇ ਸਾਡੇ ਸਾਹੀਂ ਚੇਤਰ ਘੋਲ਼ੇਂ
ਮੈਂ ਚਾਨਣ ਬਣ ਜਾਵਾਂ
ਅੱਧੀ ਰਾਤੀਂ ਬਣ ਚੰਨਣ ਦੇ
ਤੈਂਡੀ ਖਾਤਿਰ ਗਾਹਵਾਂ
ਮਹਿਕ ਕੁਆਰੀ ਪੈਰੋਂ ਭਾਰੀ
ਤੈਂਡੀ ਸੇਜ਼ ਵਿਛਾਵਾਂ
------------------
------------------

ਜੇ ਸਾਡੇ ਸਾਹੀਂ ਚੇਤਰ ਘੋਲ਼ੇਂ
ਮੈਂ ਬੱਦਲੀ ਬਣ ਜਾਵਾਂ
ਜਿਹੜੇ ਰਾਹੀਂ ਸਾਹ ਤੇਰਾ ਲੰਘੇ
ਉਸ ਰਾਹ 'ਤੇ ਵਰ੍ਹ ਜਾਵਾਂ
ਵੇਦਨ ਦੇ ਖੂਹ ਉਮਰੋਂ ਗਹਿਰੇ
ਗਲ ਗਲ ਭਰਦੀ ਜਾਵਾਂ,
------------------

--------------------

ਜੇ ਸਾਡੇ ਸਾਹੀਂ ਚੇਤਰ ਘੋਲੇਂ
ਮੈਂ ਤਿਤਲੀ ਬਣ ਜਾਵਾਂ
ਬੂਰ ਬਿਹੋਂ ਦਾ ਅਕਲੋਂ ਮਹਿੰਗਾ
ਦਰ ਦਰ ਵੰਡਣ ਜਾਵਾਂ.....।[43]

ਇਸ ਕਵਿਤਾ ਵਿਚ 'ਹਿਰਨੀ' ,'ਚਾਨਣ', 'ਬੱਦਲੀ' ,'ਤਿਤਲੀ' ਆਦਿ ਬਿੰਬਾਂ ਰਾਹੀਂ ਜਿਹੜੇ ਦ੍ਰਿਸ਼ਟਾਂਤ ਸਿਰਜੇ ਗਏ ਹਨ ਉਹ ਸ਼ਿਵ ਦੀ ਭਾਸ਼ਾਈ ਜਾਦੂਗਰੀ ਦਾ ਕਮਾਲ ਹਨ।ਉਹ ਕੋਸ਼ਗਤ ਅਰਥਾਂ ਦਾ ਸਹਾਰਾ ਵੀ ਲੈਂਦਾ ਹੈ ਅਤੇ ਨਵੇਂ ਦਿਸਹੱਦੇ ਵੀ ਉਜਾਗਰ ਕਰਦਾ ਹੈ। ਮੱਧਕਾਲ ਦੀਆਂ ਕਾਵਿ-ਪਰੰਪਰਾਵਾਂ ਵਿਚ ਦੇਹੀ-ਨਾਦ ਉਪਰ ਅਧਿਆਤਮਵਾਦ ਦਾ ਗਹਿਰਾ ਪ੍ਰਛਾਵਾਂ ਨਜ਼ਰ ਆਉਂਦਾ ਹੈ ਪਰ ਸ਼ਿਵ ਦੇ ਕਾਵਿ-ਸੰਸਾਰ ਵਿਚ ਬਿਰਹਾ ਦਾ ਮਾਤਮ ਛਾਇਆ ਹੋਇਆ ਹੈ।ਉਹ ਲਿਖਦਾ ਹੈ:

ਅੱਜ ਫੇਰ ਕੋਈ ਲੈ ਗਿਆ
ਮੇਰਾ ਗਮ ਉਧਾਲ਼ ਕੇ
ਵਰ੍ਹਿਆਂ ਤੋਂ ਬਾਅਦ ਗੋਦ ਵਿਚ
ਦੋ ਪਲ ਬਿਠਾਲ਼ ਕੇ।
ਘਣੀਆਂ ਸਿਆਹ ਕਾਲ਼ੀਆਂ
ਸੰਦਲੀ ਲਿਟੂਰੀਆਂ
ਮਿਣਦਾ ਰਿਹਾ ਕੋਈ ਰਾਤ ਭਰ
ਬਾਂਹ ਤੇ ਸੁਆਲ਼ ਕੇ
ਕਰਦਾ ਰਿਹਾ ਉਹ ਕੀਰਨੇ
ਪਾ ਪਾ ਅਲਾਹਣੀਆਂ
ਹੰਝੂਆਂ 'ਚ ਸਾਡੀ ਪੀੜ ਦਾ
ਮੁਰਦਾ ਨੁਹਾਲ਼ ਕੇ ![44]

ਪਰ ਜਦੋਂ ਸ਼ਿਵ ਆਪਣੇ ਮਹਿਬੂਬ ਦੀ ਕਾਲਪਨਿਕ ਤਸਵੀਰ ਵਾਹੁੰਦਾ ਹੈ ਤਾਂ ਉਸਦਾ ਸੁਰ ਨਿਵੇਕਲਾ ਹੈ:

ਉਹਦੇ ਮੁੱਖ ਦੀ ਲਏ ਪਰਤੱਖਣਾ ਚੰਨ ਸਰਘੀ ਦਾ,
ਉਹਦੇ ਨੈਣਾਂ ਦੇ ਵਿਚ ਰਾਤੜੀਆ ਡੁੱਬ ਮਰੀਆਂ
ਉਹਦੇ ਵਾਲਾਂ ਦੇ ਵਿਚ ਖੇਡੇ ਮੋਹ ਦੀ ਮੱਸਿਆ
ਉਹਦੇ ਬੁਲ੍ਹੀਂ ਸੂਹੀਆਂ ਚੀਚ-ਵਹੁਟੀਆਂ ਖਰੀਆਂ।[45]

'ਲੂਣਾ' ਵਿਚ ਸਲਵਾਨ ਤੇ ਵਰਮਨ ਦੇ ਆਪਸੀ ਵਾਰਤਾਲਾਪ ਦੌਰਾਨ ਲੂਣਾ ਵਾਸਤੇ ਸਲਵਾਨ ਦੀ ਲਾਲਸਾ ਅਤੇ ਆਕਰਸ਼ਣ ਸਮੇਂ ਦੇਹੀ-ਨਾਦ ਇਉਂ ਗੂੰਜਦਾ ਹੈ:

ਹਾਂ ਮਿੱਤ੍ਰ! ਉਹ ਕਿਰਨ ਜਿਹੀ ਜੋ
ਸੁੱਤ- ਉਨੀਂਦੇ ਨੈਣਾਂ ਵਾਲੀ
ਕੰਹ ਕੰਹ ਲੰਮੇ ਵਾਲਾਂ ਵਾਲੀ
ਨੀਮ-ਉਦਾਸੇ ਅੰਗਾਂ ਵਾਲੀ
ਦੁੱਧੀਂ ਧੋਤੇ ਰੰਗਾਂ ਵਾਲੀ

ਲੰਮ ਸਲਮੀ ਚੰਦਨ-ਗੇਲੀ
ਭਾਰੇ ਜਿਹੇ ਨਿਤੰਭਾਂ ਵਾਲੀ
ਮੋਤੀ-ਵੰਨੇ ਦੰਦਾਂ ਵਾਲੀ
ਲੂਣਾ!
ਜਿਹੜੀ ਕੱਲ ਉਤਸਵ ਵਿਚ
ਚੁਣੀ ਸੀ ਯੁਵਤੀ ਸੰਗਾਂ ਵਾਲੀ
ਸੁਪਨ ਸਰਪਨੀ ਡੰਗਾਂ ਵਾਲੀ![46]

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਸ਼ਿਵ ਦੇ ਕਾਵਿ-ਜਗਤ ਵਿਚ ਭਾਸ਼ਾਈ ਸਿਸਟਮ ਦਾ ਵਿਲੱਖਣ ਰੂਪ ਉਪਲਬਧ ਹੈ। ਸ਼ਿਵ, ਸ਼ਬਦ-ਚਾਲ, ਅਰਥ-ਸੰਚਾਰ, ਮਿੱਥ-ਉਪਯੋਗ ਤਸ਼ਬੀਹਾਂ, ਅਲੰਕਾਰਾਂ, ਦ੍ਰਿਸ਼ਟਾਂਤਾਂ ਆਦਿ ਦੀ ਵਰਤੋਂ ਅਤਿਅੰਤ ਪ੍ਰੌਢਤਾ ਨਾਲ ਕਰਦਾ ਹੈ ਅਤੇ ਇਹੋ ਭਾਸ਼ਾਈ ਪ੍ਰੌਢਤਾ ਉਸਦੇ ਸਮੁੱਚੇ ਪੈਰਾਡਾਈਮ ਉਤੇ ਵਿਦਮਾਨ ਹੈ।

**5. ਸਭਿਆਚਾਰ ਅਤੇ ਪ੍ਰਕਿਰਤੀ ਆਧਾਰਿਤ ਬਿੰਬਾਵਲੀ**

ਇਹ ਇਕ ਸਰਬ ਪ੍ਰਵਾਨਤ ਤੱਥ ਹੈ ਕਿ ਭਾਸ਼ਾ ਅਤੇ ਸਮਾਜ ਇਕ ਦਵੰਦਾਤਮਿਕ ਰਿਸ਼ਤੇ ਵਿਚ ਬੱਝੇ ਹੋਏ ਹਨ। ਜਿਉਂ ਜਿਉਂ ਮਨੁੱਖੀ ਅਨੁਭਵ ਹੋਰ ਵਧੇਰੇ ਸੂਖਮਭਾਵੀ ਅਤੇ ਵਿਸ਼ਾਲ ਹੁੰਦਾ ਜਾਂਦਾ ਹੈ, ਤਿਉਂ ਤਿਉਂ ਉਸ ਦੀ ਅਭਿਵਿਅਕਤੀ ਲਈ ਭਾਸ਼ਾ ਵਿਚ ਗਗਨਮੁਖੀ ਅਤੇ ਦੁਮੇਲਮੁਖੀ ਸੰਭਾਵਨਾਵਾਂ ਉਤਪੰਨ ਹੁੰਦੀਆਂ ਰਹਿੰਦੀਆਂ ਹਨ। ਅਜਿਹੀ ਪ੍ਰਕਿਰਿਆ ਦੌਰਾਨ ਮਾਨਵ-ਸਮੂਹ ਕਈ ਵਾਰ ਨਵੇਂ ਸ੍ਰੋਤਾਂ ਦੀ ਭਾਲ ਕਰਦਾ ਹੈ ਅਤੇ ਕਈ ਵਾਰ ਉਸਦਾ ਰੁੱਖ ਆਪਣੇ ਸਾਂਸਕ੍ਰਿਤਕ ਖਜ਼ਾਨੇ ਦੀ ਨਵੇਂ ਸਿਰਿਉਂ ਤਲਾਸ਼ ਕਰਨ ਵਲ ਹੁੰਦਾ ਹੈ। ਪ੍ਰੌਢ ਲੇਖਕ ਅਤੇ ਸਮਰੱਥ ਸ਼ਾਇਰ ਆਪਣੇ ਤੌਰ 'ਤੇ ਵੀ ਸਮਾਜ ਨੂੰ ਮਹੱਤਵਪੂਰਨ ਯੋਗਦਾਨ ਦੇਣ ਲਈ ਅਕਸਰ ਸਾਂਸਕ੍ਰਿਤਕ ਪਰੰਪਰਾਵਾਂ, ਲੋਕ-ਸਾਹਿਤ, ਸਭਿਆਚਾਰਕ-ਜੁਗਤਾਂ ਅਤੇ ਹੋਰ ਮਾਨਵੀ ਸਿਰਜਣਾਵਾਂ ਨੂੰ ਨਵੇਂ ਸੰਦਰਭ ਪ੍ਰਦਾਨ ਕਰਨ ਲਈ ਪ੍ਰਯਤਨਸ਼ੀਲ ਹੋ ਤੁਰਦੇ ਹਨ।

ਸ਼ਿਵ ਕੁਮਾਰ ਅਜਿਹਾ ਹੀ ਕਵੀ ਹੈ ਜਿਸਨੇ ਆਪਣੀ ਕਾਵਿ-ਬਿੰਬਾਵਲੀ ਦਾ ਆਧਾਰ ਆਪਣੇ ਭੂ-ਖੰਡ ਦੇ ਸਭਿਆਚਾਰਕ ਧਰਾਤਲ ਨੂੰ ਵੀ ਬਣਾਇਆ ਹੈ ਅਤੇ ਮਨੁੱਖ ਤੇ ਪ੍ਰਕਿਰਤੀ ਦੇ ਰਿਸ਼ਤੇ ਨੂੰ ਵੀ। 'ਉਧਾਲਾ' ਕਵਿਤਾ ਵਿਚ ਉਹ ਲਿਖਦਾ ਹੈ:

ਕੋਠੇ ਚੜ੍ਹ ਕੇ ਕੱਤਣ ਲੱਗੀ
ਆ ਪੂਣੀ ਨੂੰ ਅੱਗ ਪਈ
ਪਹਿਲਾਂ ਘਰ 'ਚੋਂ ਧੂਆਂ ਉੱਠਿਆ
ਫਿਰ ਗਲੀਆਂ ਨੂੰ ਲੱਗ ਗਈ।
-------------------------
-------------------------
ਜੇਠ ਮਰਾਸਣ ਪੀਹਵੇ ਵਟਣਾ
ਅੱਖ ਨੈਣ ਦੀ ਫੱਬ ਗਈ
ਅੱਧੀ ਰਾਤੀਂ ਪਹੀਏ ਚੀਕੇ
ਕਿਹੜੇ ਪੈਹੇ ਗੱਡ ਗਈ
ਬੁੱਢੇ ਝਾਟੇ ਕਰਨ ਸਲਾਹਾਂ
ਸਾਰੇ ਪਿੰਡ ਦੀ ਲੱਜ ਗਈ।[47]

ਇਕ ਹੋਰ ਗੀਤ ਵਿਚ ਉਸਦੇ ਬੋਲ ਹਨ:

ਹਿਜਰਾਂ 'ਚ ਸੜਦੇ ਨੇ
ਸੁੱਖੇ ਰੋਟ ਤੇ ਸੁੱਖੀਆਂ ਚੂਰੀਆਂ
ਉਮਰਾਂ ਤਾਂ ਮੁੱਕ ਚੱਲੀਆਂ
ਪਰ ਮੁੱਕੀਆਂ ਨਾ ਤੇਰੀਆਂ ਵੇ ਦੂਰੀਆਂ
ਰੱਜ ਰੱਜ ਝੂਠ ਬੋਲਿਆ
ਮੇਰੇ ਨਾਲ ਚੰਦਰਿਆ ਕਾਵਾਂ
ਕਬਰਾਂ ਉਡੀਕਦੀਆਂ
ਜਿਉਂ ਪੁੱਤਰਾਂ ਨੂੰ ਮਾਵਾਂ।[48]

ਸਥਾਪਤ ਮਾਨਤਾਵਾਂ 'ਰੋਟ' ਤੇ 'ਚੂਰੀਆਂ' ਸੁੱਖਣ ਦੀ ਸੁੱਖ ਨੂੰ ਗਰੰਟੀ ਵਜੋਂ ਲੈਂਦੀਆਂ ਹਨ ਪਰ ਸ਼ਿਵ ਦੇ ਕਾਵਿ-ਅਨੁਭਵ ਵਿਚਲਾ ਹਿਜਰ, ਬਿਰਹਾ ਅਤੇ ਮਹਿਬੂਬ ਦੇ ਵਸਲ ਦੀ ਤਾਂਘ ਵਿਚ ਇੰਨੀ ਸ਼ਿੱਦਤ ਹੈ ਕਿ ਬਨੇਰੇ ਉਤੇ ਬੈਠ ਕੇ ਬੋਲਦਾ ਕਾਂ ਵੀ ਝੂਠਾ ਸੁਨੇਹਾ ਹੀ ਦਿੰਦਾ ਹੈ। ਇਉਂ ਸ਼ਿਵ-ਕਾਵਿ ਵਿਚ ਸਮਾਜਿਕ ਮਾਨਤਾਵਾਂ ਦੇ ਅਰਥ-ਪਰਿਵਰਤਨ ਦੀ ਦਿਸ਼ਾ ਨਿਰਮਿਤ ਹੁੰਦੀ ਹੈ।

ਇਸੇ ਤਰ੍ਹਾਂ ਸ਼ਿਵ ਪ੍ਰਕਿਰਤੀ ਨਾਲ ਸੰਬੰਧਿਤ ਬਿੰਬਾਵਲੀ ਨੂੰ ਵੀ ਨਵੀਨ ਸੰਦਰਭ ਪ੍ਰਦਾਨ ਕਰਦਾ ਹੈ। ਉਸ ਅਨੁਸਾਰ ਪ੍ਰਕਿਰਤਕ ਜੁਜ਼ ਆਪਣਾ ਪਰੰਪਰਾਗਤ ਕਾਰਜ ਕਰਦੇ ਹੋਏ ਨਵੇਂ ਮਾਨਦੰਡ ਵੀ ਸਿਰਜਦੇ ਹਨ। ਉਹ ਲਿਖਦਾ ਹੈ:

ਹੁਣ ਜਦ ਰਾਤ-ਬਰਾਤੇ ਤਾਰੇ
ਦਰਿਆ 'ਤੇ ਮੂੰਹ ਧੋਵਣ ਆਉਂਦੇ
ਉਹ ਉਹਦੀ ਚੁੱਪ ਕੋਲੋਂ ਡਰਦੇ
ਪਾਣੀ ਦੇ ਵਿਚ ਪੈਰ ਨਾ ਪਾਉਂਦੇ
ਤੇ ਕੰਢੇ 'ਤੇ ਹੀ ਬਹਿ ਰਹਿੰਦੇ
ਤੇ ਉਹ ਤੱਕਦੇ ਕਿ ਮੱਛੀਆਂ ਦੇ
ਨਕਸ਼ ਉਹਦੇ ਤੋਂ ਸਹਿਮ ਨੇ ਖਾਂਦੇ
ਤੇ ਦਰਿਆ ਦੇ ਉਜੜੇ ਨੈਣਾਂ
ਦੇ ਵਿਚ ਅੱਗ ਦੇ ਹੰਝੂ ਆਉਂਦੇ।[49]

ਰੁੱਤਾਂ ਦੀ ਸਿਰਜਣਾ ਨੂੰ ਸ਼ਿਵ ਕੁਮਾਰ ਨੇ ਇਕ ਪੌਰਾਣਿਕ ਮਿੱਥ ਨਾਲ ਜੋੜ ਕੇ 'ਲੂਣਾ' ਵਿਚ ਰੂਪਾਂਤਰਣ ਕੀਤਾ ਹੈ। ਲੂਣਾ, ਪੂਰਨ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਨ ਲਈ ਇਸ ਮਿੱਥ ਦੀ ਵਰਤੋਂ ਕਰਦੀ ਹੈ ਅਤੇ ਸ਼ਿਵ ਦੇ ਪ੍ਰਕਿਰਤਕ-ਬਿਆਨ ਦਾ ਇਹ ਟੁਕੜਾ ਇਕ ਸਰਬੋਤਮ ਨਮੂਨਾ ਹੋ ਨਿਬੜਦਾ ਹੈ:

ਪੂਰਨ!
ਇੰਦਰ ਦੇਵ ਜਦੋਂ ਰੁੱਤਾਂ ਸੀ ਘੜਦਾ
ਉਹਨਾਂ ਦਿਨਾਂ ਵਿਚ
ਐਂਦਰ ਨਾਂ ਦੀ ਇਕ ਪਰੀ ਨੂੰ
ਕਹਿੰਦੇ,ਬੜਾ ਹੀ ਪਿਆਰ ਸੀ ਕਰਦਾ।

ਹਰ ਮੌਸਮ ਦਾ ਰੰਗ
ਉਹਦੇ ਰੰਗਾਂ 'ਚੋਂ ਲੈਂਦਾ

ਰੁੱਤਾਂ ਦਾ ਆਧਾਰ
ਉਹਦੀ ਮੁੱਦ੍ਰਾ ਤੇ ਕਰਦਾ
ਕਹਿੰਦੇ
ਜਦ ਉਹ ਹੱਸੀ
ਰੁੱਤ ਬਹਾਰ ਬਣੀ
ਕਾਮੀ ਨਜ਼ਰੇ ਤੱਕੀ
ਤਾਂ ਔਗਿਆਰ ਬਣੀ
ਵਿਚ ਉਦਾਸੀ ਮੱਤੀ
ਤਾਂ ਪੱਤ-ਹਾਰ ਬਣੀ
ਸੇਜਾ ਮਾਣ ਕੇ ਥੱਕੀ
ਠੰਡੀ-ਠਾਰ ਬਣੀ
ਝਾਂਜਰ ਪਾ ਕੇ ਨੱਚੀ
ਤਾਂ ਸ਼ਿੰਗਾਰ ਬਣੀ
ਪੰਜ ਰੁੱਤਾਂ ਦੀ ਐਂਦਰ
ਇਉਂ ਆਨਾਰ ਬਣੀ
ਪਰ ਛੇਵੀਂ ਇਹ ਰੁੱਤ
ਜਿਹੜੀ ਮਲਹਾਰ ਬਣੀ
ਜੋ ਅੱਜ ਸਾਡੇ ਸਾਹਵੇਂ
ਬਿਰਹਣ ਵਾਂਗ ਖੜ੍ਹੀ
ਦੁਖਦਾਇਕ ਹੈ ਪੂਰਨ
ਇਸਦੀ ਜਨਮ-ਘੜੀ
ਐਂਦਰ ਹੋਰ ਕਿਸੇ ਦਿਉਤੇ ਸੰਗ
ਗਈ ਵਰੀ
ਬ੍ਰਿਹੋਂ ਜਲੰਦੀ ਐਂਦਰ
ਕਹਿੰਦੇ ਰੋਈ ਬੜੀ
ਕਹਿੰਦੇ ਉਸ ਦਿਨ ਇੰਦਰ ਨੇ
ਇਹ ਰੁੱਤ ਘੜੀ।
----------------
------------------
ਕਹਿੰਦੇ!
ਜਦ ਵੀ ਇੰਦਰ ਦਾ ਦਿਲ
ਜਲਦਾ ਹੈ
ਐਂਦਰ ਨੂੰ ਉਹ ਯਾਦ
ਜਦੋਂ ਵੀ ਕਰਦਾ ਹੈ
ਉਸੇ ਦਿਨ ਅੰਬਰ ਤੋਂ
ਪਾਣੀ ਵਰ੍ਹਦਾ ਹੈ![50],

ਸ਼ਿਵ ਦੀਆਂ ਅਨੇਕਾਂ ਕਵਿਤਾਵਾਂ ਵਿਚ ਉਪਲਬਧ ਬਿੰਬਾਵਲੀ ਦੀ ਆਧਾਰਸ਼ਿਲਾ ਇਹੋ ਵਿਸ਼ਾਲ ਕੈਨਵਸ ਹੈ। 'ਹੀਜੜਾ' ਕਵਿਤਾ ਵਿਚ ਉਹ ਪ੍ਰਕਿਰਤੀ ਦੁਆਰਾ ਵਿਕੋਲਿਤਰੀ ਮਾਨਵ-ਸਿਰਜਣਾ ਦਾ ਜ਼ਿਕਰ ਕਰਦਾ ਹੈ। 'ਜੋਗ' ਵਿਚ ਉਹ 'ਤਾਰਾ', 'ਸੂਰਜ' ਤੇ 'ਮੈਂ' ਰਾਹੀਂ ਮਨੁੱਖੀ ਹਯੋਂਤੀ ਦੀਆਂ ਪਰਤਾਂ ਖੋਹਲਣ ਦੀ ਕੋਸ਼ਿਸ਼ ਕਰਦਾ ਹੈ। 'ਦਾਨ' ਕਵਿਤਾ ਵਿਚ ਅੱਧੀ ਰਾਤ ਦੇ ਪਾਪੀ ਪਹਿਰ ਵਿਚ ਉਸਦੇ ਗੀਤਾਂ ਦੇ ਸ਼ਬਦ ਗੁੰਮ ਜਾਂਦੇ ਹਨ। ਉਸਦੀ ਲੰਮੀ ਕਵਿਤਾ 'ਮੈਂ ਤੇ ਮੈਂ' ਤਾਂ ਹੈ ਹੀ ਪ੍ਰਕਿਰਤੀ ਆਧਾਰਿਤ ਬਿੰਬਾਵਲੀ ਦੀ ਸਿਰਜਣਾ।

ਸੋ, ਸਪਸ਼ਟ ਹੈ ਕਿ ਸ਼ਿਵ ਨੇ ਜਿਹੜਾ ਭਾਸ਼ਾਗਤ ਅਬੂਰ ਹਾਸਲ ਕੀਤਾ ਹੈ, ਉਹਦੇ ਪਿਛੋਕੜ ਵਿਚ ਅਜਿਹੀ ਪ੍ਰੌਢ ਚੇਤਨਾ ਕਾਰਜਸ਼ੀਲ ਹੈ ਜਿਹੜੀ ਸਮਾਜਿਕ/ ਸਭਿਆਚਾਰਕ ਜੁਗਤਾਂ/ ਮਾਨਦੰਡਾਂ ਨੂੰ ਵੀ ਵਿਕਾਸਮੁਖੀ ਰੁਖ ਪ੍ਰਦਾਨ ਕਰਦੀ ਹੈ ਅਤੇ ਪ੍ਰਕਿਰਤੀ ਦੇ ਵਿਸ਼ਾਲ ਆਡੰਬਰ ਨਾਲ਼ ਵੀ ਹਾਂ- ਮੁਖੀ ਸੰਤੁਲਨ ਸਥਾਪਤ ਕਰਦੀ ਹੈ। ਇਸ ਪ੍ਰਕਿਰਿਆ ਦੌਰਾਨ ਕਵੀ ਕੇਵਲ ਪ੍ਰਾਪਤੀ ਵਲ ਹੀ ਅਗਰਸਰ ਨਹੀਂ ਹੈ ਬਲਕਿ ਮੋੜਵੇਂ ਰੂਪ ਵਿਚ ਉਹ ਪ੍ਰਕਿਰਤੀ ਨੂੰ ਵੀ ਆਪਣਾ ਦੇਣਦਾਰ ਬਣਾਉਂਦਾ ਹੈ। ਇਉਂ ਮਨੁੱਖ, ਸਮਾਜ ਅਤੇ ਪ੍ਰਕਿਰਤੀ ਦਾ ਬਹੁ-ਦਿਸ਼ਾਵੀ ਅਤੇ ਬਹੁ-ਪਰਤੀ ਤਵਾਜ਼ਨ ਵੀ ਕਾਇਮ ਰਹਿੰਦਾ ਹੈ ਅਤੇ ਇਸ ਤਵਾਜ਼ਨ ਵਿਚੋਂ ਭਾਸ਼ਾਈ ਵਿਕਾਸ ਦੀਆਂ ਸੰਭਾਵਨਾਵਾਂ ਵੀ ਉਜਾਗਰ ਹੁੰਦੀਆਂ ਹਨ।

**ੲ) ਕਾਵਿ-ਪ੍ਰਵਚਨ**

ਸ਼ਿਵ ਕੁਮਾਰ ਦੇ ਕਾਵਿਕ-ਪੈਟਰਨ ਉਤੇ ਕੀਤੀ ਚਰਚਾ ਅਧੂਰੀ ਹੋਵੇਗੀ ਜੇਕਰ ਉਸਦੇ ਕਾਵਿ-ਪ੍ਰਵਚਨ ਵਿਚ ਵਿਦਮਾਨ ਵਿਭਿੰਨ ਸੁਰਾਂ ਤੇ ਸਥਿਤੀਆਂ ਦਾ ਅਧਿਐਨ ਨਾ ਕੀਤਾ ਜਾਵੇ। ਉਸਦੇ ਕਾਵਿ-ਪ੍ਰਵਚਨ ਵਿਚ ਕਿਧਰੇ ਦਾਰਸ਼ਨਿਕ ਵਿਚਾਰਾਂ ਦਾ ਪ੍ਰਵਾਹ ਚੱਲ ਰਿਹਾ ਹੈ ਅਤੇ ਕਿਧਰੇ ਉਹ ਆਪਣੇ ਅੰਤਰ ਦੀ ਪੀੜਾ ਵਿਚ ਗੁੰਮ ਜਾਂਦਾ ਹੈ। ਇਸੇ ਤਰ੍ਹਾਂ ਉਸਦੇ ਪਾਠ ਵਿਚ ਸਮਾਜਕ ਮਾਨਤਾਵਾਂ/ਮਰਯਾਦਾਵਾਂ/ ਨੈਤਿਕ ਕੀਮਤਾਂ ਦਾ ਖੰਡਨ ਵੀ ਕੀਤਾ ਗਿਆ ਹੈ ਅਤੇ ਸਮਾਜਿਕ ਟਕਰਾਓ, ਮਾਨਸਿਕ ਸਵੈ-ਵਿਰੋਧ ਅਤੇ ਦੁਫੇੜਤਾ ਦੀ ਸਥਿਤੀ ਦਾ ਵਰਣਨ ਵੀ ਮਿਲਦਾ ਹੈ। ਹਥਲੇ ਸੰਦਰਭ ਵਿਚ ਇਨ੍ਹਾਂ ਪਹਿਲੂਆਂ ਦਾ ਸੰਖੇਪ ਅਧਿਐਨ ਕੁਥਾਂ ਨਹੀਂ ਹੋਵੇਗਾ।

**1. ਦਾਰਸ਼ਨਿਕ ਸੁਰ**

ਮਨੁੱਖ ਹਮੇਸ਼ਾਂ ਹੀ ਇਕ ਪਾਸੇ ਤਾਂ ਸਮਾਜਿਕ ਸਮੂਹ ਅਤੇ ਦੂਜੇ ਪਾਸੇ ਪ੍ਰਕਿਰਤੀ ਦੇ ਵਿਸ਼ਾਲ ਆਡੰਬਰ ਨਾਲ਼ ਇਕੋ ਸਮੇਂ ਸੁਮੇਲ ਅਤੇ ਟਕਰਾਓ ਦੀ ਸਥਿਤੀ ਵਿਚ ਵਿਚਰਦਾ ਹੈ। ਇਸ ਸਥਿਤੀ ਵਿਚੋਂ ਹੀ ਉਸਨੇ ਸਾਂਸਕ੍ਰਿਤਕ ਚੇਤਨਾ ਦਾ ਵਿਕਾਸ ਕੀਤਾ ਹੈ ਅਤੇ ਆਪਣੇ ਆਪ ਨੂੰ ਪਾਸ਼ਵਿਕ-ਜਗਤ ਨਾਲੋਂ ਨਿਖੇੜ ਕੇ ਆਪਣੀ ਹਸਤੀ ਨੂੰ ਸਰਬ-ਸ੍ਰੇਸ਼ਟ ਪ੍ਰਕਿਰਤਕ-ਸਿਰਜਣਾ ਸਥਾਪਤ ਕੀਤਾ ਹੈ। ਇਸ ਸਥਾਪਨਾ ਦੇ ਬਾਵਜੂਦ ਵੀ ਉਹ ਨਵੇਂ ਸਿਰਿਉਂ ਮਨੁੱਖ ਤੇ ਪ੍ਰਕਿਰਤੀ ਦੇ ਰਿਸ਼ਤੇ ਨੂੰ ਸਿਰਜਣ ਦੇ ਆਹਰ ਵਿਚ ਰਹਿੰਦਾ ਹੈ ਅਤੇ ਬ੍ਰਹਿਮੰਡ ਦੇ ਵਿਸ਼ਾਲ ਪਾਸਾਰਾਂ ਵਿਚ ਆਪਣੇ ਅਸਤਿਤਵ ਦੀ ਸਾਰਥਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ।

ਦੂਜੇ ਪਾਸੇ, ਮਨੁੱਖੀ ਸਮੂਹ ਵਿਚ ਵਿਚਰਦਿਆਂ ਹੋਇਆਂ ਉਹ ਹਮੇਸ਼ਾਂ ਹੀ 'ਸਵੈ' ਅਤੇ 'ਪਰ' ਦੇ ਵਿਰੋਧ ਵਿਚ ਵੀ ਰਹਿੰਦਾ ਹੈ। ਉਹ ਸਮਾਜ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਦਾ ਹੋਇਆ ਮਾਨਵੀ-ਭੀੜ ਵਿਚ ਵੀ ਇੱਕਲਤਾ ਅਤੇ ਇਕ੍ਹਲਾਪੇ ਦਾ ਅਹਿਸਾਸ ਹੰਢਾਉਂਦਾ ਹੈ।

ਸ਼ਿਵ ਕੁਮਾਰ ਇਕ ਸੁਚੇਤ ਸ਼ਾਇਰ ਹੈ। ਉਹ ਆਪਣੇ ਕਾਵਿ-ਪ੍ਰਵਚਨ ਰਾਹੀਂ ਥਾਂ ਥਾਂ

ਅਜਿਹੇ ਪ੍ਰਸ਼ਨ ਉਠਾਉਂਦਾ ਹੈ ਜਿਹੜੇ ਸਾਨੂੰ ਆਪਣੀ ਹਯਾਤੀ ਪ੍ਰਤੀ ਪੁਨਰ-ਚਿੰਤਨ ਲਈ ਮਜਬੂਰ ਕਰਦੇ ਹਨ। 'ਮਨ-ਮੰਦਰ' ਕਵਿਤਾ ਵਿਚ ਸ਼ਿਵ, ਮਾਨਵੀ ਸਭਿਅਤਾ ਦੇ ਨੈਤਿਕ ਪਤਨ ਵਲ ਇਸ਼ਾਰਾ ਕਰਦਾ ਹੋਇਆ ਲਿਖਦਾ ਹੈ:

ਅੱਜ ਧਰਤੀ ਮੇਰੀ ਨੱਚ ਰਹੀ ਹੈ ਤਾਂਡਵ
ਅੱਜ ਭਾਰ ਜਿਹਾ ਦਿਸਦੀ ਹੈ ਪਾਕ ਹਯਾਤੀ।
-----------------------------------
ਅੱਜ ਰੋਟੀ ਹੈ ਬਸ ਜਗ ਦਾ ਇਸ਼ਕ ਮੁਨਾਰਾ
ਅੱਜ ਮਾਨੁਖਤਾ ਤੋਂ ਮਹਿੰਗੀ ਮਿਲੇ ਚਪਾਤੀ।
-----------------------------------
-----------------------------------
ਮੇਰੇ ਰੱਥ ਤਾਂ ਉਡ ਸਕਦੇ ਸਨ ਤਾਰਾ-ਗਣ ਵਿਚ
ਪਰ ਕੀਹ ਕਰਨੇ ਸਨ ਅੜੀਏ ਮੈਂ ਇਹ ਤਾਰੇ ?
ਕਦੇ ਪੂਰਬ ਨਹੀਂ ਹੋ ਸਕਦੇ ਅੜੀਏ ਪੱਛਮ
ਨਹੀਂ ਹੋ ਸਕਦੇ ਨੀ ਰੰਗ-ਪੁਰ ਕਦੀ ਹਜ਼ਾਰੇ।
-----------------------------------
-----------------------------------
ਜੀਣ ਜੀਣ ਕੋਈ ਆਖ਼ਰ ਕਦ ਤਕ ਲੋੜੇ
ਮੌਤ ਮੌਤ ਵਿਚ ਵਟ ਜਾਵਣ ਜਦ ਚਾਹਾਂ।
-----------------------------------
-----------------------------------
ਸਾਥ ਵੀ ਦੇਂਦਾ ਕਦ ਤਕ ਮੇਰਾ ਸਾਥੀ
ਅੱਤ ਲੰਮੀਆਂ ਹਨ ਇਸ ਜ਼ਿੰਦਗੀ ਦੀਆਂ ਰਾਹਾਂ।[51]

ਅਜਿਹੀਆਂ ਮਾਨਵੀ ਕੀਮਤਾਂ ਤੋਂ ਉਪਰਾਮ ਹੋ ਕੇ ਉਹ 'ਪੰਛੀ ਹੋ ਜਾਵਾਂ' ਕਵਿਤਾ ਵਿਚ ਨਵੇਂ ਦਿਸ-ਹੱਦਿਆਂ ਦੀ ਤਲਾਸ਼ ਕਰਦਾ ਹੈ:

ਜੀ ਚਾਹੇ ਪੰਛੀ ਹੋ ਜਾਵਾਂ
ਉਡਦਾ ਜਾਵਾਂ ਗਾਉਂਦਾ ਜਾਵਾਂ
ਅਣ-ਛੁਹ ਸਿਖਰਾਂ ਨੂੰ ਛੁਹ ਪਾਵਾਂ
ਇਸ ਦੁਨੀਆਂ ਦੀਆਂ ਰਾਹਵਾਂ ਭੁੱਲ ਕੇ
ਫੇਰ ਕਦੀ ਵਾਪਸ ਨਾ ਆਵਾਂ
ਜੀ ਚਾਹੇ ਪੰਛੀ ਹੋ ਜਾਵਾਂ

'ਲੂਣਾ' ਵਿਚ ਇਹ ਉਪਰਾਮਤਾ ਆਪਣੀ ਚਰਮ-ਸੀਮਾ ਤੇ ਪਹੁੰਚ ਜਾਂਦੀ ਹੈ:

ਹਰ ਕੋਈ
ਆਪਣੇ ਆਪ ਦੁਆਲੇ
ਸੁੱਚੀਆਂ ਤੰਦਾਂ ਕੱਤ ਰਿਹਾ ਹੈ
ਆਪਣੀ ਆਪਣੀ ਮੌਤ ਦਾ ਰਸਤਾ
ਹਰ ਕੋਈ ਆਪੇ ਦੱਸ ਰਿਹਾ ਹੈ

-------------------------

-------------------------

ਆਪਣੀ ਕਬਰ ਲਈ ਹਰ ਕੋਈ
ਆਪੇ ਮਿੱਟੀ ਪੱਟ ਰਿਹਾ ਹੈ।

-------------------------

-------------------------

ਏਥੇ ਸਭ ਕੁਝ ਮਰ ਚੁੱਕਾ ਹੈ
ਆਪਣੀ ਆਪਣੀ ਸੂਲੀ ਉਪਰ
ਹਰ ਕੋਈ ਸੂਲੀ ਚੜ੍ਹ ਚੁੱਕਾ ਹੈ
ਹਰ ਇਕ ਸੂਰਜ ਠਰ ਚੁੱਕਾ ਹੈ
ਭੂਤ ਭਵਿੱਖਤ ਵਰਤਮਾਨ ਦਾ
ਹਰ ਇਕ ਛਿਣ ਹੀ ਖੜ੍ਹ ਚੁੱਕਾ ਹੈ।
ਸਮਿਆਂ ਦਾ ਤ੍ਰੈ-ਜੀਭਾ ਫਨੀਅਰ
ਖੁਦ ਆਪੇ ਨੂੰ ਲੜ ਚੁੱਕਾ ਹੈ
ਆਪਣੀ ਵਿਹੁ ਸੰਗ ਮਰ ਚੁੱਕਾ ਹੈ
ਜੋ ਕਿਸੇ ਕਰਨਾ ਕਰ ਚੁੱਕਾ ਹੈ
ਹੁਣ ਤਾਂ ਧਰਤੀ ਥੰਮ ਚੁੱਕੀ ਹੈ
ਜੋ ਇਸ ਜੰਮਣਾ ਜੰਮ ਚੁੱਕੀ ਹੈ।"

ਜਦੋਂ ਸ਼ਿਵ ਦਾ ਬਿਰਹਾ-ਅਨੁਭਵ ਅਤਿਅੰਤ ਪ੍ਰੌਢ ਹੋ ਜਾਂਦਾ ਹੈ ਤਾਂ ਉਸਦੇ ਦਾਰਸ਼ਨਿਕ ਸੁਰ ਵਿਚ ਗੁਣਾਤਮਿਕ ਪਰਿਵਰਤਨ ਆਉਂਦਾ ਹੈ। ਉਸਨੂੰ ਬਿਰਹਾ ਇਕ ਵਰਦਾਨ ਭਾਸਦਾ ਹੈ ਅਤੇ ਸਾਰੀਆਂ ਧਰਤੀਆਂ ਤੇ ਸਾਰੇ ਅਸਮਾਨ 'ਆਪਣੇ' ਬਣ ਜਾਦੇ ਹਨ। ਉਹ 'ਬਿਰਹਾ ਤੂੰ ਸੁਲਤਾਨ' ਕਵਿਤਾ ਵਿਚ ਲਿਖਦਾ ਹੈ:

ਬਿਰਹਾ ਸੇਤੀ ਉਪਜਿਆ
ਇਹ ਧਰਤੀ ਤੇ ਅਸਮਾਨ
ਬਿਰਹਾ ਸੇਤੀ ਸੂਰਜ ਜੰਮਣ
ਦਿਹੁੰ ਪਏ ਗੋੜੇ ਖਾਣ
ਮੈਂ ਵੱਡਭਾਗੀ ਤੇਰਾ ਬਿਰਹਾ
ਲੜ ਲੱਗਾ ਮੇਰੇ ਆਣ।

---------------------

---------------------

ਅੱਜ ਸਭੇ ਧਰਤੀਆਂ ਮੇਰੀਆਂ
ਤੇ ਸਭੇ ਹੀ ਅਸਮਾਨ
ਅੱਜ ਸਭੇ ਰੰਗ ਹੀ ਮੈਂਡੜੇ
ਮੇਰੇ ਵਿਹੜੇ ਭੌਮਰ ਪਾਣ

--------------------

--------------------

ਅਸਾਂ ਜੂਨ ਹੰਢਾਣੀ ਮਹਿਕ ਦੀ

ਸਾਨੂੰ ਬਿਰਹਾ ਦਾ ਵਰਦਾਨ
ਸਾਡੇ ਇਸ ਬਿਰਹਾ ਦੇ ਨਾਮ ਤੋਂ
ਕੋਟ ਜਨਮ ਕੁਰਬਾਨ।[54]

ਸ਼ਿਵ ਦੇ ਕਾਵਿਕ ਪ੍ਰਵਚਨ ਵਿਚ ਦਾਰਸ਼ਨਿਕ ਸੁਰ ਨੂੰ ਸਮਝਣ ਲਈ ਉਪਰੋਕਤ ਉਦਾਹਰਣਾਂ ਤੋਂ ਇਲਾਵਾ ਉਸਦੇ ਕਾਵਿ-ਨਾਟ ਲੂਣਾ ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਵਿਚ ਥਾਂ ਥਾਂ ਉਹ ਦਾਰਸ਼ਨਿਕ ਟਿੱਪਣੀਆਂ ਕਰਦਾ ਹੈ।

**2. ਅੰਤਰਮੁਖੀ ਸੁਰ**

ਅਸੀਂ ਪਹਿਲੇ ਅਧਿਆਇ ਵਿਚ 'ਮਿਥ-ਵਿਸ਼ਲੇਸ਼ਣ ਦੀ ਮਨੋਵਿਸ਼ਲੇਸ਼ਣੀ ਵਿਧੀ' ਉਤੇ ਚਰਚਾ ਕਰਦਿਆਂ ਡਾ. ਸਿਗਮੰਡ ਫਰਾਇਡ ਦੀਆਂ ਸਥਾਪਨਾਵਾਂ ਵਿਚ ਇਡੀਪਸ ਮਨੋਗ੍ਰੰਥੀ (Oedipus complex) ਅਤੇ ਇਲੈਕਟਰਾ ਮਨੋਗ੍ਰੰਥੀ (Electra-complex)ਦਾ ਜ਼ਿਕਰ ਕੀਤਾ ਸੀ। ਮਾਨਵੀ ਰਿਸ਼ਤਿਆਂ ਵਿਚ ਇਨ੍ਹਾਂ ਗ੍ਰੰਥੀਆਂ ਦੀ ਹੋਂਦ ਮਨੁੱਖੀ ਵਿਵਹਾਰ ਨੂੰ ਪ੍ਰਭਾਵਤ ਕਰਦੀ ਹੈ ਅਤੇ ਮਨੁੱਖ ਦੇ ਸਮਾਜਿਕ-ਨੈਤਿਕ ਤਰਕ-ਵਿਧਾਨ ਦਾ ਭੰਜਨ ਕਰਦੀ ਹੈ। ਫਲਸਰੂਪ, ਅਕਸਰ ਅਜਿਹੀ ਸਥਿਤੀ ਅੰਤਰਮੁਖਤਾ ਨੂੰ ਜਨਮ ਦਿੰਦੀ ਹੈ। 'ਲੂਣਾ' ਦੀ ਰਚਨਾ ਜਿਹੜੀ ਮਿੱਥ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ ਉਸ ਮਿੱਥ ਵਿਚ ਲੂਣਾ ਖੁਦ ਇਡੀਪਸ ਮਨੋਗ੍ਰੰਥੀ ਦਾ ਸ਼ਿਕਾਰ ਹੈ ਪਰੰਤੂ ਸ਼ਿਵ ਦੇ ਹੱਥਾਂ ਵਿਚ ਕਾਵਿਕ-ਰੂਪਾਂਤਰਣ ਉਪਰਾਂਤ ਵੀ ਉਹ ਇਸ ਮਨੋਗ੍ਰੰਥੀ ਦੇ ਚੁੰਗਲ ਵਿਚੋਂ ਆਜ਼ਾਦ ਨਹੀਂ ਹੋ ਸਕੀ :

ਉਸ ਕੁੜੀ ਦਾ ਆਪਣਾ ਹਾਣੀ
ਉਸ ਕੁੜੀ ਨੂੰ ਮਾਂ ਹੈ ਕਹਿੰਦਾ
ਉਸ ਕੁੜੀ ਦੇ ਪਿਉ ਦਾ ਹਾਣੀ
ਉਸ ਕੁੜੀ ਨੂੰ ਪਤਨੀ ਕਹਿੰਦਾ ।[55]

ਇਸ ਸਥਿਤੀ ਦੀ ਵਿਡੰਬਨਾ ਇਹ ਹੈ ਕਿ 'ਉਸ ਕੁੜੀ' ਦਾ 'ਆਪਣਾ ਹਾਣੀ' ਅਤੇ ਉਸਦੇ 'ਪਿਉ ਦਾ ਹਾਣੀ' ਆਪਸ ਵਿਚ 'ਪਿਉ-ਪੁੱਤਰ' ਦੇ ਰਿਸ਼ਤੇ ਵਿਚ ਬੱਝੇ ਹੋਏ ਹਨ।.

ਇਥੇ ਹੀ ਬੱਸ ਨਹੀਂ। ਲੂਣਾ ਤਾਂ 'ਇਲੈਕਟਰਾ ਮਨੋਗ੍ਰੰਥੀ ਦਾ ਸ਼ਿਕਾਰ ਵੀ ਹੈ। ਪ੍ਰਚਲਤ ਸਮਾਜਿਕ ਵਿਵਸਥਾ ਦੇ ਹੱਥਾਂ ਵਿੱਚ ਬੇਬੱਸ ਔਰਤ ਦਾ ਜ਼ਿਕਰ ਕਰਦੀ ਹੋਈ ਲੂਣਾ ਔਰਤ ਦੀ ਬੇਚਾਰਗੀ ਦਾ ਸਾਧਾਰਨੀਕਰਨ ਕਰਦੀ ਹੈ:

ਕੋਈ ਨਾ ਐਸੀ ਨਾਰ ਧਰਤ 'ਤੇ
ਜੋ ਕਿ-ਪੀੜ ਵਿਹੂਣੀ ਹੋਵੇ
ਸੀਖਾਂ ਵਾਂਗ ਕਬਾਬਾਂ ਲਾ ਕੇ
ਜੋ ਨਾ ਮਰਦਾਂ ਭੁੰਨੀ ਹੋਵੇ
ਕਿਸੇ ਦੇਸ ਵਿਚ ਨਾਰ ਨਾ ਐਸੀ
ਜੋ ਨਾ ਹੱਕ ਤੋਂ ਰੁੰਨੀ ਹੋਵੇ
ਕੋਈ ਨਾ ਨਾਰ ਜੋ ਏਸ ਜਹਾਨੇ
ਵਾਂਗ ਕਬਰ ਨਾ ਸੁੰਨੀ ਹੋਵੇ.....।[56]

ਸਮਾਜਿਕ ਵਿਵਸਥਾ ਉਪਰ ਕਾਬਜ਼ ਜਮਾਤ ਦੀ ਸੰਸਕ੍ਰਿਤੀ ਦੀ ਵਿਵਹਾਰਿਕਤਾ ਨੇ ਜਿਸ ਕਿਸਮ ਦੀ ਨਾਰੀ-ਚੇਤਨਾ ਦੀ ਸਿਰਜਣਾ ਕੀਤੀ ਹੈ ਉਸਨੇ ਮੋੜਵੇਂ ਰੂਪ ਵਿਚ ਸ਼ਿਵ ਕੁਮਾਰ ਨੂੰ ਅੰਤਰਮੁਖਤਾ ਦੀ ਸੁਰ ਪ੍ਰਦਾਨ ਕੀਤੀ ਹੈ। ਉਸਦੀ ਇਹ ਅੰਤਰਮੁਖਤਾ ਖਾਮੋਸ਼ੀ ਦਾ ਪਰਿਆਇ-ਰੂਪ ਨਹੀਂ ਬਲਕਿ ਇਕ ਅਜਿਹੀ ਦੋਸ਼ਭਾਵਨਾ ਦੀ ਅਭਿਵਿਅਕਤੀ ਹੈ ਜਿਸ

ਵਿਚੋਂ ਦਮਨ ਦੇ ਨਤੀਜੇ ਖੁਦ ਸਾਕਾਰ ਹੋ ਰਹੇ ਹਨ:

ਮੈਂ ਹੀ ਕਿਰਨ-ਵਿਹੂਣਾ ਇਸਦਾ ਬਾਬਲ ਹਾਂ
ਇਸਦੇ ਅੰਗੀ ਮੇਰੀ ਅਗਨ ਸਮੋਈ ਹੈ
ਇਸ ਵਿਚ ਮੇਰੇ ਸੂਰਜ ਦੀ ਖੁਸ਼ਬੋਈ ਹੈ
ਸਿਖਰ ਦੁਪਹਿਰੇ ਜਿਸ ਦੀ ਚੋਰੀ ਹੋਈ ਹੈ
ਪਰ ਇਸ ਚੋਰੀ ਵਿਚ ਤੇਰਾ ਕੁਝ ਵੀ ਦੋਸ਼ ਨਹੀਂ
ਸੂਰਜ ਦੀ ਹਰ ਯੁੱਗ ਵਿਚ ਚੋਰੀ ਹੋਈ ਹੈ।
---------------------------
---------------------------
ਮੈਂ ਕਲਖਾਈ ਦੇਹ, ਤੂੰ ਮੈਨੂੰ ਬਖਸ਼ ਦਵੀਂ
ਧੁੱਪਾਂ ਸਾਹਵੇਂ ਮੁੜ ਨਾ ਮੇਰਾ ਨਾਮ ਲਵੀਂ
ਜੇ ਕੋਈ ਕਿਰਨ ਕਦੇ ਕੁਝ ਪੁੱਛੇ ਚੁੱਪ ਰਵ੍ਹੀਂ
ਜਾਂ ਮੈਨੂੰ 'ਕਾਲਾ ਸੂਰਜ' ਕਹਿ ਕੇ ਟਾਲ ਦਵੀਂ।
ਇਹ ਇਕ ਧੁੱਪ ਦੇ ਬਾਬਲ ਦੀ ਅਰਜੋਈ ਹੈ
ਤੂੰ ਜੋ ਸੂਰਜ ਚੋਰੀ ਕੀਤਾ, ਤੇਰਾ ਸੀ।
ਮੇਰੇ ਘਰ ਤਾਂ ਜਨਮ-ਦਿਵਸ ਤੋਂ ਨ੍ਹੇਰਾ ਸੀ।[57]

ਅੰਤਰਮੁਖਤਾ ਦੀ ਸੁਰ ਦਾ ਇਕ ਹੋਰ ਪਹਿਲੂ ਬਿਰਹਾ ਦੀ ਸਥਿਤੀ ਵਿਚ ਨਿਹਿਤ ਹੈ:

ਸਈਓ ਨੀ ਸਈਓ
ਨਾ ਨੀ ਪੁੱਛੋ ਅਸਾਂ ਉਸ ਬਾਝੋਂ
ਕਿਵੇਂ ਨੇ ਇਹ ਉਮਰਾਂ ਗੁਜ਼ਾਰੀਆਂ ਵੇ ਹੋ!
ਅਸਾਂ ਉਸ ਬਾਝੋਂ ਸਈਓ
ਅੱਗ 'ਚ ਨਹਾਤੀਆਂ ਹਾਂ
ਫੱਕੀਆਂ ਨੇ ਮਘੀਆਂ ਅੰਗਾਰੀਆਂ ਵੇ ਹੋ ![58]

'ਲੂਣਾ' ਵਿਚ ਅੰਤਰਮੁਖਤਾ ਦੀ ਸਥਿਤੀ ਸਮਾਜਿਕ ਜ਼ਿਆਦਤੀਆਂ ਦਾ ਸਿੱਟਾ ਹੈ। ਲੂਣਾ ਦੀ ਸਹੇਲੀ ਈਰਾ ਇਸ ਸਮਾਜਿਕ ਸੱਚ ਤੋਂ ਭਲੀ ਭਾਂਤ ਵਾਕਫ਼ ਹੈ ਅਤੇ ਉਹ ਲੂਣਾ ਨੂੰ ਆਪਣਾ ਆਪ ਮਾਰਨ ਲਈ ਪ੍ਰੇਰਿਤ ਕਰਦੀ ਹੈ:

ਏਸ ਦੇਸ ਹਰ ਨਾਰ, ਜਦੋਂ ਪਰਨਾਈ ਜਾਵੇ
---------------------------------
ਉਸ ਦਿਨ ਤੋਂ ਬਿਮਾਰ ਜਹੀ ਹੋ ਜਾਵੇ
ਬਾਬਲ ਵਿਹੜੇ ਚਾਨਣ ਦੇ ਬੂਟੇ ਨੂੰ ਦੱਬ ਕੇ
ਪਤੀ ਲਈ ਪਰਛਾਵੇਂ ਨੂੰ ਲੈ ਜਾਵੇ
ਹਰ ਲੂਣਾ ਹੀ, ਅੰਤਰ ਦੀ ਲੂਣਾ ਮਰਵਾ ਕੇ!
ਹੌਕੇ ਭਰ ਭਰ ਉਮਰ ਬਿਤਾਏ![59]

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਅੰਤਰਮੁਖਤਾ ਦਾ ਸੁਰ ਪ੍ਰਕਿਰਤੀ ਦਾ ਕੋਈ ਸੁਭਾਵਿਕ ਵਰਤਾਰਾ ਨਹੀਂ ਬਲਕਿ ਸਮਾਜਿਕ ਮਜਬੂਰੀਆਂ ਵਿਚ ਘਿਰੀ ਹੋਈ ਮਾਨਵੀ ਹੋਂਦ ਦੀ ਤ੍ਰਾਸਦਿਕ ਸਥਿਤੀ ਦੀ ਉਪਜ ਹੈ। ਸ਼ਿਵ ਕੁਮਾਰ ਨੇ ਆਪਣੇ ਕਾਵਿ- ਜਗਤ ਵਿਚ ਇਸ ਸਥਿਤੀ ਨੂੰ ਮਹੱਤਵਸ਼ਾਲੀ ਥਾਂ ਦੇ ਕੇ ਸਮਾਜਿਕ ਵਿਵਸਥਾ ਦੇ ਕਰੂਪ ਚਿਹਰੇ ਨੂੰ ਨੰਗਾ ਕੀਤਾ

ਹੈ। ਇਸਦੇ ਨਾਲ ਹੀ ਇਹ ਤੱਥ ਵੀ ਧਿਆਨ ਦੇਣ ਯੋਗ ਹੈ ਕਿ ਅੰਤਰਮੁਖਤਾ ਦੀ ਸੁਰ ਨਾ ਤਾਂ ਕਵੀ ਦੀ ਅਤੇ ਨਾ ਹੀ ਉਸਦੇ ਨਿਰਮਿਤ ਪਾਤਰਾਂ ਦੀ ਨਿੱਜੀ ਅੰਤਰਮੁਖਤਾ ਦੀ ਸੁਰ ਹੈ ਬਲਕਿ ਇਹ ਸੁਰ ਮਾਨਵੀ-ਸਮੂਹ ਦੀ ਪ੍ਰਤਿਨਿਧ ਸੁਰ ਹੈ ਕਿਉਂਕਿ ਇਸਦੇ ਪਿਛੋਕੜ ਵਿਚ ਕਾਰਜਸ਼ੀਲ ਤੱਥ, ਠੋਸ ਸਮਾਜਿਕ ਯਥਾਰਥ ਵਿਚ ਉਪਲਬਧ ਹਨ। ਸ਼ਿਵ ਕੁਮਾਰ ਨੇ ਤਾਂ ਇਨ੍ਹਾਂ ਦੇ ਕਾਵਿਕ-ਪ੍ਰਗਟਾਅ ਦੁਆਰਾ ਇਸ ਵਿਸ਼ਾਲ ਯਥਾਰਥ ਨੂੰ ਉਜਾਗਰ ਕਰਕੇ ਆਪਣੀ ਕਲਾਤਮਿਕ ਜ਼ਿੰਮੇਵਾਰੀ ਨਿਭਾਈ ਹੈ।

3. ਸਮਾਜਿਕ ਮਰਯਾਦਾਵਾਂ ਦਾ ਭੰਜਨ

ਸ਼ਿਵ ਕੁਮਾਰ ਦੇ ਜੀਵਨ ਦ੍ਰਿਸ਼ਟੀਕੋਣ ਵਿਚ ਬੋਦੀਆਂ ਹੋ ਚੁੱਕੀਆਂ ਸਮਾਜਿਕ ਮਰਯਾਦਾਵਾਂ ਲਈ ਕੋਈ ਥਾਂ ਨਹੀਂ ਹੈ। ਉਹ ਆਪਣੇ ਕਾਵਿ-ਪ੍ਰਵਾਹ ਵਿਚ ਇਨ੍ਹਾਂ ਦਾ ਭੰਜਨ ਕਰਕੇ ਇਨ੍ਹਾਂ ਦਾ ਬਦਲ ਪ੍ਰਸਤੁਤ ਨਹੀਂ ਕਰਦਾ ਸਗੋਂ ਉਸਦੀ ਪਹੁੰਚ ਇਨ੍ਹਾਂ ਦੇ ਖੋਖਲੇਪਣ ਨੂੰ ਉਜਾਗਰ ਕਰਨ ਅਤੇ ਨਾਕਾਰਾਤਮਿਕ ਰੋਲ ਨੂੰ ਪ੍ਰਤੱਖਣ ਤੱਕ ਹੀ ਸੀਮਤ ਹੈ। ਅਜਿਹੀ ਅਵਸਥਾ ਵਿਚ ਉਹ ਮਨੁੱਖ ਤੇ ਸਮਾਜ ਦੇ ਰਿਸ਼ਤੇ ਨੂੰ ਨਵੇਂ ਸਿਰਿਉਂ ਵਿਉਂਤਬੱਧ ਕਰਨਾ ਤਾਂ ਚਾਹੁੰਦਾ ਹੈ ਪਰੰਤੂ ਉਸ ਦੇ ਅਨੁਭਵ ਉਤੇ ਬਿਰਹਾ, ਤੜਪ, ਅਪ੍ਰਾਪਤੀਆਂ, ਨਿਰਹੋਂਦ, ਗੁਆਚਣ, ਤਿਆਗਣ ਆਦਿ ਮਾਨਵੀ-ਭਾਵਾਂ ਦੀ ਪਕੜ ਇੰਨੀ ਮਜ਼ਬੂਤ ਹੈ ਕਿ ਉਹ ਇਨ੍ਹਾਂ ਦੇ ਉਲਟ ਵਸਲ, ਸੁਖਦਾਈ ਪਲਾਂ ਦੀ ਤਾਂਘ, ਪ੍ਰਾਪਤੀਆਂ ਆਦਿ ਨੂੰ ਆਪਣੀ ਜ਼ਿਹਨੀ ਹੋਂਦ ਦਾ ਅੰਗ ਹੀ ਨਹੀਂ ਬਨਣ ਦਿੰਦਾ। ਉਹ ਮਨੁੱਖ ਦੀਆਂ ਮੂਲ ਬਿਰਤੀਆਂ ਅਤੇ ਕਾਮਨਾਵਾਂ ਦੀ ਤ੍ਰਿਪਤੀ ਦੀ ਜਿਗਿਆਸਾ ਤੋ ਸੱਖਣਾ ਹੈ ਪਰ ਇਨ੍ਹਾਂ ਦੇ ਪ੍ਰਕਿਰਤਕ ਵਹਾਅ ਵਿਚ ਸਮਾਜਿਕ ਮਰਯਾਦਾਵਾਂ ਤੇ ਨੈਤਿਕ ਬੰਦਸ਼ਾਂ ਨੂੰ ਰੁਕਾਵਟ ਵਜੋਂ ਲੈਂਦਾ ਹੋਇਆ ਇਨ੍ਹਾਂ ਦੇ ਭੰਜਨ ਦਾ ਸੁਰ ਅਖਤਿਆਰ ਕਰ ਲੈਂਦਾ ਹੈ। ਅਜਿਹੀ ਸਥਿਤੀ ਵਿਚ ਉਹ ਵਿਅੰਗ ਦੇ ਸ਼ਸਤਰ ਵੀ ਚਲਾਉਂਦਾ ਹੈ, ਨਿਖੇਧਾਤਮਿਕ ਰਵੱਈਆ ਵੀ ਅਪਣਾਉਂਦਾ ਹੈ ਅਤੇ ਕਿਧਰੇ ਕਿਧਰੇ ਬਗਾਵਤ ਦੇ ਬੋਲ ਵੀ ਬੋਲਦਾ ਹੈ।

'ਰੋਜੜੇ' ਕਵਿਤਾ ਵਿਚ ਇਸ਼ਕ ਦੀ ਅਸਫਲਤਾ ਲਈ ਉਹ ਸਮਾਜਿਕ ਮਰਯਾਦਾਵਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਵਿਅੰਗ ਕੱਸਦਾ ਹੈ:

ਸਾਡਾ ਇਸ਼ਕ ਕੁਆਰਾ ਮਰ ਗਿਆ, ਕੋਈ ਲੈ ਗਿਆ ਕੱਢ ਮਸਾਣ ਵੇ!
ਸਾਡੇ ਨੈਣ ਤੇਰੀ ਅੱਜ ਦੀਦ ਦੇ, ਪਏ ਕਿਰਿਆ ਕਰਮ ਕਰਾਣ ਵੇ!

---------------

ਅੱਜ ਪੌਣਾ ਪਿੱਟਣ ਤਾਜ਼ੀਏ, ਅੱਜ ਰੁੱਤਾਂ ਪੜ੍ਹਨ ਕੁਰਾਨ ਵੇ!
ਅੱਜ ਪੀ ਪੀ ਜੇਠ ਤਪੰਦੜਾ, ਹੋਇਆ ਫੁੱਲਾਂ ਨੂੰ ਯਰਕਾਣ ਵੇ!

---------------

ਅਸਾਂ ਖੇਡੀ ਖੇਡ ਪਿਆਰ ਦੀ, ਆਇਆ ਦੇਖਣ ਕੁੱਲ ਜਹਾਨ ਵੇ,
ਸਾਨੂੰ ਮੀਰੀ ਹੁੰਦਿਆਂ ਸੁੰਦਿਆਂ, ਸਭ ਫਾਡੀ ਆਖ ਬੁਲਾਣ ਵੇ! [60]

ਇਕ ਹੋਰ 'ਗੀਤ' ਵਿਚ ਉਸਦੇ ਵਿਅੰਗਾਤਮਿਕ ਬੋਲ ਇਉਂ ਹਨ:

ਇਕ ਸਾਹ ਸੱਜਣਾ ਦਾ, ਇਕ ਸਾਹ ਮੇਰਾ
ਕਿਹੜੀ ਤਾਂ ਧਰਤੀ ਉਤੇ ਬੀਜੀਏ ਨੀ ਮਾਂ ?

--------------

ਜੇ ਮੈਂ ਬੀਜਾਂ ਮਾਏ-
ਤਾਰਿਆਂ ਦੇ ਨੇੜੇ ਤੇੜੇ

ਰੱਬ ਦੀ ਮੈਂ ਜ਼ਾਤ ਤੋਂ ਡਰਾਂ
ਜੇ ਮੈਂ ਬੀਜਾਂ ਮਾਏ-
ਸ਼ਰ੍ਹਾ ਦੀਆਂ ਢੱਕੀਆਂ 'ਤੇ
ਤਾਅਨਾ ਮਾਰੇ ਸਾਰਾ ਨੀ ਗਰਾਂ
ਜੇ ਮੈਂ ਬੀਜਾਂ ਮਾਏ-
ਮਹਿਲਾਂ ਦੀਆਂ ਟੀਸੀਆਂ 'ਤੇ
ਅੱਥਰੇ ਤਾਂ ਮਹਿਲਾਂ ਦੇ ਨੇ ਕਾਂ
ਜੇ ਮੈਂ ਬੀਜਾਂ ਮਾਏ-
ਝੁੱਗੀਆਂ ਦੇ ਵਿਹੜੇ
ਮਿੱਧੇ ਨੀ ਮੈਂ ਜਾਣ ਤੋਂ ਡਰਾਂ।[61]

ਸਿਰਜੇ ਗਏ ਇਸ ਉਪਰੋਕਤ ਸੰਦਰਭ ਵਿਚ ਰੱਬ ਤੇ ਸ਼ਰ੍ਹਾ ਵੀ ਮਹਿਲਾਂ ਵਾਲਿਆਂ ਦੀ ਸਮਾਜਿਕ ਕਦਰ ਹੀ ਹਨ ਅਤੇ ਸਮਾਜਿਕ ਹੱਦ-ਬੰਦੀਆਂ ਵਿਚ ਇਨ੍ਹਾਂ ਦਾ ਰੋਲ ਵੀ ਮਾਨਵੀ-ਅਸਤਿਤਵ ਲਈ ਨਿਆਇਪੂਰਵਕ ਨਹੀਂ ਹੋ ਸਕਦਾ। 'ਲੂਣਾ' ਵਿਚ ਪੂਰਨ ਦੇ ਵਾਰਤਾਲਾਪ ਰਾਹੀਂ ਸਮੁੱਚੀ ਸਮਾਜਿਕ ਵਿਵਸਥਾ ਵਿਚ ਪਾਏ ਜਾਂਦੇ ਦੰਭ ਤੇ ਕਪਟ ਨੂੰ ਨੰਗਾ ਕਰਨ ਦਾ ਯਤਨ ਕੀਤਾ ਗਿਆ ਹੈ:

ਏਥੋਂ ਦੀ ਹਰ ਰੀਤ ਦਿਖਾਵਾ
ਏਥੋਂ ਦੀ ਹਰ ਪ੍ਰੀਤ ਦਿਖਾਵਾ
ਏਥੋਂ ਦਾ ਹਰ ਧਰਮ ਦਿਖਾਵਾ
ਏਥੋਂ ਦਾ ਹਰ ਕਰਮ ਦਿਖਾਵਾ
ਹਰ ਥਾਂ ਕਾਮ ਦਾ ਸੁਲਗੇ ਲਾਵਾ
ਏਥੇ ਤਾਂ ਬਸ ਕਾਮ ਖੁਦਾ ਹੈ
ਕਾਮ 'ਚ ਮੱਤੀ ਵਗਦੀ ਵਾ ਹੈ![62]

'ਕੁੱਤੇ' ਕਵਿਤਾ ਵਿਚ ਉਹ ਖੁਲ੍ਹ ਕੇ ਸਮਾਜਿਕ ਮਰਯਾਦਾਵਾਂ ਦਾ ਭੰਜਨ ਕਰਦਾ ਹੈ:

ਕੁੱਤਿਓ ਰਲ ਕੇ ਭੌਂਕੋ ਤਾਂ ਕਿ ਮੈਨੂੰ ਨੀਂਦ ਨਾ ਆਵੇ

----------------

ਉਂਝ ਤਾਂ ਮੇਰੇ ਘਰ ਵਿਚ ਕੁਝ ਨਹੀਂ, ਕੁਝ ਹਉਕੇ ਕੁਝ ਹਾਵੇ
ਕੁੱਤਿਆ ਦਾ ਮਸ਼ਕੂਰ ਬੜਾ ਹਾਂ, ਰਾਤੀਂ ਡਰ ਨਾ ਆਵੇ
ਕੋਈ ਕੋਈ ਪਰ ਸੰਗਲੀ-ਬੱਝਾ, ਐਂਵੇ ਭੌਂਕੀ ਜਾਵੇ
ਚੋਰਾਂ ਨੂੰ ਉਹ ਮੋੜੇ ਕਾਹਦਾ, ਸਗੋਂ ਉਲਟੇ ਹੋਰ ਬੁਲਾਵੇ!

----------------

----------------

ਜਦੋਂ ਸਮਾਜਿਕ ਮਰਯਾਦਾਵਾਂ ਆਪਣੇ ਨਾਕਾਰਾਤਮਿਕ ਰੋਲ ਵਿਚ ਇੰਨੀਆਂ ਸ਼ਕਤੀਸ਼ਾਲੀ ਹੋ ਜਾਂਦੀਆਂ ਹਨ ਅਤੇ ਸਾਰੀ ਧਰਤੀ 'ਤੇ ਵਸਦੀ ਲੋਕਾਈ ਨੂੰ ਆਪਣੇ ਦਮਨਕਾਰੀ ਕਲੇਵਰ ਵਿਚ ਲੈ ਲੈਂਦੀਆਂ ਹਨ ਤਾਂ ਇਨ੍ਹਾਂ ਮਰਯਾਦਾਵਾਂ ਦੀ ਪ੍ਰਤਿਨਿਧਤਾ ਕਰਦੀ ਹੋਈ ਧਰਤੀ ਸ਼ਿਵ ਕੁਮਾਰ ਨੂੰ 'ਪਵਿੱਤਰ-ਮਾਂ' ਨਹੀਂ ਜਾਪਦੀ ਸਗੋਂ 'ਲੁੱਚੀ' ਅਤੇ 'ਕੁੱਤੀ' ਜਾਪਦੀ ਹੈ। ਇਹ ਉਸਦੇ ਇਨਕਾਰੀ ਸੁਰ ਦੀ ਇੰਤਹਾ ਹੈ। 'ਲੁੱਚੀ ਧਰਤੀ' ਕਵਿਤਾ ਵਿਚ ਉਹ ਲਿਖਦਾ ਹੈ:

ਅੰਬਰ ਦਾ ਜਦ ਕੰਬਲ ਲੈ ਕੇ

ਧਰਤੀ ਕੱਲ੍ਹ ਦੀ ਸੁੱਤੀ
ਮੈਨੂੰ ਧਰਤੀ ਲੁੱਚੀ ਜਾਪੀ
ਮੈਨੂੰ ਜਾਪੀ ਕੁੱਤੀ।
ਸਦਾ ਹੀ ਰਾਜ-ਘਰਾਂ ਸੰਗ ਸੁੱਤੀ
ਰਾਜ ਘਰਾਂ ਸੰਗ ਉਠੀ
ਝੁੱਗੀਆਂ ਦੇ ਸੰਗ ਜਦ ਵੀ ਬੋਲੀ
ਬੋਲੀ ਸਦਾ ਹੀ ਰੁੱਖੀ।
----------------------

----------------------
ਕਈ ਵਾਰੀ ਇਹਦੀ ਇੱਜ਼ਤ ਰਲ਼ ਕੇ
ਸੌ ਸਿਕੰਦਰਾਂ ਲੁੱਟੀ
ਇਹਨੇ ਰਾਜ ਘਰਾਂ ਚੋਂ ਆ ਕੇ
ਫਿਰ ਵੀ ਬਾਤ ਨਾ ਪੁੱਛੀ
ਅੱਜ ਤੋਂ ਮੈਂ ਇਹਨੂੰ ਲੁੱਚੀ ਕਹਿੰਦਾ
ਅੱਜ ਤੋਂ ਮੈਂ ਇਹਨੂੰ ਕੁੱਤੀ
ਕਲ੍ਹ ਤੱਕ ਜਿਹੜੀ ਮਾਂ ਵਾਕਣ ਮੈਂ
ਅੱਖੀਆਂ 'ਤੇ ਸੀ ਚੁੱਕੀ।[64]

ਮਾਨਵ-ਵਿਰੋਧੀ ਕਦਰਾਂ ਨਾਲ਼ ਲਬਰੇਜ਼ ਸਮਾਜਿਕ ਮਰਯਾਦਾਵਾਂ ਦੇ ਖਿਲਾਫ਼ ਕਈ ਵਾਰ ਸ਼ਿਵ ਦਾ ਕਾਵਿ-ਪ੍ਰਵਚਨ ਇੰਨਾ ਤਿੱਖਾ ਹੋ ਜਾਂਦਾ ਹੈ ਕਿ ਉਹ ਰਾਜਸੀ-ਪ੍ਰਤਿਬੱਧਤਾ ਤੋਂ ਪ੍ਰੇਰਤ ਹੋ ਨਿੱਬੜਦਾ ਹੈ। 'ਆਵਾਜ਼' ਅਤੇ 'ਫਾਂਸੀ' ਇਸੇ ਕਿਸਮ ਦੀਆਂ ਕਵਿਤਾਵਾਂ ਹਨ।

**4. ਦੁਫੇੜਤਾ ਦੀ ਸਥਿਤੀ ਦਾ ਸੁਰ**

ਹਰੇਕ ਸਾਹਿਤਕਾਰ ਆਪਣੀ ਰਚਨਾ ਵਿਚ ਪੇਸ਼ ਕੀਤੇ ਜਾ ਰਹੇ ਸਾਹਿਤਕ ਚਿਤਰ ਦੇ ਗੌਣ ਵਿਰੋਧਾਂ/ਤਣਾਵਾਂ ਰਾਹੀਂ ਸਮਾਜਿਕ ਪੈਟਰਨ ਨੂੰ ਸਮਝਣ/ਸਮਝਾਉਣ ਦਾ ਆਹਰ ਕਰਦਾ ਹੈ। ਮੱਧ ਕਾਲ ਦੀ ਕਿੱਸਾ-ਕਾਵਿ ਧਾਰਾ ਵਿਚ ਸਮਾਜਿਕ ਵਿਵਸਥਾ ਦੇ ਕਾਬਜ਼ ਮਾਪ-ਦੰਡਾਂ ਦਾ ਇਸ਼ਕ ਦੀ ਕਦਰ ਨਾਲ਼ ਵਿਰੋਧ ਇਕ ਪ੍ਰਮੁੱਖ ਟਕਰਾਓ ਦੇ ਰੂਪ ਵਿਚ ਉਭਰਿਆ ਅਤੇ ਇਸ ਦੇ ਕਥਾ-ਬਿਰਤਾਂਤ ਨੇ ਜਿਹੜੀ ਵਿਚਾਰਧਾਰਕ ਪਰਿਪਾਟੀ ਦੀ ਸਥਾਪਨਾ ਕੀਤੀ, ਸ਼ਿਵ ਕੁਮਾਰ ਉਸੇ ਸਮਾਜਿਕ ਟਕਰਾਓ ਨੂੰ ਰੂਪਾਂਤ੍ਰਿਤ ਕਰਕੇ ਅਜੋਕੀਆਂ ਸਮਾਜਿਕ/ਇਤਿਹਾਸਕ ਸਥਿਤੀਆਂ ਵਿਚ ਆਪਣੀ ਰਚਨਾ ਵਿਚ ਦੁਫੇੜਤਾ ਦੀ ਸਥਿਤੀ ਦਾ ਸੁਰ ਉਜਾਗਰ ਕਰਦਾ ਹੈ। ਉਸਦੀ ਦੁਫੇੜਤਾ ਦਾ ਆਧਾਰ ਉਸਦੇ ਅਨੁਭਵ ਦੀ ਵਿਸ਼ਾਲ ਕੈਨਵਸ 'ਤੇ ਫੈਲਿਆ ਹੋਇਆ ਹੈ ਅਤੇ ਦੁਫੇੜਤਾ ਦੀ ਸਥਿਤੀ ਉਸਦੇ ਮੂਲ਼-ਭੂਤ ਸਰੋਕਾਰਾਂ ਦਾ ਇਕ ਅਨਿੱਖੜਵਾਂ ਅੰਗ ਹੈ।

ਦੁਫੇੜਤਾ ਦੀ ਇਕ ਸਥਿਤੀ ਦਾ ਰੂਪ ਸਲਵਾਨ ਹੰਢਾਉਂਦਾ ਹੈ। ਸ਼ਿਵ ਨੇ ਆਪਣੇ ਪ੍ਰਤੀਕ-ਪ੍ਰਬੰਧ ਰਾਹੀਂ ਉਸਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ:

ਅੱਗ ਦੀ ਸਪਨੀ ਜਦ ਵਿਹੜੇ ਵਿਚ ਆਣ ਵੜੀ
ਲੱਖ ਬਚਾਇਆ ਆਪਾ, ਪਰ ਉਹ ਰੋਜ਼ ਲੜੀ
ਨਸ਼ਾ ਜਿਹਾ ਨਿੱਤ ਆਇਆ, ਪਰ ਨਾ ਵਿਸ ਚੜ੍ਹੀ
ਨਾਰ ਮੇਰੇ ਅੰਤਰ ਦੀ, ਉਸ ਤੋਂ ਨਹੀਂ ਮਰੀ।
------------------------------

-----------------------------

ਮੈਂ ਚਾਹਿਆ ਸੁਪਨੇ ਦੀ ਸਪਨੀ ਮਾਰ ਦਿਆਂ
ਮੈਂ ਚਾਹਿਆ ਕਿ ਉਸਦਾ ਰੂਪ ਵਿਸਾਰ ਦਿਆਂ

-----------------------------

-----------------------------

ਪਰ ਸੁਪਨੇ ਦੀਂ ਸਪਨੀ ਮੈਥੋਂ ਨਹੀਂ ਮਰੀ
ਜਿਉਂ ਜਿਉਂ ਮਾਰੇ ਮੰਤਰ, ਤਿਉਂ ਤਿਉਂ ਹੋਰ ਲੜੀ।

-----------------------------

-----------------------------

ਮੈਂ ਸੂਰਜ ਸਾਂ, ਪਰ ਕਾਲਖ ਦੀ ਜੂਨ ਹੰਢਾਈ
ਅੱਗ ਦੀ ਸਪਨੀ ਨੂੰ ਪਰ ਦੁੱਖ ਦੀ, ਮਹਿਕ ਨਾ ਆਈ![65]

ਦੁਫੇੜਤਾ ਦੀ ਸਥਿਤੀ ਦੀ ਸੁਰ ਦਾ ਇਕ ਹੋਰ ਰੂਪ 'ਬੁੱਢਾ ਘਰ' ਕਵਿਤਾ ਵਿਚ ਪੇਸ਼ ਹੋਇਆ ਹੈ। ਇਹ ਕਵਿਤਾ ਪ੍ਰਚਲਤ ਸਮਾਜਿਕ ਨਿਜ਼ਾਮ ਦੇ ਖਿਲਾਫ਼ ਸੰਗਰਾਮ ਦੀ ਕਵਿਤਾ ਹੈ ਜਿਸ ਵਿਚ ਨਾਇਕ ਰੂਹ-ਪੋਸ਼ ਹੋ ਚੁੱਕਾ ਹੈ ਅਤੇ ਉਸਦਾ ਬੁੱਢਾ ਘਰ ਉਸ ਦੀ ਉਪਰਾਮਤਾ ਤੇ ਦੁਫੇੜਤਾ ਦੀ ਕਹਾਣੀ ਕਹਿੰਦਾ ਹੈ:

ਹੁਣ ਜਦ ਵੀ ਰੇਲ ਦੀ ਪਟੜੀ 'ਤੇ ਕੋਈ
ਖੁਦਕਸ਼ੀ ਕਰਦੈ

-----------------------

ਜਾਂ ਨਕਸਲਬਾੜੀਆ ਕੋਈ
ਕਿਸੇ ਨੂੰ ਕਤਲ ਜਦ ਕਰਦੈ
ਤਾਂ ਮੇਰੇ ਘਰ ਦੀਆਂ ਕੰਧਾਂ ਨੂੰ
ਉਸ ਪਲ ਤਾਪ ਆ ਚੜ੍ਹਦੈ।

--------------------

--------------------

ਹੈ ਚਿਰ ਹੋਇਆ,
ਮੇਰਾ ਆਪਾ ਮੇਰੇ ਸੰਗ ਰੁੱਸ ਕੇ
ਕਿਤੇ ਤੁਰ ਗਿਆ ਹੈ
ਤੇ ਮੇਰੇ ਕੋਲ ਮੇਰਾ ਸੱਖਣਾ ਕਲਬੂਤ ਬਾਕੀ ਹੈ
ਜੋ ਬੁੱਢੇ ਘਰ ਦੀਆਂ,
ਹੁਣ ਮਰ ਰਹੀਆਂ ਕੰਧਾਂ ਦਾ ਸਾਥੀ ਹੈ।[66]

ਸ਼ਿਵ ਦੇ ਕਾਵਿ-ਜਗਤ ਵਿਚ ਦੁਫੇੜਤਾ ਦੀ ਸਥਿਤੀ ਦਾ ਅੰਤਿਮ ਸੁਰ ਉਸਦੀ ਕਵਿਤਾ 'ਫ਼ਰਕ' ਵਿਚ ਮਿਲਦਾ ਹੈ। ਇਥੇ ਕਵੀ ਦੀ ਦੁਚਿੱਤੀ ਮਹਿਬੂਬ ਅਤੇ ਇਸ਼ਕ ਨਾਲ਼ ਜਾਂ ਬਾਗੀਆਂ ਨਾਲ਼ ਰਲ ਕੇ ਤਲਵਾਰ ਉਠਾਉਣ ਵਿਚਕਾਰ ਦੀ ਸਥਿਤੀ ਵਿਚ ਨਿਹਿਤ ਹੈ। ਆਰੰਭ ਵਿਚ ਉਹ ਭਟਕਣਾ ਦੀ ਸਥਿਤੀ ਵਿਚ ਹੈ:

ਇਹ ਪਲ ਮੇਰੇ ਲਈ ਦੋਫਾੜ ਪਲ ਸੀ
ਦੋ ਚਿੱਤੀਆਂ ਨਾਲ਼ ਭਰਿਆ।
ਦੋ-ਨਦੀਆਂ ਸੀਤ ਜਲ ਸੀ

ਮੈਂ ਤੇਰੇ ਨਾਲ ਵੀ ਨਹੀਂ ਸਾਂ
ਤੇ ਤੇਰੇ ਨਾਲ ਵੀ ਮੈਂ ਸਾਂ
ਮੈਨੂੰ ਇਸੇ ਹੀ ਪਲ
ਪਰ ਕੁਝ ਨਾ ਕੁਝ ? ਸੀ ਫੈਸਲਾ ਕਰਨਾ
ਕੀ ਤੇਰੇ ਨਾਲ ਹੈ ਚਲਣਾ ?
ਕੀ ਤੇਰੇ ਨਾਲ ਹੈ ਮਰਨਾ ?
ਜਾਂ ਉਨ੍ਹਾਂ ਨਾਲ ਹੈ ਮਰਨਾ ?
ਕਿ ਜਾਂ ਤਲਵਾਰ ਹੈ ਬਨਣਾ ?[67]

ਇਸ ਦੁਚਿਤੀ ਵਿਚ ਉਹ ਵਾਰ ਵਾਰ ਉਲਾਰ ਹੋ ਰਿਹਾ ਹੈ ਅਤੇ ਉਸਨੂੰ ਅਜੇ ਕੋਈ ਪੜਾਅ ਨਜ਼ਰ ਨਹੀਂ ਆਉਂਦਾ:

ਤੇ ਫਿਰ ਕੁਝ ਸਮੇਂ ਲਈ
ਇਸ ਤਰ੍ਹਾਂ ਖਾਮੋਸ਼ ਸਾਂ ਬੈਠਾ
ਕਿ ਨਾ ਹੁਣ ਗੀਤ ਹੀ ਮੈਂ ਸਾਂ
ਸਗੋਂ ਦੋਹਾਂ ਪੜਾਵਾਂ ਤੇ ਖੜ੍ਹਾ
ਇਕ ਭਾਰ ਹੀ ਮੈਂ ਸਾਂ
ਇਵੇਂ ਖਾਮੋਸ਼ ਬੈਠੇ ਨੂੰ
ਮੈਨੂੰ ਯਾਰਾਂ ਤੋਂ ਸੰਗ ਆਉਂਦੀ।
ਕਦੇ ਮੇਰਾ ਗੀਤ ਗੁੰਮ ਜਾਂਦਾ
ਕਦੇ ਤਲਵਾਰ ਗੁੰਮ ਜਾਂਦੀ
ਤੂੰ ਆ ਕੇ ਪੁੱਛਦੀ ਮੈਨੂੰ
ਕਿ ਤੇਰਾ ਗੀਤ ਕਿੱਥੇ ਹੈ ?
ਤੇ ਮੇਰੇ ਯਾਰ ਆ ਕੇ ਪੁੱਛਦੇ
ਤਲਵਾਰ ਕਿੱਥੇ ਹੈ ?[68]

ਇਸੇ ਕਵਿਤਾ ਦੇ ਅੰਤ ਵਿਚ ਉਹ ਦੁਚਿੱਤੀ ਵਿਚੋਂ ਬਾਹਰ ਆ ਜਾਂਦਾ ਹੈ:

ਪਰ ਅੱਜ ਇਕ ਦੇਰ ਪਿੱਛੋਂ
ਸੂਰਜੀ ਮੈਨੂੰ ਰਾਹ ਕੋਈ ਮਿਲਿਐ
ਤੇ ਇਸੇ ਰਾਹ ਤੇ ਮੈਨੂੰ ਤੁਰਦਿਆਂ
ਇਹ ਸਮਝ ਆਈ ਹੈ
ਕਦੇ ਵੀ ਗੀਤ ਤੇ ਤਲਵਾਰ ਵਿਚ
ਕੋਈ ਫਰਕ ਨਹੀਂ ਹੁੰਦਾ ।[69]

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਦੀ ਕਵਿਤਾ ਦਾ ਸਿਰਜਣਾਤਮਿਕ ਵਿਵੇਕ ਪ੍ਰਾਪਤ ਮਿੱਥ ਨੂੰ ਨਵੇਂ ਸੰਦਰਭਾਂ ਵਿਚ ਰੂਪਾਂਤ੍ਰਿਤ ਕਰਨ ਵਿਚ ਨਿਹਿਤ ਹੈ। ਇਸ ਕਰਕੇ ਉਹ ਅਜਿਹੇ ਕਾਵਿਕ ਪੈਟਰਨ ਪ੍ਰਯੋਗ ਵਿਚ ਲਿਆਉਂਦਾ ਹੈ ਜਿਹੜੇ ਇਕ ਪਾਸੇ ਤਾਂ ਅਵਚੇਤਨ ਦੀ ਪੱਧਰ ਉਤੇ ਹੋਂਦਸ਼ੀਲ ਭਾਵਮੂਲਕ ਪ੍ਰਬੰਧ ਨੂੰ ਸੰਬੋਧਿਤ ਹਨ ਅਤੇ ਦੂਜੇ ਪੱਧਰ ਉਤੇ ਪ੍ਰਗਟਾਅ-ਮੂਲਕ ਬਿੰਬਾਂ, ਪ੍ਰਤੀਕਾਂ, ਕਾਵਿ-ਚਿੱਤਰਾਂ ਅਤੇ ਸ਼ਬਦ-ਚਿੱਤਰਾਂ ਨਾਲ ਸੰਗਠਿਤ ਹਨ। ਇਸ ਕਰਕੇ ਉਸ ਦੇ ਕਾਵਿਕ ਪੈਟਰਨ ਵਿਚ ਇਹ ਸੰਭਵ ਹੋ ਸਕਿਆ ਹੈ

ਕਿ ਉਹ ਅਜਿਹੇ ਸਭਿਆਚਾਰਕ ਅਵਚੇਤਨ ਦੀ ਪਹਿਚਾਣ ਅਤੇ ਨਿਰਮਾਣ ਕਰੇ ਜਿਸ ਵਿਚ ਸਭਿਆਚਾਰਕ ਪ੍ਰਤੀਕ-ਪ੍ਰਬੰਧ ਮਨੁੱਖ ਤੇ ਬ੍ਰਹਿਮੰਡ ਦੀ ਇਕਸੁਰਤਾ ਅਤੇ ਮਨੁੱਖੀ-ਸਵੈ ਦੇ ਆਤਮਪਰਕ ਸੰਬੋਧ, ਸੰਗਠਿਤ ਕਾਵਿ-ਸੰਸਾਰ ਵਿਚ ਰੂਪਾਂਤ੍ਰਿਤ ਹੋ ਜਾਂਦੇ ਹਨ। ਇਸਦਾ ਸਿੱਟਾ ਇਹ ਨਿਕਲਦਾ ਹੈ ਕਿ ਰੁਮਾਂਟਿਕਤਾ, ਪ੍ਰਗੀਤਾਤਮਿਕਤਾ, ਸੁਹਜਾਤਮਿਕਤਾ ਅਤੇ ਵਿਲੱਖਣ ਭਾਸ਼ਾਈ ਪ੍ਰਬੰਧ ਵਿਸ਼ੇਸ਼ ਕਾਵਿ-ਮਾਧਿਅਮ ਬਣ ਕੇ ਉਪਰੋਕਤ ਸਿਰਜਣਾਤਮਿਕ ਵਿਵੇਕ ਨੂੰ ਸੁਹਜਾਤਮਿਕ ਕਾਵਿ-ਪ੍ਰਵਚਨ ਵਿਚ ਰੂਪਾਂਤ੍ਰਿਤ ਕਰ ਦਿੰਦੇ ਹਨ।

ਸ਼ਿਵ ਦੀ ਵਿਲੱਖਣ ਪ੍ਰਾਪਤੀ ਇਹ ਵੀ ਹੈ ਕਿ ਉਸਦਾ ਕਾਵਿਕ-ਪ੍ਰਵਚਨ ਸਿਰਫ਼ ਅਮੂਰਤ ਪ੍ਰਭਾਵਾਂ ਤੇ ਸਮੂਰਤ ਪ੍ਰਗਟਾਅ ਦਾ ਹੀ ਸੁਮੇਲ ਨਹੀਂ ਸਗੋਂ ਉਸ ਵਿਚ ਮਾਨਵੀ-ਦੁਫੇੜ, ਅੰਤਰਮੁਖਤਾ ਅਤੇ ਮਨੁੱਖੀ-ਹੋਂਦ ਦਾਰਸ਼ਨਿਕ ਪ੍ਰਸੰਗਾਂ ਤਕ ਵਿਗਸਦੀ ਹੈ। ਜਿਸ ਕਰਕੇ ਸ਼ਿਵ ਕੁਮਾਰ ਦੀ ਕਵਿਤਾ ਸਮੁੱਚੀ ਆਧੁਨਿਕ ਕਵਿਤਾ ਵਿਚ ਵਿਲੱਖਣ ਮੀਲ-ਪੱਥਰ ਸਾਬਤ ਹੁੰਦੀ ਹੈ।

* * * *

## ਹਵਾਲੇ ਅਤੇ ਟਿੱਪਣੀਆਂ


1. ਸ਼ਿਵ ਕੁਮਾਰ, ਸੰਪੂਰਨ ਕਾਵਿ- ਸੰਗ੍ਰਹਿ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1989 ਪੰਨਾ- 434
2. ਉਹੀ, ਪੰਨਾ- 124
3. ਉਹੀ, ਪੰਨਾ- 272-73
4. ਉਹੀ, ਪੰਨਾ- 396
5. Deleuze and Guatri, Anti-Oedipus Capitalism and schizophrenia, 1977, P-5
6. ਸੰਪੂਰਨ ਕਾਵਿ ਸੰਗ੍ਰਹਿ, ਪੰਨਾ- 388-89

6-ੲ ਉਹੀ, ਪੰਨਾ- 434

7. Jean Paul Sartre, Being and Nothingness (Trans.) Hazel E. Barnes, Pocket Books, U.S.A., 1956. P-787
8. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਹਿ, ਪੰਨਾ 233-34
9. ਉਹੀ, ਪੰਨਾ- 364-65
10. ਉਹੀ, ਪੰਨਾ- 388-90
11. ਉਹੀ, ਪੰਨਾ- 45-46
12. ਉਹੀ, ਪੰਨਾ- 462-64
13. ਉਹੀ, ਪੰਨਾ- 466-67
14. ਉਹੀ, ਪੰਨਾ- 58
15. ਉਹੀ, ਪੰਨਾ- 65
16. ਉਹੀ, ਪੰਨਾ- 90-91
17. ਉਹੀ, ਪੰਨਾ- 301
18. ਉਹੀ, ਪੰਨਾ- 315-316
19. ਉਹੀ, ਪੰਨਾ- 323-24
20. ਉਹੀ, ਪੰਨਾ- 288
21. Louis Althusser, Lenin and Philosophy and Other Essays (Trans), Ben Brewster, N.L.B. London, 1971,P-204
22. poetry is not turning loose of emotions, but an escape from emotion; It is not the expression of personality. but an escape

from personality," Tradition and Indivisual Talent.
Tewntieth Century Criticism (Ed.) William J. Handy et. al Light and Life Publishers, New Delhi, 1974, P-33

23. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਹਿ, ਪੰਨਾ- 41- 42
24. Much of Romantic poetry records a quest for the lost wholeness and transcondence of the imaginary, an attempt to find in nature mirror which will reflect an image of the subject ...
(Deconstructing the Text) Critical Practice, P-123
25. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਹਿ, ਪੰਨਾ- 552
26. ਉਹੀ, ਪੰਨਾ- 583
27. ਉਹੀ, ਪੰਨਾ- 90-91
28. ਉਹੀ, ਪੰਨਾ- 141
29. ਉਹੀ, ਪੰਨਾ- 571-72
30. ਕਵੀ, ਵਕਤਾ ਤੇ ਸਰੋਤਾ, ਆਲੋਚਨਾ, ਜੁਲਾਈ-ਸਤੰਬਰ 1977 , ਪੰਨਾ- 28
31. ਸੰਪੂਰਨ ਕਾਵਿ ਸੰਗ੍ਰਹਿ ਪੰਨਾ 434
32. ਉਹੀ, ਪੰਨਾ- 706
33. ਉਹੀ, ਪੰਨਾ- 709
34. ਉਹੀ, ਪੰਨਾ- 715
35. ਉਹੀ, ਪੰਨਾ- 83
36. ਉਹੀ, ਪੰਨਾ- 69
37. ਉਹੀ, ਪੰਨਾ- 75
38. ਉਹੀ, ਪੰਨਾ- 553
39. ਉਹੀ, ਪੰਨਾ- 151
40. ਉਹੀ, ਪੰਨਾ- 70
41. ਉਹੀ, ਪੰਨਾ- 62
42. ਉਹੀ, ਪੰਨਾ- 46
43. ਉਹੀ, ਪੰਨਾ-335-36
44. ਉਹੀ, ਪੰਨਾ- 125
45. ਉਹੀ, ਪੰਨਾ-95
46. ਉਹੀ, ਪੰਨਾ-376-77
47. ਉਹੀ, ਪੰਨਾ-578
48. ਉਹੀ, ਪੰਨਾ-583
49. ਉਹੀ, ਪੰਨਾ-548
50. ਉਹੀ, ਪੰਨਾ-451-52
51. ਉਹੀ, ਪੰਨਾ-59

52. ਉਹੀ, ਪੰਨਾ-65
53. ਉਹੀ, ਪੰਨਾ-466-67
54. ਉਹੀ, ਪੰਨਾ-266-67
55. ਉਹੀ, ਪੰਨਾ-456
56. ਉਹੀ, ਪੰਨਾ- 398
57. ਉਹੀ, ਪੰਨਾ-268-69
58. ਉਹੀ, ਪੰਨਾ- 145
59 ਉਹੀ, ਪੰਨਾ-444-45
60. ਉਹੀ, ਪੰਨਾ-152-53
61. ਉਹੀ, ਪੰਨਾ-175
62. ਉਹੀ, ਪੰਨਾ-465
63. ਉਹੀ, ਪੰਨਾ-692-93
64. ਉਹੀ, ਪੰਨਾ-683-84
65. ਉਹੀ, ਪੰਨਾ-369-71
66. ਉਹੀ, ਪੰਨਾ- 542-43
67. ਉਹੀ, ਪੰਨਾ- 665
68. ਉਹੀ, ਪੰਨਾ- 666
69. ਉਹੀ, ਪੰਨਾ- 667

# ਲੂਣਾ ਦੇ ਬਿਰਤਾਂਤ ਦੀ ਮਿੱਥਿਕਤਾ

ੳ) ਮਿੱਥ-ਪ੍ਰਬੰਧ ਦਾ ਬਿਰਤਾਂਤਕ ਨਵ-ਨਿਰਮਾਣ
   1. ਕਾਮਨਾ ਦਾ ਉਦੱਾਤੀਕਰਣ
   2. ਪ੍ਰਕਿਰਤਕ ਪ੍ਰਤੀਕ-ਪ੍ਰਬੰਧ ਰਾਹੀਂ ਕਾਸਮਿਕ ਸੱਚ ਨਾਲ ਸੰਵਾਦ

ਅ) ਕਾਮਨਾਮੂਲਕ ਮਿੱਥ-ਪ੍ਰਬੰਧ ਸਿਰਜਣ ਦੇ ਪੈਟਰਨ
   1. ਲੂਣਾ ਦੇ ਕਿਰਦਾਰ ਦੀ ਪੁਨਰ-ਵਿਉਂਤ
   2. ਪੂਰਨ ਦਾ ਚਿਤਰਾਤਮਿਕ ਪਰਿਵਰਤਨ
   3. ਸਲਵਾਨ ਦਾ ਅਸੰਤੁਲਿਤ ਵਿਵਹਾ

ਕਾਵਿ-ਨਾਟ ਲੂਣਾ ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਜਗਤ ਅਤੇ ਆਧੁਨਿਕ ਪੰਜਾਬੀ ਸਾਹਿਤ ਵਿਚ ਅਹਿਮ ਥਾਂ ਰੱਖਦਾ ਹੈ। ਇਸ ਰਚਨਾ ਦੀ ਸਿਰਜਣ-ਪ੍ਰਕਿਰਿਆ ਵਿਚ ਕਵੀ, ਨਾਇਕ ਪੂਰਨ, ਨਾਇਕਾ ਲੂਣਾ ਅਤੇ ਸਹਾਇਕ ਕਿਰਦਾਰਾਂ ਜਿਵੇਂ ਸਲਵਾਨ, ਇੱਛਰਾਂ, ਅਤੇ ਮਥਰੀ ਰਾਹੀਂ ਲੂਣਾ ਅਤੇ ਪੂਰਨ ਦੇ ਪਰੰਪਰਕ ਸਰੋਕਾਰਾਂ, ਸੰਕਲਪਾਂ, ਸੰਦਰਭਾਂ ਅਤੇ ਅਰਥ-ਘੇਰਿਆਂ ਨੂੰ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਾਉਂਦਾ ਹੈ। ਇਸ ਕਰਕੇ ਇਹ ਰਚਨਾ ਪੂਰਨ ਦੇ ਬਿਰਤਾਂਤ ਨੂੰ ਸਿਰਜਣ ਵਾਲੀਆ ਪੂਰਬਲੀਆਂ ਮਿੱਥਾਂ ਦੇ ਸੰਕਲਪ-ਮੂਲਕ ਚੌਖਟੇ ਨੂੰ ਨਵੀਂਆਂ ਮਿੱਥਾਂ ਦੇ ਰੂਪਾਂਤਰਣ ਦੀ ਰਚਨਾਤਮਿਕ ਪ੍ਰਕਿਰਿਆ ਰਾਹੀਂ , ਨਵੇਂ-ਪ੍ਰਬੰਧ ਦਾ ਨਿਰਮਾਣ ਕਰਦੀ ਹੈ। ਸਿੱਟੇ ਵਜੋਂ ਇਹ ਰਚਨਾ ਪੂਰਨ ਅਤੇ ਲੂਣਾ ਦੇ ਪਰੰਪਰਕ ਬਿੰਬਾਂ ਨੂੰ ਤੋੜ-ਕੇ ਨਵੇਂ ਬਿੰਬਾਂ ਨੂੰ ਸਿਰਜਣ ਦਾ ਸਫ਼ਲ ਯਤਨ ਕਰਦੀ ਹੈ।

### ੳ) ਮਿੱਥ-ਪ੍ਰਬੰਧ ਦਾ ਬਿਰਤਾਂਤਕ ਨਵ-ਨਿਰਮਾਣ

ਨਵੇਂ ਮਿੱਥ-ਪ੍ਰਬੰਧ ਦਾ ਨਿਰਮਾਣ ਕਰਨ ਲਈ ਸ਼ਿਵ ਕੁਮਾਰ ਸੁਚੇਤ ਪੱਧਰ ਉੱਤੇ ਕਹਾਣੀ ਵਿਚ ਤਬਦੀਲੀਆਂ ਕਰਦਾ ਹੈ। ਪਹਿਲਾਂ ਉਹ ਪੂਰਨ ਦੀ ਭੋਰੇ ਵਿਚੋਂ ਨਿਕਲਣ ਦੀ ਉਮਰ ਬਾਰ੍ਹਾਂ ਦੀ ਥਾਂ ਅਠ੍ਹਾਰਾਂ ਵਰ੍ਹੇ ਮੰਨਦਾ ਹੈ। ਦੂਜਾ, ਕਥਾ ਵਿਚ ਗੋਰਖ ਨਾਥ ਤੇ ਸੁੰਦਰਾਂ ਦਾ ਰੋਲ ਖ਼ਤਮ ਕਰ ਦਿੰਦਾ ਹੈ। ਤੀਸਰਾ, ਲੂਣਾ ਦੀਆਂ ਦੋ ਸਹੇਲੀਆਂ ਈਰਾ ਅਤੇ ਮਥਰੀ ਦੇ ਸੰਵਾਦ ਰਾਹੀਂ ਲੂਣਾ ਦੇ ਮਨ ਦੀਆਂ ਕਾਮਨਾਵਾਂ ਨੂੰ ਜ਼ੁਬਾਨ ਦਿੰਦਾ ਹੈ। ਚੌਥਾ, ਪੂਰਨ ਦੇ ਕਿਰਦਾਰ ਦੀ ਪੇਸ਼ਕਾਰੀ ਸਮੇਂ ਉਸਨੂੰ ਤਿਆਗੀ ਅਤੇ ਉਦਾਸੀਨ ਮਨੁੱਖ ਦੀ ਥਾਂ, ਇਕ ਅਜਿਹਾ ਪਾਤਰ ਬਣਾ ਕੇ ਪੇਸ਼ ਕੀਤਾ ਹੈ ਜੋ ਸਹਿਜ ਮਾਨਵੀ-ਭਾਵਨਾਵਾਂ ਦਾ ਸੰਵਾਹਕ ਪੇਸ਼ ਹੋ ਨਿੱਬੜਦਾ। ਸਪਸ਼ਟ ਹੈ ਕਿ ਇਹ ਰਚਨਾ ਆਪਣੇ ਰਚਨਾਤਮਿਕ ਅਮਲ ਦੌਰਾਨ ਅਜਿਹੇ ਪਾਠ ਦਾ ਨਿਰਮਾਣ ਕਰਨ ਲਈ ਯਤਨਸ਼ੀਲ ਹੈ, ਜੋ ਲੂਣਾ ਅਤੇ ਪੂਰਨ ਦੇ ਪਰੰਪਰਕ ਕਿਰਦਾਰਾਂ ਨੂੰ ਨਵੇਂ ਸੰਦਰਭ ਪ੍ਰਦਾਨ ਕਰ ਸਕੇ।

#### 1. ਕਾਮਨਾ ਦਾ ਉਦੱਾਤੀਕਰਣ

ਰਚਨਾਤਮਿਕ ਦ੍ਰਿਸ਼ਟੀ ਤੋਂ ਇਸ ਰਚਨਾ ਦਾ ਕੇਂਦਰੀ ਸਰੋਕਾਰ ਮਾਨਵੀ ਕਾਮਨਾ ਦਾ ਨਿਵਾਰਨ ਕਰਨ ਦੀ ਥਾਂ ਕਾਮਨਾ ਦਾ ਸਿਮਰਨ ਕਰਨਾ ਹੈ। ਇਸ ਕਰਕੇ ਇਹ ਰਚਨਾ ਮਨੁੱਖੀ ਅਸਤਿਤਵ ਦੀ ਪ੍ਰਮਾਣਿਕਤਾ ਕਾਮਨਾ ਦੇ ਨਿਖੇਧ ਨੂੰ ਨਹੀਂ ਮੰਨਦੀ ਸਗੋਂ ਕਾਮਨਾ ਦੇ ਉਦੱਾਤ ਨੂੰ ਮੰਨਦੀ ਹੈ। ਇਸ ਅਨੁਸਾਰ ਮਨੁੱਖੀ ਹੋਂਦ ਦਾ ਸੱਚ ਕਾਮਨਾ ਦੀ ਬਹੁਪਾਸਾਰੀ ਅਤੇ ਬਹੁਪੱਖੀ ਸਰਗਰਮੀ ਹੈ, ਜੋ ਉਸਦੇ ਅੰਦਰਲੇ ਮਨੋ-ਸਰੀਰਕ ਮੈਕਾਨਿਜ਼ਮ ਤੋਂ ਲੈ ਕੇ ਸਮੁੱਚੀ ਸ੍ਰਿਸ਼ਟੀ ਤੱਕ ਫੈਲੀ ਹੋਈ ਹੈ। ਇਸੇ ਕਰਕੇ ਸ਼ਿਵ ਕੁਮਾਰ ਆਪਣੀ ਇਸ ਰਚਨਾ ਦਾ ਆਰੰਭ ਚੰਬੇ ਦੇ ਆਲੇ-ਦੁਆਲੇ ਦੇ ਪ੍ਰਕਿਤਕ ਦ੍ਰਿਸ਼ਾਂ ਦੀ ਰੁਮਾਂਟਿਕ ਅਤੇ ਉਤੇਜਨਾਮਈ ਪੇਸ਼ਕਾਰੀ ਰਾਹੀਂ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਹੀ ਸੂਤਰਧਾਰ ਅਤੇ ਨਟੀ ਦਾ ਸੰਵਾਦ, ਰਾਜੇ ਦੀ ਲੰਮੀ ਉਮਰ ਦੀ

ਦੁਆ ਕਰਨ ਵਾਲਾ ਉਤਸਵ ਅਤੇ ਜਬਨ-ਰੱਤੀ ਖ਼ੂਬਸੂਰਤ ਲੜਕੀ ਰਾਹੀਂ ਰਾਜੇ ਦੀ ਲੰਮੀ ਉਮਰ ਦੀ ਕਾਮਨਾ ਆਦਿ ਉਪ-ਬਿਰਤਾਂਤਕ ਖੰਡਾਂ ਦੇ ਚਿਤਰਨ ਦੁਆਰਾ ਅਜਿਹੀ ਰਚਨਾਤਮਿਕ ਭੂਮੀ ਤਿਆਰ ਕਰਦਾ ਹੈ ਜਿਸ ਉਪਰ ਮਨੁੱਖੀ ਵਿਵਹਾਰ ਦਾ ਕਾਮਨਾ-ਪਰਕ ਬ੍ਰਹਿਮੰਡ ਉਸਾਰਿਆ ਜਾ ਸਕਦਾ ਹੈ। ਜਿਵੇਂ

ਨਟੀ : ਪਰ ਮੈਨੂੰ ਈਕਣ ਜਾਪਦੈ
ਜਿਉਂ ਚਾਨਣ ਦਾ ਦਰਿਆ
ਇਹਦੀ ਮਹਿਕ ਜਿਵੇਂ ਇਕ ਕੁੜੀ ਚਿੜੀ
ਜ੍ਹਿਦਾ ਸੱਜਣ ਦੂਰ ਗਿਆ
ਅਗਨ ਵਰੇਸੇ ਵਟਨਾ ਮਲ ਮਲ
ਰਹੀ ਜੋ ਨਗਨ ਨਹਾ
ਪਾਣੀ ਪਾ ਪਾ ਅਗਨ ਬੁਝਾਵੇ
ਅੱਗ ਨਾ ਬੁਝਣ ਜਾ।[1]

ਇਸੇ ਤਰ੍ਹਾਂ :-

ਇਹ ਕਿਹਾ ਸੁਹਾਵਾ ਦੇਸ਼ ਹੈ
ਤੇ ਕਿਹੀ ਨਸ਼ੀਲੀ 'ਵਾ
ਇਹ ਸੁਆਦ ਸੁਆਦ ਹੈ ਜਿਨ੍ਹਾਂ ਨੂੰ
ਹੈ ਅੰਬਰ ਚੁੰਮ ਰਿਹਾ
ਕੋਈ ਜੀਕਣ ਪ੍ਰੇਮੀ ਪ੍ਰੇਮ ਤੋਂ
ਇਕ ਉਮਰਾ ਬਾਂਝ ਰਿਹਾ
ਉਸ ਅੰਭੇ ਹੋਂਠ ਦਾ ਚੁੰਮਣਾ
ਪਰ ਭੁੱਖਾ ਫੇਰ ਰਿਹਾ।[2]

**2. ਪ੍ਰਕਿਰਤਕ ਪ੍ਰਤੀਕ-ਪ੍ਰਬੰਧ ਰਾਹੀਂ ਕਾਸਮਿਕ-ਸੱਚ ਨਾਲ਼ ਸੰਵਾਦ**

ਇਸ ਪ੍ਰਕਾਰ ਸੂਤਰਧਾਰ ਅਤੇ ਨਟੀ ਆਪਣੇ ਕਥਨਾਂ ਰਾਹੀਂ ਮਨੁੱਖੀ ਹੋਂਦ ਦੇ ਦੁਆਲੇ ਅਜਿਹੇ ਪ੍ਰਕਿਰਤਿਕ-ਸੰਦਰਭਾਂ ਦੀ ਸਿਰਜਣਾ ਕਰਦੇ ਹਨ, ਜੋ ਮਨੁੱਖੀ ਹੋਂਦ ਦੇ ਅੰਦਰਲੇ ਸੱਚ ਦਾ ਕਾਸਮਿਕ-ਸੱਚ ਨਾਲ਼ ਸੰਵਾਦ ਕਾਇਮ ਕਰਾ ਦਿੰਦੇ ਹਨ ਜਿਸਦੇ ਸਿੱਟੇ ਵਜੋਂ ਮਨੁੱਖੀ ਕਾਮਨਾ ਉਸਦੀ ਹੋਂਦ ਦੇ ਅਜਿਹੇ ਪ੍ਰਤਿਮਾਨਾਂ ਅਤੇ ਪ੍ਰਮਾਣਿਕ ਸੰਦਰਭਾਂ ਰਾਹੀਂ ਪੇਸ਼ ਹੁੰਦੀ ਹੈ, ਜਿਸ ਦੇ ਫਲਸਰੂਪ ਉਸਦੇਂ ਸਮੁੱਚੇ ਵਿਵਹਾਰ ਦੇ ਸਮਸਤ ਪ੍ਰਸੰਗ ਪ੍ਰੇਰਤ ਹੁੰਦੇ ਹਨ:

ਇਹ ਭਟਕਣ ਸਦਾ ਮਨੁੱਖ ਨੂੰ
ਅੱਗੇ ਰਹੀ ਚਲਾ
ਇਸ ਭਟਕਣ ਅੱਗੇ ਦੇਵਤੇ ਵੀ
ਜਾਂਦੇ ਸੀਸ ਨਿਭਾ।[3]

ਜ਼ਾਹਿਰ ਹੈ ਕਿ ਸ਼ਿਵ ਕੁਮਾਰ ਮਨੁੱਖ ਦੀ ਹੋਂਦ ਦਾ ਆਧਾਰ ਮਨੁੱਖ ਦੀ ਕਾਮਨਾ ਦੀ ਪੂਰਤੀ ਹਿਤ ਭਟਕਣਾ ਨੂੰ ਮਿਥਦਾ ਹੈ। ਇਸ ਕਰਕੇ ਇਸ ਭਟਕਣ ਦੀ ਅਵਸਥਾ ਦੀਆਂ ਚੰਗੇਰੀਆਂ ਸਿਰਜਣਾਤਮਿਕ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਦੇਵਤੇ ਵੀ ਨਮਸਕਾਰ ਕਰਦੇ ਹਨ। ਹੋਰ ਸਪਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸ਼ਿਵ ਕੁਮਾਰ ਇਸ ਰਚਨਾ ਵਿਚ ਪੇਸ਼ ਮਨੁੱਖ ਦੇ ਅਵਚੇਤਨ ਦੀ ਸੰਰਚਨਾਕਾਰੀ ਦਾ ਆਧਾਰ ਮਨੁੱਖ ਦੀ ਕਾਮਨਾ-ਮੂਲ਼ਕ ਭਾਸ਼ਾਈ-ਵਿਉਂਤ ਬਣਾਉਂਦਾ ਹੈ। ਜਿਸ ਕਰਕੇ ਵ੍ਰਿਤੀਆਤਮਕ ਸਰਗਰਮੀਆਂ ਦਾ

ਪ੍ਰੇਰਣਾ ਸ੍ਰੋਤ ਅਤੇ ਵਿਵਹਾਰਕ ਨਿਭਾਅ ਕਾਮਨਾ ਮਈ ਪ੍ਰਤੀਕਾਂ ਤੇ ਮਿੱਥ-ਪ੍ਰਬੰਧ ਦਾ ਨਿਰਮਾਣ ਕਰਕੇ ਮਨੁੱਖ ਨੂੰ ਉਦੱਾਤ ਦੀ ਸਥਿਤੀ ਵਲ ਲੈ ਜਾਣਾ ਹੋ ਨਿੱਬੜਦਾ ਹੈ। ਇਹ ਸਥਿਤੀ ਔਰਤ ਦੇ 'ਅਗਨ' ਵਿਚ ਰੂਪਾਂਤ੍ਰਿਤ ਹੋਣ ਦੀ ਮਿੱਥ ਨਾਲ਼ ਪੇਸ਼ ਹੁੰਦੀ ਹੈ। ਲੂਣਾ ਦਾ ਸਮੁੱਚਾ ਬਿਰਤਾਂਤ ਇਸ ਦੇ ਅਨੰਤ ਸੰਦਰਭਾਂ ਨੂੰ ਪੇਸ਼ ਕਰਦਾ ਹੈ।

**ਅ) ਕਾਮਨਾ ਮੂਲ਼ਕ ਮਿੱਥ-ਪ੍ਰਬੰਧ ਸਿਰਜਣ ਦੇ ਪੈਟਰਨ**

ਸ਼ਿਵ ਕੁਮਾਰ 'ਲੂਣਾ' ਦੀ ਬਿਰਤਾਂਤਕ ਉਸਾਰੀ ਸਮੇਂ ਕਾਮਨਾ-ਮੂਲ਼ਕ ਮਿੱਥ-ਪ੍ਰਬੰਧ ਨੂੰ ਸਿਰਜਣ ਦੇ ਤਿੰਨ ਮੁੱਖ ਪੈਟਰਨ ਸਿਰਜਦਾ ਹੈ। ਪਹਿਲਾ ਅਹਿਮ ਪੈਟਰਨ ਲੂਣਾ ਦੇ ਕਿਰਦਾਰ ਦੀ ਪੁਨਰ-ਵਿਉਂਤ ਕਰਕੇ ਕਾਮਨਾ ਨੂੰ ਮਨੁੱਖ ਦੀ ਪ੍ਰਮਾਣਿਕ ਸਥਿਤੀ ਸਾਬਤ ਕਰਦਾ ਹੈ। ਜਿਸਨੂੰ ਈਰਾ ਤੇ ਮਥਰੀ ਦਾ ਕਿਰਦਾਰ ਵਿਸ਼ੇਸ਼ ਵਿਆਪਕਤਾ ਪ੍ਰਦਾਨ ਕਰਦਾ ਹੈ। ਦੂਜਾ, ਪੂਰਨ ਦੇ ਕਿਰਦਾਰ ਵਿਚ ਤਬਦੀਲੀ ਕਰਕੇ ਉਸਨੂੰ ਨਿਰੋਲ ਤਿਆਗੀ ਦੇ ਰੂਪ ਵਿਚ ਪੇਸ਼ ਕਰਨ ਦੀ ਥਾਂ ਕਾਮਨਾ ਦੀ ਅਹਿਮੀਅਤ ਨੂੰ ਪਹਿਚਾਨਣ ਵਾਲਾ ਕਿਰਦਾਰ ਬਣਾਇਆ ਗਿਆ ਹੈ, ਜੋ ਮਨੁੱਖੀ ਜੀਵਨ ਵਿਚ ਵਿਦਮਾਨ ਕਾਮਨਾ ਦੀ ਵਿਆਪਕਤਾ ਨੂੰ ਸਥਾਪਤ ਕਰਦਾ ਹੈ। ਤੀਜਾ, ਪੈਟਰਨ ਸਲਵਾਨ ਦੇ ਕਿਰਦਾਰ ਰਾਹੀਂ ਪੇਸ਼ ਹੁੰਦਾ ਹੈ, ਜਿਸ ਵਿਚ ਕਾਮ-ਵਿਕ੍ਰਿਤੀ ਅਤੇ ਮਾਨਵੀ ਕਾਮਨਾ ਦੇ ਵਿਰੋਧਾਤਮਿਕ ਪ੍ਰਸੰਗਾਂ ਰਾਹੀਂ ਹੋਂਦ-ਸ਼ੀਲ ਹੋਣ ਵਾਲੇ ਅਸੰਤੁਲਤ ਮਾਨਵੀ ਵਿਵਹਾਰ ਦੀ ਪੇਸ਼ਕਾਰੀ ਕੀਤੀ ਗਈ ਮਿਲਦੀ ਹੈ। ਇਸ ਤਰ੍ਹਾਂ ਸ਼ਿਵ ਕੁਮਾਰ ਲੂਣਾ ਦਾ ਮਿੱਥ-ਪ੍ਰਬੰਧ ਸਿਰਜਣ ਸਮੇਂ ਪਰੰਪਰਕ ਮਿੱਥ-ਪ੍ਰਬੰਧ ਵਿਚ ਤਾਰਕਿਕ ਰੂਪਾਂਤਰਣ ਕਰਦਾ ਹੈ। ਲੂਣਾ ਪੂਰਨ ਕਾਵਿ ਦਾ ਪਰੰਪਰਕ ਮਿੱਥ-ਪ੍ਰਬੰਧ ਜਿਥੇ ਕਾਮਨਾ ਦੇ ਤਿਆਗ ਨਾਲ਼ ਉਤਪ੍ਰੇਤ ਨੈਤਿਕਤਾ ਦੇ ਤਰਕ ਦਾ ਸੰਚਾਰ ਕਰਦਾ ਹੈ, ਉਥੇ ਇਹ ਰਚਨਾ ਕਾਮਨਾ ਦੀ ਪੂਰਤੀ ਨਾਲ਼ ਲਬਰੇਜ਼ ਤਰਕ ਦਾ ਸੰਚਾਰ ਕਰਦੀ ਹੈ।

**1. ਲੂਣਾ ਦੇ ਕਿਰਦਾਰ ਦੀ ਪੁਨਰ-ਵਿਉਂਤ**

ਕਾਮਨਾ ਦੇ ਤਰਕ ਨੂੰ ਸਿਰਜਣ ਵਾਲੇ ਮਿੱਥ-ਪ੍ਰਬੰਧ ਦੀ ਪੇਸ਼ਕਾਰੀ ਲਈ ਲੂਣਾ ਦੇ ਕਿਰਦਾਰ ਨੂੰ ਪੁਨਰ-ਵਿਉਂਤਿਆ ਗਿਆ ਹੈ। ਲੂਣਾ ਜ਼ਾਹਿਰਾ ਰੂਪ ਵਿਚ ਆਪਣੀ ਹੋਂਦ ਨੂੰ ਕਾਮਨਾ ਦੇ ਸੰਦਰਭ ਵਿਚ ਪਰਿਭਾਸ਼ਿਤ ਕਰਦੀ ਹੈ ਅਤੇ ਕਾਮਨਾ ਦੀ ਅਪੂਰਤੀ ਨੂੰ ਆਪਣੇ ਦੁਖਾਂਤ ਦਾ ਸਿਰਜਨ ਤਸਲੀਮ ਕਰਦੀ ਹੈ;

ਪਰ ਸਈਓ
ਮੈਂ ਕੈਸੀ ਅੱਗ ਹਾਂ
ਕੈਸੇ ਮੇਰੇ ਲੇਖ
ਇਕ ਤਾਂ ਮੁਖ ਦਾ ਸੂਰਜ ਬਲਦਾ
ਦੂਜਾ ਥਲ ਪੈਰਾਂ ਦੇ ਹੇਠ
ਤੀਜੇ ਮਚਦੀ ਬੈਠੀ ਦੇਹ ਦੇ
ਅਗਨ ਬਿਰਛ ਦੇ ਹੇਠ
ਫਿਰ ਵੀ ਸਈਓ,
ਬੁਝਦਾ ਜਾਂਦਾ
ਇਸ ਅਗਨੀ ਦਾ ਸੇਕ
ਜੋ ਬਾਬਲ ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ
ਨੀ ਮੈਂ ਅੱਗ ਟੁਰੀ ਪਰਦੇਸ।[4]

ਇਸ ਪ੍ਰਕਾਰ ਲੂਣਾ ਕਾਮਨਾ ਸੰਪੰਨ ਮਾਨਵੀ ਸਥਿਤੀ ਨੂੰ ਅੱਗ ਦੀ ਮਿੱਥ ਨਾਲ਼ ਪੇਸ਼ ਕਰਦੀ ਹੈ। ਮਨੁੱਖੀ ਹੋਂਦ ਦਾ ਸੰਤੁਲਨ ਕਾਮਨਾ ਦੀ ਪੂਰਤੀ ਨਾਲ਼ ਹੀ ਸੰਭਵ ਹੁੰਦਾ ਹੈ। ਇਸ ਵਾਸਤੇ ਉਸਨੂੰ ਸਲਵਾਨ ਦੀਆਂ ਰਾਜਾਸ਼ਾਹੀਆਂ ਤੋਂ ਵੱਧ ਦੇਹ-ਮੂਲ਼ਕ ਆਨੰਦ ਤੋਂ ਤ੍ਰਿਪਤ ਹੋਣਾ ਮਹੱਤਵਪੂਰਨ ਲੱਗਦਾ ਹੈ। ਉਸ ਲਈ ਸਲਵਾਨਸ਼ਾਹੀ ਨੂੰ ਧਾਰਨ ਕਰਨਾ ਮਾਨਵੀ ਉਦੱਾਤ ਨਹੀਂ ਸਗੋਂ ਦੇਹ ਮੂਲ਼ਕ ਅਨੰਦ ਨੂੰ ਪ੍ਰਾਪਤ ਕਰਨਾ ਅਤੇ ਉਸਨੂੰ ਸਿਰਜਣਾਤਮਿਕ ਪ੍ਰਕਾਰਜਾਂ ਲਈ ਲੀਨ ਕਰਨਾ ਹੀ ਮਨੁੱਖ ਦਾ ਉਦੱਾਤ ਹੈ ਜਿਵੇਂ:

ਬੇਸ਼ਕ ਚੰਬਾ, ਚੰਬਾ
ਪਰ ਕੁਮਲਾਇਆ ਮੰਦਾ,
ਮਹਿਕ ਨਖੁੱਟੇ ਚੰਬੇ ਤੋਂ
ਵਣ ਗੇਂਦਾ ਚੰਗਾ
ਬਿਨਾਂ ਹਾਣ ਜਿਸਮਾਂ ਦਾ ਪਾਣੀ
ਬਣੇ ਨਾ ਗੰਗਾ
ਅੱਧ-ਅੰਗੇ ਤੋਂ ਚੰਗਾ ਨੀ
ਮੈਨੂੰ ਭਿੱਟ-ਅੰਗਾ।
ਅੱਧ-ਅੰਗੇ ਦੀ ਰਾਣੀ ਤੋਂ,
ਮੈਂ ਭਲੀ ਚਮਾਰੀ
ਬੁਝੇ ਹਵਨ ਕੁੰਡ ਤੋਂ
ਚੁਲ੍ਹੇ ਭਰੀ ਅੰਗਾਰੀ
ਚੰਨ ਚੌਥ ਦੇ ਕੋਲੋਂ
ਚੰਗੀ ਰਾਤ ਅੰਧਾਰੀ
ਹਾਣ ਨੂੰ ਕਹਿੰਦੇ ਹਾਣ
ਅੱਗ ਨੂੰ ਅੱਗ ਪਿਆਰੀ।[5]

ਲੂਣਾ ਲਈ ਔਰਤ ਦੇ ਰਿਸ਼ਤੇ ਦਾ ਸੰਤੁਲਨ 'ਹਾਣ' ਦੀ ਜੁਗਤ ਨਾਲ਼ ਸੰਭਵ ਹੁੰਦਾ ਹੈ। ਹਾਣ ਦਾ ਅਰਥ ਉਮਰ ਦੀ ਸਮਾਨਤਾ ਦੇ ਨਾਲ਼ ਨਾਲ਼ ਮਾਨਸਿਕ ਅਤੇ ਸਰੀਰਕ ਸੰਕਲਪਨਾਵਾਂ ਦੇ ਸੰਦਰਭ ਵਿਚ ਹੀ ਮੰਨਿਆ ਜਾਂਦਾ ਹੈ। ਲੂਣਾ ਦੇ ਕਾਮਨਾ-ਮੂਲ਼ਕ ਸਵੈ ਲਈ ਰਾਜਾ ਸਲਵਾਨ ਹੋਂਦ-ਹੀਣ ਹੈ। ਜਿਸ ਕਰਕੇ ਮਾਨਸਿਕ ਪੱਧਰ ਉੱਤੇ ਉਸਨੂੰ ਪਿਤਾ ਤਸਲੀਮ ਕਰ ਰਹੀ ਹੈ। ਉਸ ਨਾਲ਼ ਸਰੀਰਕ ਸੰਬੰਧ ਰਹਿਣ ਦੇ ਬਾਵਜੂਦ ਵੀ ਲੂਣਾ ਪੂਰੀ ਤਰ੍ਹਾਂ ਇਨ੍ਹਾਂ ਸੰਬੰਧਾਂ ਤੋਂ ਨਿਰਲੇਪ ਹੈ ਕਿਉਂਕਿ ਇਹ ਸੰਬੰਧ ਕਾਮਨਾ ਨਾਲ਼ ਲਬਰੇਜ਼ ਹੋਣ ਦੀ ਥਾਂ ਸਲਵਾਨ ਦੀ ਕਾਮ-ਵਿਕ੍ਰਿਤੀ ਵਿਚੋਂ ਉਪਜੇ ਹੋਏ ਹਨ। ਤਾਂ ਹੀ ਲੂਣਾ ਆਪਣੇ ਆਪਨੂੰ 'ਸੁੱਚਾ ਪਿੰਡਾ' ਰੱਖਣ ਵਾਲੀ ਔਰਤ ਸਮਝ ਰਹੀ ਹੈ। ਸਲਵਾਨ ਉਸਨੂੰ ਆਪਣੀ ਧੀ ਦਾ ਰੂਪ ਹੰਢਾ ਰਿਹਾ ਲੱਗਦਾ ਹੈ ਅਤੇ ਉਹ ਆਪਣੇ ਆਪ ਨੂੰ ਕਿਸੇ 'ਅਗਨ ਮਿਰਗ' ਤੋਂ ਅੱਗ ਦੀ ਖਾਹਿਸ਼ ਰੱਖਣ ਵਾਲੀ ਕੁਆਰੀ ਮਹਿਸੂਸ ਕਰਦੀ ਹੈ।

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ

ਚਿਤਰਹੀਣ ਕਹੇ ਕਿਉਂ
ਜੀਭ ਜਹਾਨ ਦੀ ?
----- -----
----- -----
ਲੂਣਾ ਹੋਵੇ ਤਾਂ ਅਪਰਾਧਣ
ਜੇਕਰ ਅੰਦਰੋਂ ਹੋਵੇ ਸੁਹਾਗਣ
ਮਹਿਕ ਉਹਦੀ ਜੇ ਹੋਵੇ ਦਾਗਣ
ਮਹਿਕ ਮੇਰੀ ਤਾਂ ਕੰਜਕ
ਮੈਂ ਹੀ ਜਾਣਦੀ।[6]

ਸਪਸ਼ਟ ਹੈ ਕਿ ਕਾਮਨਾ ਦਾ ਤਰਕ ਨਵੀਂ ਕਿਸਮ ਦੀ ਨੈਤਿਕਤਾ ਦਾ ਨਿਰਮਾਣ ਕਰ ਲੈਂਦਾ ਹੈ। ਜਿਸ ਵਿਚ ਲੂਣਾ 'ਪਤੀ' 'ਸੁਹਾਗਣ' 'ਕੰਜਕ' ਦੀ ਪਰੰਪਰਕ ਨੈਤਿਕਤਾ ਹੀ ਤਬਦੀਲ ਕਰ ਦਿੰਦੀ ਹੈ। ਉਸ ਲਈ ਉਹ ਵਿਵਹਾਰ ਹੀ ਨੈਤਿਕ ਹੈ, ਜੋ ਕਾਮਨਾ ਦੇ ਦਮਨ ਤੋਂ ਮੁਕਤ ਹੈ। ਕਾਮਨਾ ਦਾ ਦਮਨ ਕਰਨ ਵਾਲੀ ਪਰੰਪਰਕ ਨੈਤਿਕਤਾ ਨੂੰ ਉਹ ਅਨੈਤਿਕਤਾ ਦੇ ਰੂਪ ਵਿਚ ਪਰਿਭਾਸ਼ਤ ਕਰਦੀ ਹੈ ਅਤੇ ਪੂਰਨ ਦੇ ਹਾਣ ਨੂੰ ਆਪਣੀ ਕਾਮਨਾ ਦੀ ਤ੍ਰਿਪਤੀ ਦਾ ਆਧਾਰ ਮੰਨਦੀ ਹੈ।

ਨਾ ਇਹਨੂੰ ਬਾਗ ਬਗ਼ੀਚਾ ਭਾਵੇ
ਮਹਿਲਾਂ ਦੀ ਛਾਂ ਰਾਸ ਨਾ ਆਵੇ
ਨਾ ਰਾਜੇ ਦੀ ਸੇਜ਼ ਸੁਖਾਵੇ
ਨਾ ਸੋਨੇ ਦਾ ਘਾ ਹੀ ਭਾਵੇਂ
ਅੱਗ ਦਾ ਮਿਰਗ ਅੰਗਾਰੇ ਚਾਹਵੇ
ਮਰੇ ਪਿਆ ਪੂਰਨ ਦੇ ਹਾਵੇ।[7]

ਇਸ ਤਰ੍ਹਾਂ ਲੂਣਾ ਲਈ ਅਗਨ ਮਿਰਗ ਨੂੰ ਅੱਗ ਦੇਣ ਵਾਲਾ, 'ਹਾਣ' ਦੀ ਨੈਤਿਕਤਾ ਨਾਲ਼ ਸਰਸ਼ਾਰ ਪੂਰਨ ਤ੍ਰਿਪਤੀਆਂ ਦਾ ਕੇਂਦਰ ਹੈ। ਇਸ ਕਰਕੇ ਉਹ ਉਸਨੂੰ ਆਪਣਾ ਪੁੱਤਰ ਨਹੀਂ ਮੰਨਦੀ। ਨਾ ਹੀ ਪੂਰਨ ਉਸਦੇ ਗਰਭ ਵਿਚੋਂ ਪੈਦਾ ਹੋਇਆ ਅਤੇ ਨਾ ਉਮਰ ਵਿਚ ਉਹ ਉਸਦੇ ਪੁੱਤਰ ਦਾ ਰੂਪ ਧਾਰ ਸਕਦਾ ਹੈ। ਸਗੋਂ ਉਹ ਦੋਵੇਂ ਉਮਰ ਦੇ 'ਸਾਵੇਂ ਕੋਹ' ਤੇ ਖੜ੍ਹੇ ਹਨ। ਲੂਣਾ ਦਾ ਕਾਮਨਾਮੂਲਕ ਸਵੈ ਵਾਸਤਵਿਕਤਾ ਦੀ ਇਸ ਦੁਫੇੜ ਨੂੰ ਸਵੀਕਾਰਨ ਲਈ ਸਰਗਰਮ ਹੈ, ਜਦੋਂਕਿ ਈਰਾ ਤੇ ਮਥਰੀ ਇਸ ਦੁਫੇੜ ਨੂੰ ਪਰੰਪਰਕ ਨੈਤਿਕਤਾ ਦੀ ਪ੍ਰੇਰਣਾ ਦੇ ਕੇ ਪੂਰਨ ਨਾਲ਼ ਆਦਰਸ਼ ਮਾਂ ਵਾਲਾ ਵਿਵਹਾਰ ਕਰਨ ਦੀ ਸਲਾਹ ਦਿੰਦੀਆਂ ਹਨ। ਸ਼ਿਵ ਕੁਮਾਰ ਮਨੁੱਖੀ ਹੋਂਦ ਨੂੰ ਦੁਫੇੜਾਂ ਵਿਚ ਜਿਉਣ ਵਾਲੀ ਸ਼ੈਅ ਮੰਨਦਾ ਹੈ, ਜਿਸ ਕਰਕੇ ਲੂਣਾ ਨੈਤਿਕਤਾ ਅਤੇ ਅਨੈਤਿਕਤਾ ਵਿਚ ਝੂਟਣ ਨੂੰ ਆਪਣੀ ਅਤੇ ਪੂਰਨ ਦੀ ਹੋਣੀ ਦਾ ਸੱਚ ਮੰਨਦੀ ਹੈ। ਇਸ ਲਈ ਉਹ ਪੂਰਨ ਨੂੰ ਲੂਣਾ ਨੂੰ ਮਾਂ ਅਤੇ ਮਹਿਬੂਬਾ ਦੋਵੇਂ ਮੰਨਣ ਲਈ ਪ੍ਰੇਰਦੀ ਹੈ। ਜਿਵੇਂ

ਸਰਪ ਦੁਫਾੜੀ ਜੀਭਾ ਵਾਕਿਣ
ਇਕ ਸੰਗ ਮੈਨੂੰ
ਮਾਂ ਮਾਂ ਆਖੇ

ਦੂਜੀ ਸੰਗ ਮਹਿਬੂਬਾ ਆਖੇ।[8]

ਇਸ ਪ੍ਰਕਾਰ :

ਹਰ ਮਹਿਬੂਬਾ ਦੇ ਚਿਹਰੇ ਵਿਚ ਮਾਂ ਹੁੰਦੀ ਹੈ
ਤੇ ਹਰ ਮਾਂ ਦੇ ਚਿਹਰੇ ਵਿਚ ਮਹਿਬੂਬਾ।[9]

ਕਾਮਨਾ ਦੀ ਪੂਰਤੀ ਅਤੇ ਅਪੂਰਤੀ ਦੀ ਇਹ ਦੁਫੇੜ ਹੀ ਮਨੁੱਖੀ ਹੋਂਦ ਦੀ ਪ੍ਰਮਾਣਿਕਤਾ ਸਾਬਤ ਹੁੰਦੀ ਹੈ। ਇਸ ਕਰਕੇ ਲੂਣਾ ਕਾਮਨਾ ਦੀ ਪੂਰਤੀ ਪੂਰਨ ਤੋਂ ਲੱਭਦੀ ਹੈ ਪਰ ਇਸ ਦੁਫੇੜ ਦੇ ਕਾਰਨ ਕਾਮਨਾ ਦੀ ਪੂਰਤੀ ਕਰਨ ਤੋਂ ਅਸਫਲ ਰਹਿੰਦੀ ਹੈ। ਇਸ ਕਰਕੇ ਹੀ ਉਹ ਜ਼ਿੰਦਗੀ ਦੇ ਸਕਾਰਾਤਮਿਕ ਅਤੇ ਸਿਰਜਣਸ਼ੀਲ ਪ੍ਰਸੰਗਾਂ ਤੋਂ ਬੇਮੁੱਖ ਹੋ ਕੇ ਵਿਨਾਸ਼ਕਾਰੀ ਸਰਗਰਮੀਆਂ ਆਰੰਭ ਕਰ ਦਿੰਦੀ ਹੈ। ਇਹ ਹੀ ਉਸਦੀ ਸ਼ਖ਼ਸੀਅਤ ਵਿਚ ਅਸੰਤੁਲਨ ਦੀ ਅਵਸਥਾ ਹੈ, ਜੋ ਕਾਮਨਾ ਦੇ ਨਿਖੇਧ ਜਾਂ ਦਮਨ ਤੋਂ ਬਾਅਦ ਸੰਭਵ ਹੁੰਦੀ ਹੈ। ਸਿੱਟੇ ਵਜੋਂ ਉਹ ਪੂਰਨ ਨੂੰ ਆਪਣੇ ਕਾਮਨਾ-ਮਈ ਬ੍ਰਹਿਮੰਡ ਵਿਚ ਖ਼ਤਮ ਕਰਨ ਲਈ ਸਲਵਾਨ ਦੀ ਸਲਵਾਨਸ਼ਾਹੀ ਨੂੰ ਵਰਤ ਲੈਂਦੀ ਹੈ ਅਤੇ ਪੂਰਨ ਨੂੰ ਮੌਤ ਦੀ ਸਜ਼ਾ ਦਿੰਦੀ ਹੈ।

ਪੂਰਨ, ਜੇ ਤੂੰ ਧੁੱਪ ਨਾ ਵੇਚੀ
ਮੈਂ ਆਪਣੀ ਛਾਂ ਵੇਚ ਦਿਆਂਗੀ
ਧੁੱਪ ਬਿਨ ਜੀਅ ਕੇ ਵੇਖ ਚੁੱਕੀ ਹਾਂ
ਛਾਂ ਬਿਨ ਜੀ ਕੇ
ਵੇਖ ਲਵਾਂਗੀ।[10]

ਛਾਂ ਤੋਂ ਬਿਨਾਂ ਜੀਣ ਦੀ ਇਸ ਕਠਿਨ ਪ੍ਰੀਖਿਆ ਵਿਚ ਲੂਣਾ ਪੂਰਨ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਲਈ ਉਸ ਉਪਰ ਤੋਹਮਤ ਲਾ ਕੇ ਉਸਨੂੰ ਸਲਵਾਲ ਹੱਥੋਂ ਕਤਲ ਕਰਵਾ ਦਿੰਦੀ ਹੈ। ਪਰ ਬਿਰਤਾਂਤ ਵਿਚ ਇਸ ਘਟਨਾ ਨੂੰ ਵੀ ਨਵੇਂ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਲੂਣਾ ਪੂਰਨ ਦੇ ਖ਼ੂਨ ਨਾਲ਼ ਸ਼ਿੰਗਾਰ ਨਹੀਂ ਕਰਦੀ ਸਗੋਂ ਉਸਦੀ ਤੜਪਦੀ ਲਾਸ਼ ਦੇ ਸਾਹਮਣੇ ਰੋ ਰਹੀ ਹੈ। ਇਸ ਪ੍ਰਕਾਰ ਉਹ ਪੂਰਨ ਦੀ ਪੂਰਨਤਾ ਵਿਚ ਆਪਣੇ ਹੀ ਅੰਦਾਜ਼ ਵਿਚ ਸਹਾਈ ਹੁੰਦੀ ਹੈ। ਇਸ ਨਾਲ਼ ਪੂਰਨ ਨੂੰ ਵੀ ਅਸਤਿਤਵੀ ਪੂਰਨਤਾ ਹਾਸਲ ਹੁੰਦੀ ਹੈ ਤੇ ਲੂਣਾ ਵੀ ਉਸਦੀ ਅਣਹੋਂਦ ਵਿਚ ਸੰਤੁਲਨ ਦਾ ਰਾਹ ਤਲਾਸ਼ ਕਰਦੀ ਹੈ:

ਅੱਜ ਸੋਚ ਕੇ ਉਹਦੀ ਹੋਂਦ ਦੀ
ਜੜ੍ਹ ਤੇ ਮੈਂ ਮਾਰੇ ਪੈਰ ਨੇ
ਪਾਕੀਜ਼ਗੀ ਉਹਦੀ 'ਚ ਘੋਲ਼ੇ
ਦੋਸ਼ ਦੇ ਕੇ, ਜ਼ਹਿਰ ਨੇ
ਇਸ ਦੋਸ਼ ਸੰਗ ਉਹਦੀ ਹੋਂਦ ਨੂੰ
ਕੁਝ ਫੁੱਲ ਐਸੇ ਪੈਣਗੇ
ਜੋ ਜਨਮ ਜਨਮਾਂਤਰ ਲਈ
ਧਰਤੀ 'ਤੇ ਟਹਿਕੇ ਰਹਿਣਗੇ
ਜਦ ਲੋਕ ਕਿਧਰੇ ਜੁੜਨਗੇ
ਜਦ ਲੋਕ ਕਿਧਰੇ ਬਹਿਣਗੇ
ਪੂਰਨ ਦੇ ਸੁੱਚੇ ਫੁੱਲ ਦੀ
ਉਹ ਬਾਤ ਰਲ ਕੇ ਪਾਣਗੇ

ਲੂਣਾ ਨੂੰ ਗਾਲ੍ਹਾਂ ਦੇਣਗੇ
ਪੂਰਨ ਨੂੰ ਗਲ਼ ਨਾਲ ਲਾਣਗੇ
-------------------
ਸ਼ਾਇਦ ਕਿਸੇ ਸਲਵਾਨ ਸੰਗ
ਲੂਣਾ ਨਾ ਫਿਰ ਪਰਨਾਣਗੇ
ਮੇਰੇ ਜਿਹੀ ਕਿਸੇ ਧੀ ਦੇ
ਅਰਮਾਨ ਨਾ ਰੁੱਲ਼ ਜਾਣਗੇ
ਪੂਰਨ ਜਿਹੇ ਕਿਸੇ ਪੁੱਤ ਨਾ
ਦਾਗ ਦਿਲ ਦੇ ਖਾਣਗੇ।[11]

ਇਸ ਤਰ੍ਹਾਂ ਲੂਣਾ ਪੂਰਨ ਦੀ ਮੌਤ ਨੂੰ ਕਾਮਨਾ ਦੀ ਸਾਰਥਿਕਤਾ ਹਿਤ ਪੇਸ਼ ਕਰਦੀ ਹੈ। ਇਸ ਕਰਕੇ ਸ਼ਿਵ ਕੁਮਾਰ ਦੇ ਇਸ ਕਾਵਿ-ਨਾਟ ਵਿਚ ਲੂਣਾ ਦਾ ਕਿਰਦਾਰ ਆਪਣੇ ਸਾਰੇ ਸੰਕਲਪਾਂ ਅਤੇ ਅਰਥ-ਘੇਰਿਆਂ ਸਮੇਤ ਕਾਮਨਾ ਨੂੰ ਸਥਾਪਤ ਕਰਨ ਵਾਲੇ ਮਿੱਥ-ਪ੍ਰਬੰਧ ਦੇ ਪੈਰਾਡਾਈਮ ਦੀ ਸਿਰਜਣਾ ਕਰਦਾ ਹੈ। ਲੂਣਾ ਦਾ ਕਿਰਦਾਰ ਕਾਮਨਾ ਨੂੰ ਮਾਨਵੀ ਹੋਂਦ ਲਈ ਬੁਨਿਆਦੀ ਸੱਚ ਦੇ ਰੂਪ ਵਿਚ ਪੇਸ਼ ਕਰਦਾ ਹੈ ਅਤੇ ਜ਼ਾਹਿਰ ਰੂਪ ਵਿਚ ਬਿਆਨ ਕਰਦਾ ਹੈ ਕਿ ਕਾਮਨਾ ਦੀ ਅਪੂਰਤੀ ਮਨੁੱਖੀ ਵਿਵਹਾਰ ਵਿਚ ਅਸੰਤੁਲਨ ਪੈਦਾ ਕਰਦੀ ਹੈ ਜੋ ਵਿਨਾਸ਼ਕਾਰੀ ਹੁੰਦਾ ਹੈ ਪਰ ਇਸ ਦੀ ਪੂਰਤੀ ਮਨੁੱਖ ਨੂੰ ਸਕਾਰਾਤਮਿਕ ਸੰਦਰਭ ਪ੍ਰਦਾਨ ਕਰਨ ਦੀ ਸਹਿਜ਼ ਸਮਰਥਾ ਰੱਖਦੀ ਹੈ।

**2. ਪੂਰਨ ਦਾ ਚਿਤ੍ਰਾਤਮਿਕ ਪਰਿਵਰਤਨ**

ਇਸ ਬਿਰਤਾਂਤ ਦਾ ਦੂਜਾ ਬਿਰਤਾਂਤਕ ਪੈਟਰਨ ਪੂਰਨ ਦੇ ਕਿਰਦਾਰ ਨਾਲ਼ ਪੇਸ਼ ਹੁੰਦਾ ਹੈ। ਸ਼ਿਵ ਕੁਮਾਰ ਨੇ ਇਸ ਕਿਰਦਾਰ ਵਿਚ ਵੀ ਤਬਦੀਲੀ ਲਿਆਂਦੀ ਹੈ ਅਤੇ ਇਸਨੂੰ ਤਿਆਗੀ ਅਤੇ ਵੇਦਾਂਤੀ ਬਣਾਉਣ ਦੀ ਥਾਂ ਕਾਮਨਾ ਦੀ ਸਾਰਥਿਕਤਾ ਨੂੰ ਸਵੀਕਾਰ ਕਰਨ ਵਾਲਾ ਕਿਰਦਾਰ ਬਣਾਇਆ ਹੈ। ਇਸ ਕਰਕੇ ਪੂਰਨ ਕਾਮਨਾ ਦੇ ਨਿਖੇਧ ਜਾਂ ਦਮਨ ਦੇ ਸੱਚ ਨੂੰ ਤਸਲੀਮ ਨਹੀਂ ਕਰਦਾ, ਸਗੋਂ ਕਾਮਨਾ ਦੀ ਦਿਸ਼ਾ-ਮੂਲ਼ਕ ਪੂਰਤੀ ਦੀ ਵਜ਼ਾਹਤ ਕਰਦਾ ਹੈ। ਉਹ ਲੂਣਾ ਦੀ ਵ੍ਰਿਤੀਆਤਮਿਕਤਾ ਨੂੰ ਸਵੀਕਾਰ ਤਾਂ ਕਰਦਾ ਹੈ ਪਰ ਉਹ ਉਸਦੀ ਸਭਿਆਚਾਰਕ ਚੈਨਲਾਂ ਰਾਹੀਂ ਪੂਰਤੀ ਕਰਨ ਦੀ ਸਿਫ਼ਾਰਿਸ਼ ਕਰਦਾ ਹੈ। ਪੂਰਨ ਆਪਣੇ ਕਿਰਦਾਰ ਰਾਹੀਂ ਅਜਿਹੇ ਹੀ ਮਿੱਥ-ਪ੍ਰਬੰਧ ਦੀ ਸਿਰਜਣਾ ਕਰਦਾ ਹੈ ਜਿਸ ਕਾਮਨਾ ਦਾ ਮਨੁੱਖੀ ਹੋਂਦ ਲਈ ਮਹੱਤਵ ਸਵੀਕਾਰ ਤਾਂ ਕੀਤਾ ਗਿਆ ਪਰ ਕਾਮਨਾ ਦਾ ਮਨੁੱਖੀ ਵਿਵਹਾਰ ਦੇ ਸਕਾਰਾਤਮਿਕ ਪੱਖਾਂ ਲਈ ਇਸਦੇ ਦਿਸ਼ਾ-ਮੂਲ਼ਕ ਅਤੇ ਸੰਜਮੀ ਵਿਵਹਾਰ ਦੀ ਕਲਪਣਾ ਕਰਦਾ ਹੈ। ਇਸੇ ਕਰਕੇ ਇਹ ਕਾਦਰਯਾਰ ਦੇ ਪੂਰਨ ਵਾਂਗ ਤਿਆਗੀ ਨਹੀਂ ਅਤੇ ਨਾ ਹੀ ਪੂਰਨ ਸਿੰਘ ਦੇ ਪੂਰਨ ਵਾਂਗ ਵੇਦਾਂਤੀ ਹੈ, ਸਗੋਂ ਇਹ ਤਾਂ ਕਾਮਨਾ ਦੇ ਮਹੱਤਵ ਨੂੰ ਸਵੀਕਾਰ ਕਰਨ ਵਾਲਾ , ਪਰੰਪਰਕ ਨੈਤਿਕਤਾ ਨਾਲ਼ ਲਬਰੇਜ਼ ਸੰਜਮੀ ਮਨੁੱਖ ਹੈ। ਲੂਣਾ ਜਦੋਂ ਪੂਰਨ ਨੂੰ ਇੰਦਰ ਅਤੇ ਐਂਦਰ ਦੀ ਬਿਰਹਾ ਦੀ ਕਥਾ ਸੁਣਾਉਂਦੀ ਹੈ ਤਾਂ ਪੂਰਨ ਦਾ ਪ੍ਰਤਿਕਰਮ ਧਿਆਨ ਦੇਣ ਯੋਗ ਹੈ;

ਮਾਂ ਜੀ ਕੈਸੀ ਮਿੱਠੜੀ ਕਥਾ ਸੁਣਾਈ ਹੈ
ਬੱਦਲਾਂ ਚੋਂ ਬਿਰਹਾ ਦੀ ਖੁਸ਼ਬੂ ਆਈ ਹੈ
ਜਿਵੇਂ ਐਂਦਰ ਦੇ ਹੰਝੂਆਂ ਝੜੀ ਲਗਾਈ ਹੈ।[12]

ਇਸ ਕਰਕੇ ਪੂਰਨ ਨੂੰ ਇੰਦਰ ਅਤੇ ਐਂਦਰ ਦੀ ਕਥਾ ਹੁਲਾਸ ਦਿੰਦੀ ਹੈ। ਪਰ ਇੱਥੇ ਮਸਲਾ ਪੂਰਨ ਦਾ ਆਪਣੀ ਐਂਦਰ ਭਾਵ ਲੂਣਾ ਨੂੰ ਪਹਿਚਾਣਨਾ ਹੈ, ਜਿਸਨੂੰ ਕੋਈ ਹੋਰ ਵਰ ਕੇ ਲੈ ਗਿਆ ਹੈ ਅਤੇ ਜਿਸਤੋਂ ਉਸਨੇ ਉਸਨੂੰ ਵਾਪਸ ਲੈਣਾ ਹੈ। ਪੂਰਨ ਕਿਉਂਕਿ ਕਾਮਨਾ ਦੇ ਦਿਸ਼ਾਮੂਲਕ ਅਤੇ ਸੰਜਮਸ਼ੀਲ ਪ੍ਰਵਾਹ ਨੂੰ ਮਾਨਵੀ ਹੋਂਦ ਦਾ ਸੱਚ ਮੰਨਦਾ ਹੈ, ਜਿਸ ਕਰਕੇ ਉਹ ਕਾਮਨਾ ਦੇ ਪ੍ਰਚੰਡ ਸੰਦਰਭਾਂ ਨੂੰ ਵਿਵਹਾਰਕ ਰੂਪ ਦੇਣ ਤੋਂ ਅਸਮਰਥ ਰਹਿੰਦਾ ਹੈ। ਇਸੇ ਕਰਕੇ ਉਹ ਔਰਤ ਦੇ ਸੰਕਲਪਤ ਰਿਸ਼ਤੇ ਨੂੰ ਸਵੀਕਾਰ ਕਰਕੇ ਉਸ ਵਿਚ 'ਮਾਂ' ਅਤੇ 'ਮਹਿਬੂਬਾ' ਦੀ ਦੁਪੱਖਤਾ ਨੂੰ ਇਕਰੂਪਤਾ ਵਿਚ ਬਦਲਣ ਤੋਂ ਇਨਕਾਰੀ ਹੋ ਜਾਂਦਾ ਹੈ ਅਤੇ ਉਸਨੂੰ ਮਾਂ ਦੇ ਅੰਦਰ ਹੀ ਮਹਿਬੂਬਾ ਨੂੰ ਰਚਾਉਣ ਦੀ ਸਲਾਹ ਦਿੰਦਾ ਹੈ।

ਉਸ ਕੁੜੀ ਨੂੰ ਪੂਰਨ ਦਾ ਸਤਿਕਾਰ ਨਹੀਂ
ਮਾਂ ਕਹਿਲਾਉਣੋ ਜੋ ਆਪਣਾ ਅਪਮਾਨ ਸਮਝਦੀ
ਮਹਿਬੂਬਾ ਕਹਿਲਾਉਣ ਦੀ ਵੀ
ਹੱਕਦਾਰ ਨਹੀਂ ਹੈ।
-----------------
ਉਸ ਨਾਰੀ ਵਿਚ ਨਾਰੀ ਹਾਲੇ ਸੀਮਤ
ਉਸ ਨਾਰੀ ਵਿਚ ਨਾਰੀ ਦਾ ਵਿਸਥਾਰ ਨਹੀਂ ।[13]

ਪੂਰਨ ਕਾਮਨਾ ਦੇ ਦੋ ਸੰਦਰਭਾਂ ਦੀ ਕਲਪਣਾ ਕਰਦਾ ਹੈ। ਪਹਿਲਾ ਸੰਦਰਭ ਵਕਤੀ ਅਤੇ ਅਸਥਾਈ ਸੱਚ ਹੈ , ਜੋ ਨਿਰੋਲ ਰੂਪ ਵਿਚ ਦੇਹ- ਮੂਲਕ ਹੈ। ਉਸ ਅਨੁਸਾਰ ਇਸ ਸੱਚ ਦੀ ਵਾਸਤਵਿਕਤਾ ਛਿਨ-ਭੰਗਰੀ ਹੈ ਅਤੇ ਛਿਨ-ਭੰਗਰੀ ਵਾਸਤਵਿਕਤਾ ਲਈ ਸੱਚ ਨੂੰ ਤਿਆਗਿਆ ਨਹੀਂ ਜਾ ਸਕਦਾ। ਕਾਮਨਾ ਉਸ ਲਈ ਸਿਰਫ ਦੇਹ-ਮੂਲਕ ਅਨੰਦ ਦੀ ਤ੍ਰਿਪਤੀ ਤੱਕ ਸੀਮਤ ਨਹੀਂ ਸਗੋਂ ਦੇਹ-ਮੂਲਕ ਅਨੰਦ ਦੇ ਵਿਸਤਾਰ ਤੱਕ ਹੈ। ਇਸੇ ਕਰਕੇ ਇਸਦਾ ਸੰਜਮੀ ਅਤੇ ਦਿਸ਼ਾਮੂਲਕ-ਨਿਭਾਅ ਅਸਤਿਤਵੀ ਪੂਰਤੀ ਤੋਂ ਵੱਧ ਅਸਤਿਤਵੀ ਉਦੱਾਤੀਕਰਣ ਵਲ ਲੈ ਜਾਂਦਾ ਹੈ।

ਤੈਨੂੰ ਪੂਰਨ ਵਿਚੋਂ ਕੁਝ ਕੁ ਹਿੱਸਾ
ਆਪਣਾ ਲੱਗਦਾ
ਉਸ ਪੂਰਨ ਦੇ ਹਿੱਸੇ ਦੀ
ਅੱਜ ਦੀ ਅੱਜ ਬਸ
ਮਾਂ ਤੂੰ ਬਣ ਜਾ
ਬਾਕੀ ਬਚੇ ਅਪੂਰਨ ਖਾਤਿਰ
ਤੂੰ ਧੁੱਪ ਬਣ ਜਾ
ਜਾਂ ਛਾਂ ਬਣ ਜਾ।[14]

ਪੂਰਨ ਦੇ ਕਾਮਨਾ ਮੂਲਕ ਮਿਥ-ਪ੍ਰਬੰਧ ਦੀ ਸਿਰਜਣਾ ਦੀ ਰੁਚੀ ਹੀ ਇਸ ਬਿਰਤਾਂਤ ਵਿਚ ਇਹ ਵਿਲੱਖਣਤਾ ਸਿਰਜਦੀ ਹੈ ਕਿ ਇਥੇ ਲੂਣਾ ਤਾਂ ਅਲੂਣੀ ਹੈ ਹੀ ਸਗੋਂ ਪੂਰਨ ਵੀ ਅਪੂਰਨ ਹੈ। ਜੇਕਰ ਉਹ ਅਲੂਣੀ ਲੂਣਾ ਨੂੰ ਦੇਹੀ ਅਨੰਦ ਪ੍ਰਦਾਨ ਕਰਕੇ ਅਧੂਰੀ ਤੋਂ ਪੂਰਾ ਕਰਦਾ ਹੈ ਤਾਂ ਆਪਣੀ ਪੂਰਨਤਾ ਲਈ ਰਿਸ਼ਤਿਆਂ ਦੇ ਪਵਿੱਤਰ ਪਾਸਾਰਾਂ ਦਾ ਸਹਾਰਾ ਲੂਣਾ ਤੋਂ ਮੰਗਦਾ ਹੈ ਜਦਕਿ ਲੂਣਾ ਉਸਨੂੰ ਰਿਸ਼ਤਿਆਂ ਦੇ ਬਹੁਪੱਖੀ ਸੰਦਰਭ ਪ੍ਰਦਾਨ ਕਰਨ ਲਈ ਕਾਮਨਾ ਦੀ ਤ੍ਰਿਪਤੀ ਦੀ ਮੰਗ ਕਰਦੀ ਹੈ। ਇਸ ਕਰਕੇ ਲੂਣਾ ਤੇ ਪੂਰਨ ਅੰਤਰ-ਸੰਬੰਧਤ ਮੁਕਤੀ ਦਾ ਮਾਰਗ ਵੀ ਬਣਦੇ ਹਨ ਅਤੇ ਇਕ ਦੂਜੇ ਦੇ ਵਿਨਾਸ਼ ਦਾ ਕਾਰਨ ਵੀ। ਪਰ ਪੂਰਨ ਦਾ ਸੰਜਮੀ

ਵਿਵਹਾਰ ਲੂਣਾ ਦੇ ਅਗਨ ਮਿਰਗ ਲਈ ਅੱਗ ਦੇਣ ਦੀ ਥਾਂ ਰਿਸ਼ਤੇ ਦੀ ਛਾਂ ਮੰਗ ਰਿਹਾ ਹੈ।

ਇਕ ਤਾਂ ਪੂਰਨ ਆਪਣੀ ਅੱਗ ਵਿਚ ਸੜਦਾ ਹੈ
ਦੂਜਾ ਆਪਣੀ ਮਾਂ ਦੇ
ਹਾਵੇ ਮਰਦਾ ਹੈ।
ਤੀਜਾ ਆਪਣੇ ਪਿਉ ਦੀ ਕਾਲੀ ਦੁਨੀਆਂ ਦੇ
ਮੂੰਹ ਤੇ ਪੈਂਦੇ ਪਰਛਾਵੇ ਤੋਂ ਡਰਦਾ ਹੈ
ਚੌਥਾ ਅੱਜ ਤੋਂ ਤੇਰਾ ਵਿਹੜਾ ਵੀ ਨਾ ਮੇਰਾ
ਮੇਰੇ ਲਈ ਤੇਰਾ ਵਿਹੜਾ ਵੀ ਬਲਦਾ ਹੈ।[15]

ਸਪਸ਼ਟ ਹੈ ਕਿ ਲੂਣਾ ਦੇ ਅਲੂਣੇਪਣ ਅਤੇ ਪੂਰਨ ਦੀ ਅਪੂਰਨਤਾ ਦੇ ਫਲਸਰੂਪ ਲੂਣਾ ਅਤੇ ਪੂਰਨ ਦੇ ਲਿਹਾਜ਼ ਨਾਲ਼ ਅਤੇ ਹੋਣੀ ਦੀ ਦ੍ਰਿਸ਼ਟੀ ਤੋਂ ਵੀ ਉਹ ਸਮਾਨਾਂਤਰ ਧਰੁਵਾਂ 'ਤੇ ਖੜ੍ਹੇ ਵਿਅਕਤੀ ਹਨ :

ਇਥੇ ਸਭ ਅਪੂਰਨ
ਪੂਰਨ ਕੋਈ ਨਹੀਂ
ਇਥੇ ਸਭ ਅਲੂਣੇ
ਲੂਣਾ ਕੋਈ ਨਹੀਂ।[16]

ਇਸ ਪ੍ਰਕਾਰ ਲੂਣਾ ਦੇ ਬਿਰਤਾਂਤ ਵਿਚ ਪੂਰਨ ਅਜਿਹੇ ਕਿਰਦਾਰ ਦੇ ਰੂਪ ਪੇਸ਼ ਹੁੰਦਾ ਹੈ, ਜੋ ਕਾਮਨਾ ਦੇ ਮਿੱਥ-ਪ੍ਰਬੰਧ ਨੂੰ ਸਿਰਜਣ ਵਿਚ ਸਾਰਥਿਕ ਅਤੇ ਦਾਰਸ਼ਨਿਕ ਭੂਮਿਕਾ ਅਦਾ ਕਰਦਾ ਹੈ। ਉਹ ਲੂਣਾ ਦੀ ਦੇਹਮੂਲ਼ਕ ਕਾਮਨਾ ਨੂੰ ਮਹੱਤਵ ਤਾਂ ਦਿੰਦਾ ਹੈ ਪਰ ਸਲਵਾਨ ਸ਼ਾਹੀ ਦੇ ਸਾਰੇ ਪਾਸਾਰਾਂ ਜਿਵੇਂ ਧਰਮ, ਨਿਆਂ, ਸੱਚ ਅਤੇ ਸੱਤਾ-ਮੂਲ਼ਕ ਸੰਦਰਭਾਂ ਨੂੰ ਨਕਾਰਦਾ ਹੈ। ਇਸੇ ਲਈ ਉਹ ਆਪਣੀ ਕਥਾ ਨੂੰ ਨਿਰਸ਼ਬਦਾ ਸੱਚ ਕਹਿ ਕੇ ਲੂਣਾ ਨਾਲ਼ ਪੂਰਨਤਾ ਦਾ ਰਿਸ਼ਤਾ ਸਿਰਜ ਲੈਂਦਾ ਹੈ। ਉਹ ਲੂਣਾ ਦੀ ਦੇਹਮੂਲ਼ਕਤਾ ਨੂੰ ਜੇਕਰ ਪੂਰਨ ਸੱਚ ਨਹੀਂ ਮੰਨਦਾ ਤਾਂ ਵੀ ਉਹ ਉਸਦੇ ਅੱਧੇ ਸੰਦਰਭਾਂ ਨੂੰ ਸਵੀਕਾਰ ਕਰਦਾ ਹੈ ਪਰ ਉਹ ਸਲਵਾਨ ਦੀ ਕਾਮਨਾ ਨੂੰ ਕਾਮ-ਵਿਕ੍ਰਿਤੀ ਦੇ ਰੂਪ ਵਿਚ ਪੇਸ਼ ਕਰਨ ਦੀ ਪ੍ਰਵਿਰਤੀ ਨੂੰ ਨਕਾਰਦਾ ਹੈ।

**3. ਸਲਵਾਨ ਦਾ ਅਸੰਤੁਲਿਤ ਮਾਨਵੀ-ਵਿਵਹਾਰ**

ਇਸ ਬਿਰਤਾਂਤ ਦਾ ਤੀਸਰਾ ਪੈਟਰਨ ਕਾਮਨਾ ਨੂੰ ਕਾਮ-ਵਿਕ੍ਰਿਤੀ ਦੇ ਰੂਪ ਵਿਚ ਪੇਸ਼ ਕਰਨ ਨਾਲ਼ ਉਪਜੇ ਦੁੱਖਾਂ ਨੂੰ ਪੇਸ਼ ਕਰਨ ਲਈ ਸਰਗਰਮ ਹੈ। ਇਸ ਪੈਟਰਨ ਰਾਹੀਂ ਭਾਵੇਂ ਕਾਮਨਾ ਦੇ ਮਿੱਥ-ਪ੍ਰਬੰਧ ਨੂੰ ਹੀ ਸਥਾਪਤ ਕੀਤਾ ਹੈ ਪਰ ਇਥੇ ਕਾਮਨਾ ਨੂੰ ਨਿਰੋਲ ਵਾਸ਼ਨਾ ਦੇ ਰੂਪ ਵਿਚ ਪੇਸ਼ ਕਰਨ ਅਤੇ ਕਾਮਨਾ ਦੇ ਇਕ ਤਰਫੇ ਨਿਭਾਅ ਨੂੰ ਨਕਾਰਿਆ ਗਿਆ ਹੈ। ਸਲਵਾਨ ਦੀ ਮਨੋਸਰੀਰਕ ਗਤੀਸ਼ੀਲਤਾ ਦੇ ਸਵੈਸਿੱਧ ਵਿਵਹਾਰ ਨੂੰ ਅਣਗੌਲਿਆ ਕਰਕੇ ਇਸਨੂੰ ਰਾਜਾਸ਼ਾਹੀ ਦੇ ਆਦੇਸ਼ਾਂ ਦੀ ਗੁਲਾਮ ਤਸਲੀਮ ਕਰਦਾ ਹੈ। ਇਸ ਕਰਕੇ ਕਾਮਨਾ ਸਾਕਾਰਾਤਮਿਕ ਰੋਲ ਅਦਾ ਕਰਨ ਦੀ ਥਾਂ ਦੁਖਾਂਤਕਾਰੀ ਹੋ ਨਿੱਬੜਦੀ ਹੈ। ਉਹ ਹਰ ਸੰਦਰਭ ਦਾ ਤਰਕ ਆਪਣੀ ਇੱਛਾ ਅਨੁਸਾਰ ਸਿਰਜਦਾ ਹੈ ਅਤੇ ਸਲਵਾਨਸ਼ਾਹੀ ਦੇ ਸਾਰੇ ਸੰਸਥਾਮੂਲ਼ਕ ਸਰੋਕਾਰ ਉਸਦੀ ਇੱਛਾ ਦੀ ਪੂਰਤੀ ਅਨੁਸਾਰ ਸਰਗਰਮ ਹੋ ਜਾਂਦੇ ਹਨ; ਜਿਵੇਂ ਲੂਣਾ ਨੂੰ ਦੇਖਣ ਸਮੇਂ ਉਸਦੀ ਲੂਣਾ ਨੂੰ ਅਪਨਾਉਣ ਦੀ ਖਾਹਿਸ਼ ਦੇ ਪੈਦਾ ਹੋਣ ਨਾਲ਼ ਹੀ ਉਸਦੀ ਪੂਰਤੀ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਜਾਂਦੀ ਹੈ।

ਪਰ ਜੇ ਤੁਸੀਂ ਬੜੇ ਇੱਛਕ ਹੋ

ਕਹੋ ਮੰਤਰੀ ਤਾਈਂ ਜਾ ਕੇ
ਬਾਰੂ ਦੇ ਘਰ ਜਾ ਕਹਿ ਆਵੇ
ਕਿ ਉਹ ਧੀ ਦਾ ਕਾਜ ਰਚਾਵੇ
ਤੇ ਮੇਰੇ ਮਿਤਰ ਲੜ ਲਾਵੇ
ਜੋ ਮੰਗੇ ਸੋ ਬਖ਼ਸ਼ਸ਼ ਪਾਵੇ।[17]

ਇਸ ਪ੍ਰਕਾਰ ਸਲਵਾਨ ਕਾਮਨਾ ਦਾ ਆਧਾਰ ਆਪਣੀ ਨਿੱਜਵਾਦੀ ਖਾਹਿਸ਼ ਨੂੰ ਬਣਾਉਂਦਾ ਹੈ ਅਤੇ ਔਰਤ-ਮਰਦ ਦੀ ਸਹਿਜ ਸਰਗਰਮੀ ਨੂੰ ਉਤਸ਼ਾਹਿਤ ਕਰਦਾ ਹੈ। ਲੂਣਾ ਅਤੇ ਸਲਵਾਨ ਦੇ ਸੰਬੰਧਾਂ ਵਿਚ ਉਹ ਲੂਣਾ ਦੀ ਵ੍ਰਿਤੀਆਤਮਿਕ ਸਰਗਰਮੀ ਨੂੰ ਨਕਾਰਦਾ ਹੈ। ਇਸੇ ਪ੍ਰਕਾਰ ਇੱਛਰਾਂ ਦੇ ਸੰਦਰਭ ਵਿਚ ਵੀ ਉਹ ਆਪਣੀ ਨਿੱਜੀ ਕਾਮ ਤ੍ਰਿਪਤੀ ਨੂੰ ਹੀ ਕਾਮਨਾ ਦਾ ਆਧਾਰ ਸਵੀਕਾਰ ਕਰਦਾ ਹੈ।

ਮੈਂ ਜੋ ਧੁੱਪ ਵਿਹਾਜੀ
ਰੰਗ ਵਿਹੂਣੀ ਸੀ
ਅੱਗ ਚੌਧਲ ਦੇ ਚੁੱਲ੍ਹੇ ਦੀ
ਮੇਕੋਂ ਊਣੀ ਸੀ
ਪੂਰਨ ਦੀ ਮਾਂ ਇੱਛਰਾਂ ਰੂਪ ਵਿਹੂਣੀ ਸੀ।[18]

ਇਸੇ ਪ੍ਰਕਾਰ ਉਹ ਲੂਣਾ ਦੇ ਸ਼ੂਦਰ ਹੋਣ ਨੂੰ ਵੀ ਆਪਣੀ ਕਾਮਨਾ ਦੀ ਅਤ੍ਰਿਪਤੀ ਦੇ ਰਸਤੇ ਵਿਚ ਰੋਕ ਨਹੀਂ ਬਨਣ ਦਿੰਦਾ।

ਜੇ ਲੂਣਾ ਸ਼ੂਦਰ ਦੀ ਧੀ ਹੈ
ਨਿਰਦੋਸ਼ੀ ਦਾ ਦੋਸ਼ ਵੀ ਕੀ ਹੈ।[19]

ਇਸੇ ਤਰ੍ਹਾਂ ਉਹ ਵਰਮਨ ਨੂੰ ਵੀ ਰੋਕਦਾ ਹੈ:

ਇਹ ਤੂੰ ਨਹੀਂ ਤੇਰਾ ਭਰਮ ਬੋਲਦੈ
ਤੇਰਾ ਸੀਮਤ ਧਰਮ ਬੋਲਦੈ।[20]

ਇਸ ਪ੍ਰਕਾਰ ਸਲਵਾਨ ਆਪਣੀ ਕਾਮ-ਤ੍ਰਿਪਤੀ ਲਈ ਹਰ ਕਿਸਮ ਦੇ ਧਰਮ, ਇਖ਼ਲਾਕ, ਨੈਤਿਕਤਾ, ਜ਼ਾਤ ਅਤੇ ਰਿਸ਼ਤਿਆਂ ਦਾ ਮਹੱਤਵ ਆਦਿ ਸਭ ਕੁਝ ਨੂੰ ਨਕਾਰ ਦਿੰਦਾ ਹੈ ਉਹ ਹਰ ਸਥਿਤੀ ਨੂੰ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ ਅਤੇ ਉਸਦਾ ਆਪ ਹੀ ਸੱਚ ਨਿਰਧਾਰਿਤ ਕਰ ਦਿੰਦਾ ਹੈ। ਇਸੇ ਕਰਕੇ ਆਪਣੀਆਂ ਗਲਤੀਆਂ ਕਾਰਨ ਉਪਜੀ ਦੁਖਾਂਤਿਕ ਸਥਿਤੀ ਦੀ ਤਹਿ ਵਿਚ ਜਾਣ ਦੀ ਥਾਂ, ਉਹ ਉਸਨੂੰ ਕਿਸੇ ਹੋਰ ਉਪਰ ਦੋਸ਼ ਲਾ ਕੇ ਆਪਣੇ ਆਪ ਨੂੰ ਸੁਰਖਰੂ ਕਰਨ ਦੀ ਕੋਸ਼ਿਸ਼ ਕਰਦਾ ਹੈ।

ਨਾਰ ਚਿੱਟਾ ਝੂਠ ਹੈ
ਮੱਕਾਰ ਹੈ
ਨਾਰ ਕਾਲੀ ਅੱਗ ਦਾ ਅੰਗਾਰ ਹੈ

ਲੂਣਾ ਵਾਕਿਣ ਗੋਤ ਇਸਦੀ ਹੈ ਭਰਿਸ਼ਟੀ
ਜ਼ਾਤ ਇਸਦੀ ਚਮਿਆਰ ਹੈ
ਪੁੱਤ ਤੋਂ ਮੰਗਦੀ ਪਿਆਰ ਹੈ।[21]

ਇਸ ਤਰ੍ਹਾਂ ਸਮੁੱਚੇ ਬਿਰਤਾਂਤ ਵਿਚ ਸਲਵਾਨ ਸਾਰੇ ਦੁਖਾਂਤਿਕ ਸੰਦਰਭਾਂ ਦਾ ਸਿਰਜਨਹਾਰ ਹੈ। ਉਸ ਲਈ ਕਾਮਨਾ ਦੀ ਕੋਈ ਸਾਕਾਰਾਤਮਿਕ ਭੂਮਿਕਾ ਨਹੀਂ ਹੋ ਸਕਦੀ ਸਗੋਂ ਇਹ ਮਹਿਜ਼ ਕਾਮ-ਤ੍ਰਿਪਤੀ ਦਾ ਆਧਾਰ ਹੈ। ਇਸ ਕਰਕੇ ਉਹ ਕਿਸੇ ਵੀ ਤਰ੍ਹਾਂ ਸੰਤੁਲਿਤ ਵਿਵਹਾਰ ਸਿਰਜਣ ਤੋਂ ਅਸਮਰਥ ਰਹਿੰਦਾ ਹੈ। ਸਪਸ਼ਟ ਰੂਪ ਵਿਚ ਕਾਮਨਾ ਉਸ ਲਈ ਮਨੁੱਖ ਦੀ ਮੌਲਿਕ ਪ੍ਰਾਪਤੀ ਬਣਕੇ ਉਦੱਾਤ ਦਾ ਮਾਰਗ ਬਣਨ ਦੀ ਥਾਂ, ਕਾਮ-ਵਿਕ੍ਰਿਤੀ ਦਾ ਰੂਪ ਧਾਰਨ ਕਰਕੇ ਵਿਨਾਸ਼ ਦੇ ਅਨੇਕ ਸੰਦਰਭਾਂ ਨੂੰ ਸਿਰਜਦੀ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਸ਼ਿਵ ਕੁਮਾਰ ਰਚਿਤ ਲੂਣਾ ਸਮੁੱਚੇ ਆਧੁਨਿਕ ਕਾਵਿ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਹ ਰਚਨਾ ਮਨੁੱਖ ਦੀ ਹੋਂਦ-ਵਿਧੀ ਦੇ ਮੂਲ਼-ਭੂਤ ਪ੍ਰਸ਼ਨਾਂ ਨੂੰ ਨਵੇਂ ਸਿਰੇ ਤੋਂ ਪੇਸ਼ ਕਰਦੀ ਹੈ ਅਤੇ ਅਜਿਹੇ ਕਾਮਨਾ ਆਧਾਰਤ ਮਿੱਥ-ਪ੍ਰਬੰਧ ਦਾ ਨਿਰਮਾਣ ਕਰਦੀ ਹੈ ਜੋ ਪੂਰਬਲੇ ਪੂਰਨ-ਲੂਣਾ ਕਾਵਿ ਵਿਚ ਅਣਗੌਲਿਆ ਰਿਹਾ ਸੀ। ਇੱਥੇ ਹੀ ਬੱਸ ਨਹੀਂ, ਇਸ ਪ੍ਰਕਾਰ ਕਾਮਨਾ ਅਧਾਰਤ ਮਨੁੱਖੀ ਵਿਵਹਾਰ ਦੀ ਸੰਕਲਪਨਾ ਅਤੇ ਪੇਸ਼ਕਾਰੀ ਸਮੁੱਚੇ ਆਧੁਨਿਕ ਪੰਜਾਬੀ ਕਾਵਿ ਵਿਚ ਦੁਰਲੱਭ ਹੈ। ਜਿਸ ਕਰਕੇ ਇਹ ਪਾਠ ਆਧੁਨਿਕ ਪੰਜਾਬੀ ਕਾਵਿ ਵਿੱਚ ਸਿਫ਼ਤੀ ਵਾਧਾ ਕਰਦਾ ਹੈ।

* * * *

# ਹਵਾਲੇ


1. ਸ਼ਿਵ ਕੁਮਾਰ, ਸੰਪੂਰਨ ਕਾਵਿ ਸੰਗ੍ਰਹਿ, ਲੁਧਿਆਣਾ, ਲਾਹੌਰ ਬੁਕ ਸ਼ਾਪ, 1989, ਪੰਨਾ 344
2. ਉਹੀ ਪੰਨਾ - 346
3. ਉਹੀ ਪੰਨਾ - 351
4. ਉਹੀ ਪੰਨਾ - 389
5. ਉਹੀ ਪੰਨਾ - 396
6. ਉਹੀ ਪੰਨਾ - 434
7. ਉਹੀ ਪੰਨਾ - 432
8. ਉਹੀ ਪੰਨਾ - 457
9. ਉਹੀ ਪੰਨਾ - 428
10. ਉਹੀ ਪੰਨਾ - 495
11. ਉਹੀ ਪੰਨਾ - 495
12. ਉਹੀ ਪੰਨਾ - 452
13. ਉਹੀ ਪੰਨਾ - 457
14. ਉਹੀ ਪੰਨਾ - 460
15. ਉਹੀ ਪੰਨਾ - 462
16. ਉਹੀ ਪੰਨਾ - 462
17. ਉਹੀ ਪੰਨਾ - 385
18. ਉਹੀ ਪੰਨਾ - 369
19. ਉਹੀ ਪੰਨਾ - 377
20. ਉਹੀ ਪੰਨਾ - 380
21. ਉਹੀ ਪੰਨਾ - 485-86

*If you can tell the difference between good advice and bad advice, you don't need advice.*

– **Roger Devlin**

# ਨਿਸ਼ਕਰਸ਼

ਸਮਕਾਲੀ ਸਾਹਿਤ-ਸਿਧਾਂਤ ਅਤੇ ਆਲੋਚਨਾ ਆਪਣੇ ਸਮਾਨਾਂਤਰ ਵਿਕਸ ਰਹੇ ਸਮਾਜ-ਵਿਗਿਆਨਾਂ, ਭੌਤਿਕ ਵਿਗਿਆਨਾਂ ਅਤੇ ਮਾਨਵੀ-ਵਿਗਿਆਨਾਂ ਨਾਲ ਵਿਸ਼ੇਸ਼ ਰੂਪ ਵਿਚ ਸੰਵਾਦ ਸਿਰਜਦੀ ਹੋਈ ਨਵੇਂ ਸਿਧਾਂਤਿਕ ਵਿਚਾਰ-ਚੌਖਟੇ ਨਿਸ਼ਚਿਤ ਕਰ ਰਹੀ ਹੈ। ਇਸ ਕਰਕੇ ਸਮਕਾਲੀ ਸਾਹਿਤ -ਸਿਧਾਂਤ ਤੇ ਸਮੀਖਿਆ, ਪੂਰਵ ਪ੍ਰਚਲਤ ਸੰਕਲਪਾਂ, ਸੰਦਰਭਾਂ ਅਤੇ ਵਿਚਾਰ-ਪ੍ਰਬੰਧਾਂ ਦਾ ਨਵੇਂ ਵਿਗਿਆਨਕ ਸੰਦਾਂ ਰਾਹੀਂ ਵਿਸ਼ਲੇਸ਼ਣ ਕਰਕੇ ਪਰੰਪਰਕ ਸੰਕਲਪਾਂ ਤੇ ਸਿਧਾਂਤਾਂ ਦੀ ਪੁਨਰ-ਵਿਆਖਿਆ ਪੇਸ਼ ਕਰਦੀ ਹੈ। ਮਿੱਥ ਦਾ ਸੰਕਲਪ ਵੀ ਅਜਿਹਾ ਹੀ ਸੰਕਲਪ ਹੈ ਜਿਸਨੂੰ ਪੂਰਵਕਾਲੀ ਸਮੇਂ ਵਿਚ ਧਰਮ ਸ਼ਾਸਤਰ,ਇਤਿਹਾਸ ਸਭਿਆਚਾਰਕ ਮਾਨਵ-ਵਿਗਿਆਨ,ਮਨੋਵਿਸ਼ਲੇਸ਼ਣ ਅਤੇ ਪੁਰਾਤਤਵ ਵਿਗਿਆਨ ਨੇ ਵਿਭਿੰਨ ਵਿਧੀਆਂ ਰਾਹੀਂ ਸਮਝਿਆ ਅਤੇ ਪੇਸ਼ ਕੀਤਾ ਹੈ ਪਰੰਤੂ ਸਮਕਾਲੀ ਸਮਾਜ-ਵਿਗਿਆਨਾਂ ਵਿਚ ਵਿਸ਼ੇਸ਼ ਕਰਕੇ ਸਭਿਆਚਾਰਕ ਵਿਗਿਆਨ, ਭਾਸ਼ਾ ਵਿਗਿਆਨ, ਸੰਰਚਨਾਤਮਿਕ ਮਾਨਵ-ਵਿਗਿਆਨ, ਮਨੋਵਿਸ਼ਲੇਸ਼ਣ, ਅਤੇ ਸਾਹਿਤ-ਸਿਧਾਂਤ ਨੇ ਮਿੱਥ ਦੇ ਨਵੇਂ ਸੰਕਲਪ, ਸੰਦਰਭ ਤੇ ਸਰੋਕਾਰ ਪੇਸ਼ ਕੀਤੇ ਹਨ। ਇਸ ਕਰਕੇ ਮਾਨਵੀ ਵਿਵਹਾਰ ਵਿਚ ਮਿੱਥ ਦੀ ਹੋਂਦ-ਵਿਧੀ ਅਤੇ ਸੰਚਾਰ ਪ੍ਰਕਿਰਿਆ ਦਾ ਮੂਲ਼-ਭੂਤ ਰੋਲ ਸਵੀਕਾਰ ਕੀਤਾ ਜਾਣ ਲੱਗਾ ਹੈ।

ਮਿੱਥ ਦੀ ਹੋਂਦ-ਵਿਧੀ ਦੇ ਸੰਬੰਧ ਵਿਚ ਇਸ ਚਿੰਤਨ ਦੀ ਸਿਧਾਂਤਿਕ ਪ੍ਰਾਪਤੀ ਮਿੱਥ ਦੇ ਵਰਤਾਰੇ ਨੂੰ 'ਮਿਥਿਆ' (Mythical) ਅਤੇ ਮਿੱਥਿਕਤਾ (Mythopoeic) ਵਿਚ ਨਿਖੇੜਾ ਕਰਨਾ ਹੈ। ਪਰੰਪਰਕ ਚਿੰਤਨ ਵਿਚ ਮਿੱਥ ਦਾ ਸੰਕਲਪ ਸਿਰਫ਼ 'ਮਿਥਿਆ' ਤੱਕ ਹੀ ਸੀਮਤ ਸੀ। ਇਸ ਕਰਕੇ ਇਸ ਸੰਕਲਪ ਵਿਚ ਮਿੱਥ ਦੇ ਸਿਰਫ਼ ਗਾਲਪਨਿਕ ਚਰਿੱਤਰ ਦਾ ਹੀ ਵਿਸ਼ਲੇਸ਼ਣ ਕਰਨ ਦੀ ਰੁਚੀ ਅਖਤਿਆਰ ਕੀਤੀ ਜਾਂਦੀ ਸੀ। ਇਸੇ ਕਰਕੇ ਇਹ ਚਿੰਤਨ ਮਿੱਥ ਨੂੰ ਆਦਿ-ਕਾਲੀਨ ਕਥਾ-ਸਿਰਜਣਾ ਦੀ ਜੁਗਤ ਮੰਨ ਕੇ ਉਸ ਸਮੇਂ ਦੀ ਕਬਾਇਲੀ ਚੇਤਨਾ ਦੁਆਰਾ ਬ੍ਰਹਿਮੰਡ ਪ੍ਰਤੀ ਸਿਰਜਣਾਤਮਿਕ ਅਤੇ ਗਿਆਨ- ਮੂਲਕ ਹੁੰਗਾਰਿਆਂ ਦਾ ਸਮੁੱਚ ਮੰਨਦਾ ਹੈ ਜਿਸਦੇ ਫਲਸਰੂਪ ਇਹ ਚਿੰਤਨ ਮਿੱਥ ਨੂੰ ਆਦਿ-ਕਾਲੀਨ ਮਾਨਵੀ ਸਿਰਜਣਾ ਮੰਨਣ ਦੀ ਗਲਤੀ ਦਾ ਸ਼ਿਕਾਰ ਹੋ ਗਿਆ ਅਤੇ ਇਹ ਮਿੱਥ ਸਿਰਜਣਾ ਦੀ ਪ੍ਰਤੱਖਣ ਅਤੇ ਪ੍ਰਸਾਰਣ ਵਿਧੀ ਵਿਚ ਕਰਮਸ਼ੀਲ ਵਿਧੀਗਤ ਸਰੋਕਾਰਾਂ ਦੀ ਨਿਸ਼ਾਨਦੇਹੀ ਨਾ ਕਰ ਸਕਿਆ। ਸਮਕਾਲੀ ਚਿੰਤਨ ਅਤੇ ਸਮੀਖਿਆ ਵਿਚ ਮਿੱਥ ਦੀ ਹੋਂਦ-ਵਿਧੀ ਦਾ ਵਿਸ਼ਲੇਸ਼ਣ ਉਸਦੀ ਪ੍ਰਤੱਖਣ ਅਤੇ ਪ੍ਰਸਾਰਣ ਦੇ ਵਿਧੀਗਤ ਸਰੋਕਾਰਾਂ ਉਤੇ ਆਧਾਰਿਤ ਹੈ। ਇਸ ਕਰਕੇ ਮਿੱਥ ਦਾ ਕੇਂਦਰੀ ਤਰਕ ਮਿੱਥਿਕਤਾ ਦੀ ਪ੍ਰਕਿਰਿਆ ਹੈ। ਇਸ ਵਿਚ ਇਹ ਧਾਰਨਾ ਪੇਸ਼ ਕੀਤੀ ਜਾਂਦੀ ਹੈ ਕਿ ਮਿੱਥ-ਸਿਰਜਣਾ ਮਨੁੱਖ ਦੀ ਆਪਣੇ ਚੌਗਿਰਦੇ ਪ੍ਰਤੀ ਸਿਰਜੇ ਗਏ ਗਿਆਨ ਦੇ ਕੇਂਦਰੀ ਤਰਕ ਉਤੇ ਆਧਾਰਿਤ ਹੁੰਦੀ ਹੈ। ਮਨੁੱਖ ਆਪਣੀ ਚਿੰਤਨਸ਼ੀਲਤਾ ਰਾਹੀਂ ਵਸਤੂ-ਯਥਾਰਥ, ਪ੍ਰਕਿਰਤੀ ਤੇ ਬ੍ਰਹਿਮੰਡ ਦੀ ਸਮੁੱਚੀ ਭੌਤਿਕਤਾ ਦੇ ਸਮਾਨਾਂਤਰ ਗਿਆਨਮੂਲਕ ਯਥਾਰਥ ਦੀ ਸਿਰਜਣਾ ਕਰਦਾ ਹੈ। ਇਸ ਪ੍ਰਕਿਰਿਆ ਨੂੰ ਹੀ ਇਤਾਵਲੀ ਚਿੰਤਕ ਵੀਕੋ Poetic wisdom,ਫਰਾਂਸੀਸੀ ਚਿੰਤਕ ਲੈਵੀ ਸਤਰਾਸ Bricoleur, ਰੂਸੀ ਚਿੰਤਕ ਯੂਰੀ ਲੌਟਮਾਂ ਦੁਜੈਲੇ ਮਾਡਲਿੰਗ ਸਿਸਟਮ ਅਤੇ ਰੋਲਾਂ ਬਾਰਤ ਦੁਜੈਲੇ ਕ੍ਰਮ ਦਾ ਚਿਹਨ-ਪ੍ਰਬੰਧ (Second order semiotic system) ਆਖਦਾ ਹੈ। ਇਸ ਕਰਕੇ ਮਿੱਥਿਕਤਾ ਮਨੁੱਖੀ ਗਿਆਨ ਦਾ ਉਹ ਪ੍ਰਵਰਗ ਹੈ ਜਿਸ ਰਾਹੀਂ

ਉਹ ਆਪਣੇ ਸਮੁੱਚੇ ਵਿਵਹਾਰ, ਸਿਰਜਣਾਵਾਂ ਤੇ ਗਿਆਨ ਸ਼ਾਸਤਰੀ ਸੰਦਰਭਾਂ ਨੂੰ ਸਿਰਜਦਾ ਹੈ।

ਜਦੋਂ ਅਸੀਂ ਸਾਹਿਤ-ਸਿਰਜਣ ਪ੍ਰਕਿਰਿਆ ਨੂੰ ਵੀ ਇਸ ਨਜ਼ਰੀਏ ਨਾਲ ਵੇਖਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਸਾਹਿਤ ਸਿਰਜਣਾ ਵੀ ਕਿਸੇ ਨਾ ਕਿਸੇ ਰੂਪ ਵਿਚ ਸਮਕਾਲੀ ਸਮਾਜਿਕ ਯਥਾਰਥ, ਪ੍ਰਕਿਰਤੀ ਤੇ ਬ੍ਰਹਿਮੰਡ ਦੀ ਭੌਤਿਕ ਕਰੂਰਤਾ ਪ੍ਰਤੀ ਸਿਰਜਣਾਤਮਿਕ ਹੁੰਗਾਰਾ ਹੋ ਨਿੱਬੜਦੀ ਹੈ। ਇਸ ਤਰ੍ਹਾਂ ਸਾਹਿਤ ਸਿਰਜਣ ਪ੍ਰਕਿਰਿਆ ਵੀ ਮੂਲ ਰੂਪ ਵਿਚ ਮਿੱਥ-ਸਿਰਜਣ ਪ੍ਰਕਿਰਿਆ ਹੈ। ਹਰ ਕਵੀ ਬੁਨਿਆਦੀ ਰੂਪ ਵਿਚ ਆਪਣੇ ਤੋਂ ਪੂਰਵ ਸਥਾਪਤ ਧਾਰਨਾਵਾਂ ਤੇ ਸੰਕਲਪਨਾਵਾਂ ਪ੍ਰਤੀ ਆਪਣਾ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਅਮਰੀਕਾ ਦਾ ਪ੍ਰਸਿੱਧ ਸਾਹਿਤ ਸ਼ਾਸਤਰੀ ਹਾਰਲਡ ਬਲੂਮ ਦਾ 'ਪ੍ਰਭਾਵ ਦਾ ਤੌਖਲਾ' (anxiety of influence) ਅਤੇ ਸਮਰਥਾ ਸੰਪੰਨ ਕਵੀ (ਇਫੀਵ) ਦਾ ਸੰਕਲਪ ਇਸੇ ਹੀ ਗੱਲ ਨੂੰ ਸਥਾਪਤ ਕਰਦਾ ਹੈ ਕਿ ਕਵੀ ਦੀ ਕਾਵਿਕਤਾ/ਸਾਹਿਤਕਾਰ ਦੀ ਸਾਹਿਤਿਕਤਾ, ਉਸਦੇ ਪੂਰਵ-ਸਥਾਪਤ ਧਾਰਨਾਵਾਂ ਅਤੇ ਸਥਾਪਨਾਵਾਂ ਦੇ ਸਮਾਨਾਂਤਰ ਸੰਕਲਪਾਂ ਤੇ ਧਾਰਨਾਵਾਂ ਨੂੰ ਸਿਰਜਣ ਉਤੇ ਕੇਂਦਰਤ ਹੋਣ ਕਰਕੇ ਸਾਹਿਤ ਸਿਰਜਣ ਪ੍ਰਕਿਰਿਆ ਬੁਨਿਆਦੀ ਰੂਪ ਵਿਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਬਣ ਜਾਂਦੀ ਹੈ।

ਇਸ ਕਰਕੇ ਸਾਹਿਤਕ-ਪਾਠਾਂ ਦੇ ਵਿਗਿਆਨਕ ਵਿਸ਼ਲੇਸ਼ਣ ਲਈ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਨੂੰ ਸਮਝਣਾ ਬਹੁਤ ਅਹਿਮ ਮਸਲਾ ਬਣ ਜਾਂਦਾ ਹੈ। ਇਸ ਅਧਿਐਨ ਦਾ ਮੂਲ ਮੰਤਵ ਰਚਨਾ ਵਿਚ ਅਮੂਰਤ ਪੱਧਰ ਉਤੇ ਗਤੀਸ਼ੀਲ ਮਿੱਥਕ ਤਰਕ ਦੇ ਰੂਪਾਂਤਰੀ ਸੰਦਰਭਾਂ ਦੀ ਥਾਹ ਪਾਉਣਾ ਬਣ ਜਾਂਦਾ ਹੈ ਕਿਉਂਕਿ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਇਕ ਪਾਸੇ ਤਾਂ ਮਿੱਥਕ- ਤਰਕ ਨੂੰ ਅਜਿਹਾ ਪਾਰਗਾਮੀ ਚਰਿੱਤਰ ਪ੍ਰਦਾਨ ਕਰਦੀ ਹੈ ਕਿ ਮਾਨਵੀ ਸਮੱਸਿਆਵਾਂ, ਮਾਨਵੀ ਪ੍ਰਵਿਰਤੀਆਂ ਦੇ ਅਨੇਕ ਪ੍ਰਸੰਗ ਪੇਸ਼ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਦੂਜੇ ਪਾਸੇ ਇਹ ਨਿਵੇਕਲੇ ਸ਼ਾਬਦਿਕ ਪ੍ਰਗਟਾਅ ਦਾ ਆਧਾਰ ਬਣਦੀ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਤਕ ਪਾਠ ਵਿਚ ਕਰਮਸ਼ੀਲ ਮਿੱਥ ਰੂਪਾਂਤਰਣ ਦੀ ਪ੍ਰਕਿਰਿਆ ਯਥਾਰਥ ਦੇ ਨਵੇਂ ਸਰੋਕਾਰਾਂ ਨੂੰ ਗਿਆਨ ਸ਼ਾਸਤਰੀ ਪ੍ਰਤੱਖਣ ਪ੍ਰਕਿਰਿਆ ਵਿਚ ਬੰਨ੍ਹਦੀ ਹੋਈ ਨਾ-ਕੇਵਲ ਰਚਨਾਤਮਿਕ ਤਰਕ ਦੀ ਸਿਰਜਣਾ ਕਰਦੀ ਹੈ ਸਗੋਂ ਸਾਹਿਤ ਸ਼ਾਸਤਰੀ ਪ੍ਰਤਿਮਾਨਾਂ ਅਤੇ ਮਰਯਾਦਾਵਾਂ ਦੇ ਨਵੇਂ ਪ੍ਰਬੰਧ ਸਿਰਜ ਕੇ ਸੁਹਜਾਤਮਿਕ ਪਾਠ ਦੇ ਰੂਪ ਵਿਚ ਵੀ ਪੇਸ਼ ਕਰਦੀ ਹੈ। ਸਿੱਟੇ ਵਜੋਂ ਇਹ ਪ੍ਰਕਿਰਿਆ ਸਾਹਿਤਕ ਪਾਠ ਦੀਆਂ ਨਿਵੇਕਲੀਆਂ ਰਚਨਾਤਮਿਕ ਪ੍ਰਾਪਤੀਆਂ ਦੀ ਪ੍ਰਕਿਰਿਆ ਵੀ ਬਣ ਜਾਂਦੀ ਹੈ ਅਤੇ ਸੁਹਜਾਤਮਿਕ ਪ੍ਰਾਪਤੀਆਂ ਦੀ ਪ੍ਰਕਿਰਿਆ ਵੀ।

ਸਾਹਿਤਕ ਪਾਠ ਦੀ ਮਿੱਥਕ-ਰੂਪਾਂਤਰਣ ਦੀ ਪ੍ਰਕਿਰਿਆ ਨੂੰ ਸਮਝਣ ਅਤੇ ਇਸਦੇ ਵਿਸ਼ਲੇਸ਼ਣ ਲਈ ਸਭ ਤੋਂ ਪਹਿਲਾਂ ਉਸ ਪਾਠ ਨੂੰ ਹੋਂਦ-ਵਿਧੀ ਪ੍ਰਦਾਨ ਕਰਨ ਵਾਲੇ ਮਿੱਥ-ਪ੍ਰਬੰਧ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਹਰ ਇਕ ਵਿਚਾਰ-ਸਿਰਜਣਾ ਦਾ ਕੇਂਦਰ-ਬਿੰਦੂ ਮਾਨਵੀ ਅਵਚੇਤਨ ਹੋਣ ਕਰਕੇ ਉਸਦੀ ਸਿਰਜਣਾ ਦੇ ਪ੍ਰੇਰਨਾ-ਸ੍ਰੋਤ ਮਾਨਵੀ ਵ੍ਰਿਤੀਆਂ ਬਣ ਜਾਂਦੀਆਂ ਹਨ। ਇਹ ਵ੍ਰਿਤੀਆਂ ਵਿਸ਼ੇਸ਼ ਕਿਸਮ ਦੀ ਵਸਤੂ ਸਥਿਤੀ ਨਾਲ ਸੰਵਾਦ ਸਿਰਜ ਕੇ ਮਾਨਵੀ ਭਾਵ-ਸੰਸਾਰ ਦੀ ਰਚਨਾ ਕਰਦੀਆਂ ਹਨ। ਸਾਹਿਤਕ ਪਾਠ ਦਾ ਸਮੁੱਚਾ ਮਿੱਥ-ਪ੍ਰਬੰਧ ਉਸ ਵਿਚ ਪੇਸ਼ ਮਾਨਵੀ ਭਾਵ-ਸੰਸਾਰ ਰਾਹੀਂ ਪਛਾਣਿਆਂ ਜਾ ਸਕਦਾ ਹੈ। ਇਹ ਭਾਵ-ਸੰਸਾਰ ਆਪਣੇ ਕਾਲ-ਖੰਡ ਦੀ ਇਤਿਹਾਸਿਕਤਾ, ਸਥਾਈ ਤੇ ਸਥਿਰ ਮਾਨਵੀ ਸਥਿਤੀਆਂ ਅਤੇ ਮੂਲ ਮਾਨਵੀ ਵ੍ਰਿਤੀਆਂ ਦੇ ਸੰਜਮਸ਼ੀਲ ਸੰਗਠਨ ਵਿਚੋਂ ਉਦੈ ਹੁੰਦਾ ਹੈ। ਇਸ ਕਰਕੇ ਵਿਚਾਰਾਂ ਦੇ

ਨਿਰਮਾਣ ਦੀ ਪ੍ਰਕਿਰਿਆ ਵਿਚ ਇਹ ਸਭਿਆਚਾਰਕ, ਭਾਸ਼ਾਈ, ਰੂਪਾਕਾਰਕ ਅਤੇ ਸਾਹਿਤਕ ਮਰਯਾਦਾਵਾਂ ਤੇ ਪ੍ਰਤਿਮਾਨਾਂ ਨੂੰ ਖਾਸ ਕਿਸਮ ਦੇ ਮਾਧਿਅਮ ਦੇ ਰੂਪ ਵਿਚ ਵਰਤਦਾ ਹੈ।

ਜਦੋਂ ਅਸੀਂ ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਦਾ ਇਸ ਨਜ਼ਰੀਏ ਤੋਂ ਅਧਿਐਨ ਕਰਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਉਸ ਦੀ ਕਾਵਿ-ਰਚਨਾ ਨੂੰ ਵਿਲੱਖਣਤਾ ਪ੍ਰਦਾਨ ਕਰਨ ਵਾਲਾ ਪ੍ਰਮੁੱਖ ਤੱਤ ਉਸਦਾ ਮਿੱਥ-ਪ੍ਰਬੰਧ ਹੈ। ਉਸ ਵਿਚ ਪੇਸ਼ ਮਾਨਵੀ ਵ੍ਰਿਤੀਆਂ ਚਾਰ ਪੱਧਰਾਂ 'ਤੇ ਮਾਨਵੀ ਭਾਵ-ਸੰਸਾਰ ਦੀ ਸਿਰਜਣਾ ਕਰਦੀਆਂ ਹਨ। ਪਹਿਲੇ ਪੱਧਰ 'ਤੇ ਆਧੁਨਿਕਤਾਵਾਦੀ ਚਿੰਤਨ ਉਸ ਲਈ ਮਨੁੱਖ ਦੀ ਸੰਕਲਪਨਾ ਤੇ ਮਾਨਵੀ ਹੋਂਦ ਦੇ ਸਰਬਾਂਗੀ ਪਾਸਾਰਾਂ ਨੂੰ ਸਮਝਣ ਦਾ ਆਧਾਰ ਬਣਦਾ ਹੈ। ਇਸ ਕਰਕੇ ਉਹ ਮਨੁੱਖ ਨੂੰ ਪੂਰਨ ਦੀ ਥਾਂ ਅਪੂਰਨ, ਸ਼ਕਤੀਮਾਨ ਦੀ ਥਾਂ ਸੰਕਟ-ਗ੍ਰਸਤ, ਸਰਬਵਿਜਈ ਦੀ ਥਾਂ ਵਿਕ੍ਰਿਤ ਤੇ ਸੰਤਾਪਗ੍ਰਸਤ ਅਤੇ ਸਮਰਥਾਵਾਨ ਦੀ ਥਾਂ ਬਲਹੀਣ ਪੇਸ਼ ਕਰਦਾ ਹੈ। ਦੂਜੇ ਪੱਧਰ 'ਤੇ ਉਹ ਸਭਿਆਚਾਰਕ ਮਾਨਤਾਵਾਂ ਦੇ ਵਿਸ਼ਾਲ ਤਾਣੇ-ਪੇਟੇ ਰਾਹੀਂ ਮਨੁੱਖੀ ਵਿਵਹਾਰ ਦੀ ਪੇਸ਼ਕਾਰੀ ਕਰਦਾ ਹੈ। ਜਿਸ ਵਿਚ ਸਭਿਆਚਾਰਕ ਰੂਪਾਂ ਨੂੰ ਸਥਾਪਤ ਮਾਣ-ਮਰਯਾਦਾ, ਰਸਮੋ-ਰਿਵਾਜ਼, ਰਿਸ਼ਤੇ-ਨਾਤੇ, ਸਦਾਚਾਰ ਅਤੇ ਨੀਤੀ ਦੇ ਸੰਗਠਨ ਦੇ ਰੂਪ ਵਿਚ ਪੇਸ਼ ਕਰਦਾ ਹੈ। ਤੀਜੇ ਪੱਧਰ 'ਤੇ ਇਨ੍ਹਾਂ ਦਾ ਖੰਡਨ ਕਰਕੇ ਇਨ੍ਹਾਂ ਦੇ ਤਿਆਗ ਰਾਹੀਂ ਮਾਨਵੀ ਕਾਮਨਾਵਾਂ ਦੇ ਅਨੁਰੂਪ, ਸਭਿਆਚਾਰਕ ਸਥਾਪਨਾਵਾਂ ਦੀ ਕਲਪਨਾ ਕਰਦਾ ਹੋਇਆ, ਮਿੱਥ-ਪ੍ਰਬੰਧ ਨੂੰ ਵਿਉਂਤਬੱਧ ਕਰਦਾ ਹੈ। ਸਪਸ਼ਟ ਹੈ ਕਿ ਸੁਪਨਿਆਂ ਦੀ ਪ੍ਰਾਪਤੀ ਲਈ ਕਲਪਿਤ ਮਾਨਤਾਵਾਂ ਅਤੇ ਸਥਾਪਤ ਵਸਤੂਪਰਕ ਮਾਨਤਾਵਾਂ ਦੇ ਦੁਫੇੜ ਦੇ ਸਿੱਟੇ ਵਜੋਂ ਮਾਨਵੀ ਹੋਂਦ, ਸਦੀਵੀ ਤੌਰ ਤੇ ਸੰਕਟਗ੍ਰਸਟ ਰਹਿੰਦੀ ਹੈ। ਇਸ ਕਰਕੇ ਸ਼ਿਵ ਦਾ ਮਿੱਥ-ਪ੍ਰਬੰਧ ਇਸ ਸੰਕਟਗ੍ਰਸਤ ਮਾਨਵੀ ਹੋਂਦ ਦੀ ਉਚੇਚੇ ਰੂਪ ਵਿਚ ਪੇਸ਼ਕਾਰੀ ਕਰਦਾ ਹੈ। ਉਸਦੀ ਰਚਨਾ ਵਿਚ ਪੇਸ਼ ਮਨੁੱਖ ਬਹਾਦਰੀਆਂ, ਪ੍ਰਾਪਤੀਆਂ ਅਤੇ ਜਿੱਤਾਂ ਦੇ ਸੰਸਾਰ ਤੋਂ ਵੱਧ ਨਿਗੂਣਾਪਣ, ਹਾਰਾਂ, ਨਮੋਸ਼ੀਆਂ, ਪਾਪਾਂ, ਗੁਨਾਹਾਂ ਅਤੇ ਅਪ੍ਰਾਪਤੀਆਂ ਦੀ ਬਹੁ-ਪਾਸਾਰੀ ਟੁੱਟ- ਭੱਜ ਦਾ ਸਦੀਵੀ ਚਰਿੱਤਰ ਸਥਾਪਤ ਕਰਦਾ ਹੈ। ਚੌਥੇ ਪੱਧਰ 'ਤੇ ਸ਼ਿਵ ਕੁਮਾਰ ਦਾ ਕਾਵਿ-ਸੰਸਾਰ ਸੰਤੁਲਿਤ ਮਾਨਵੀ ਹੋਂਦ ਨੂੰ ਸਥਾਪਤ ਕਰਨ ਲਈ ਅਗਰਸਰ ਹੈ।

ਸਾਹਿਤਕ ਪਾਠਾਂ ਵਿਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ, ਸਾਹਿਤਕਾਰ ਦੀ ਵਿਲੱਖਣ ਵਿਸ਼ਵ-ਦ੍ਰਿਸ਼ਟੀ, ਪ੍ਰਤੱਖਣ ਭਾਸ਼ਕ ਸਮਰਥਾ ਅਤੇ ਕਲਾਤਮਿਕ ਤੇ ਸੁਹਜਾਤਮਿਕ ਨਿਪੁੰਨਤਾ ਰਾਹੀਂ ਗਤੀਸ਼ੀਲ ਹੁੰਦੀ ਹੈ। ਇਸ ਕਰਕੇ ਸਾਹਿਤਕ ਪਾਠ ਆਪਣੇ ਪੂਰਵ ਸਿਰਜਿਤ ਸਾਹਿਤਕ ਪਾਠਾਂ, ਧਾਰਾਵਾਂ ਤੇ ਪਰੰਪਰਾਵਾਂ ਨੂੰ ਕਿੰਤੂਮਈ ਨਜ਼ਰੀਏ ਤੋਂ ਦੇਖਦਾ ਹੋਇਆ ਪੂਰਵ ਰਚਿਤ ਸੰਕਲਪਾਂ, ਸੰਦਰਭਾਂ ਤੇ ਸਥਾਪਨਾਵਾਂ ਦੇ ਵਿਭਿੰਨ ਪ੍ਰਬੰਧਾਂ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕਰਦਾ ਹੈ। ਨਾਰਥੋ ਫਰਾਈ ਦਾ ਪ੍ਰਸਿੱਧ ਕਥਨ ਕਿ "ਪੁਸਤਕਾਂ, ਪੁਸਤਕਾਂ ਵਿਚੋਂ ਹੀ ਪੈਦਾ ਹੁੰਦੀਆਂ ਹਨ" ਜਾਂ ਸੰਰਚਨਾਵਾਦੀ ਚਿੰਤਕ ਰੋਲਾਂ ਬਾਰਤ ਦਾ 'ਕਿਰਤ ਤੋਂ ਪਾਠ' ਦਾ ਨਿਖੇੜਾ ਅਤੇ ਜੁਨਾਥਨ ਕੁਲਰ ਦੀ 'ਸਾਹਿਤਕ ਯੋਗਤਾ ਅਤੇ ਨਿਭਾਓ' ਦੀ ਭਰਪੂਰ ਚਰਚਾ ਇਸੇ ਹੀ ਗੱਲ ਉਤੇ ਜ਼ੋਰ ਦਿੰਦੀ ਹੈ ਕਿ ਸਾਹਿਤਕ ਪਾਠ ਬੁਨਿਆਦੀ ਤੌਰ 'ਤੇ ਪੂਰਵ ਰਚਿਤ ਪਾਠਾਂ ਦੇ ਸੰਕਲਪਾਤਮਿਕ ਚੋਖਟੇ ਉਤੇ ਕਿੰਤੂ ਕਰਕੇ ਉਨ੍ਹਾਂ ਸੰਕਲਪਾਂ ਦਾ ਨਵੇਂ ਦ੍ਰਿਸ਼ਟੀਕੋਣ ਤੋਂ ਰੂਪਾਂਤਰਣ ਕਰਦਾ ਹੈ। ਇਸ ਤਰ੍ਹਾਂ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਨੂੰ ਅਸੀਂ ਨਿਸਚੇ ਹੀ ਕਵੀ ਦੀ ਵਸਤੂ-ਦ੍ਰਿਸ਼ਟੀ ਤੋਂ ਲੈ ਕੇ ਕਲਾਤਮਿਕ ਨਿਭਾਓ ਤੱਕ ਨਿਰੰਤਰ ਰੂਪ ਵਿਚ ਵਿਗਸਿਆ ਦੇਖ ਸਕਦੇ ਹਾਂ।

ਸ਼ਿਵ ਕੁਮਾਰ ਦੇ ਸਮੁੱਚੇ ਕਾਵਿ-ਸੰਸਾਰ ਦੀ ਵਿਲੱਖਣਤਾ ਤੇ ਉਤਮਤਾ ਨੂੰ ਮਿੱਥ-

ਰੂਪਾਂਤਰਣ ਦੇ ਪਰਿਪੇਖ ਵਿਚ ਜਦੋਂ ਅਸੀਂ ਸਮਝਦੇ ਹਾਂ ਤਾਂ ਪਹਿਲੇ ਪੱਧਰ ਉਪਰ ਉਹ ਸਭਿਆਚਾਰਕ ਸਥਾਪਨਾਵਾਂ ਨੂੰ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਾਉਂਦਾ ਸਪਸ਼ਟ ਨਜ਼ਰ ਆਉਂਦਾ ਹੈ। ਸਥਾਪਨਾਵਾਂ ਦਾ ਇਹ ਰੂਪਾਂਤਰਣ, ਮਾਨਵੀ ਰਿਸ਼ਤਿਆਂ ਦੇ ਵਿਰੋਧ, ਟੈਬੂਆਂ ਤੇ ਮਰਯਾਦਾਵਾਂ ਦੇ ਨਿਖੇਧ ਦੀ ਜੁਗਤ ਵਰਤ ਕੇ ਨਵੇਂ ਸਭਿਆਚਾਰਕ ਪ੍ਰਤੀਕਾਂ ਦੀ ਪੁਨਰ-ਸਿਰਜਣਾ ਕਰਨ ਤੇ ਸਭਿਆਚਾਰਕ ਕੀਮਤਾਂ ਨੂੰ ਮਾਨਵੀ ਕਾਮਨਾਵਾਂ ਅਨੁਸਾਰ ਓਤ-ਪੋਤ ਕਰਕੇ ਰੂਪਾਂਤ੍ਰਿਤ ਕਰਨ ਦੀ ਵਿਧੀ ਰਾਹੀਂ ਸਿਰੇ ਚਾੜ੍ਹਦਾ ਹੈ। ਇਸੇ ਕਰਕੇ ਹੀ ਸ਼ਿਵ ਦੀ ਕਵਿਤਾ ਸਦਾਚਾਰਕ ਸਥਾਪਨਾਵਾਂ ਉਪਰ ਪ੍ਰਸ਼ਨ-ਚਿੰਨ੍ਹ ਲਾ ਕੇ ਉਨ੍ਹਾਂ ਨੂੰ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਾਉਂਦੀ ਹੈ। ਸਿੱਟੇ ਵਜੋਂ ਪਰੰਪਰਕ ਸਦਾਚਾਰਕਤਾ ਉਸਨੂੰ ਬੰਧਨ ਪ੍ਰਤੀਤ ਹੁੰਦੀ ਹੈ ਅਤੇ ਸਦਾਚਾਰਕਤਾ ਤੇ ਕਾਮੁਕਤਾ ਦਾ ਨੇੜਲਾ ਰਿਸ਼ਤਾ ਸਿਰਜਣ ਦਾ ਨਵਾਂ ਸੰਦਰਭ ਉਜਾਗਰ ਹੁੰਦਾ ਹੈ। ਇਸ ਸੰਦਰਭ ਦਾ ਸੰਚਾਲਕ ਵਿਕ੍ਰਿਤ ਨਾਇਕ ਹੈ ਜੋ ਸਦਾਚਾਰਕਤਾ ਦੇ ਨਵਨਿਰਮਾਣ ਦੇ ਅਨੇਕਾਂ ਪਾਸਾਰਾਂ ਦੀ ਸਥਾਪਨਾ, ਮਾਨਵੀ ਕਾਮਨਾਵਾਂ ਤੇ ਖਾਹਿਸ਼ਾਂ ਦੀ ਪੂਰਤੀ ਦਾ ਸਮੁੱਚਾ ਕਾਵਿ-ਸੰਸਾਰ ਮਾਨਵੀ ਹੋਂਦ ਨਾਲ ਜੁੜੀਆਂ ਹੋਈਆਂ ਮੂਲ-ਭੂਤ ਸਥਾਪਨਾਵਾਂ ਨੂੰ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਾ ਕੇ ਅਜਿਹੇ ਕਾਵਿਕ-ਬ੍ਰਹਿਮੰਡ ਦੀ ਉਸਾਰੀ ਕਰਦਾ ਹੈ ਜਿਸ ਵਿਚ ਮਨੁੱਖੀ ਹੋਂਦ, ਕਾਮਨਾਮੂਲਕ, ਸਵੈ-ਕੇਂਦਰਿਤ, ਵਿਖੰਡਿਤ ਅਤੇ ਵਿਸ਼ਾਦਗ੍ਰਸਤਤਾ ਆਦਿ ਗੁਣਾਂ ਨੂੰ ਧਾਰਨ ਕਰਕੇ ਆਪਣੇ ਅਸਤਿਤਵ ਨੂੰ ਸਥਾਪਤ ਕਰਦੀ ਹੈ। ਇਹ ਅਵਸਥਾ ਪਾਪ,ਗੁਨਾਹ'ਤੇ ਦਮਨ ਨੂੰ ਆਪਣੇ ਸਦੀਵੀ ਗੁਣ ਮੰਨਦੀ ਹੋਈ ਮਾਨਵੀ-ਹੋਂਦ ਦੇ ਪੂਰਬਲੇ ਪ੍ਰਸੰਗਾਂ ਨੂੰ ਨਵੇਂ ਪ੍ਰਸੰਗਾਂ ਵਿਚ ਰੂਪਾਂਤ੍ਰਿਤ ਕਰਦੀ ਹੈ।

ਸਾਹਿਤਕ ਪਾਠ ਵਿਚ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਦਾ ਅੰਤਿਮ ਪੱਧਰ ਕਾਵਿਕਤਾ, ਕਲਾਤਮਿਕਤਾ ਤੇ ਸੁਹਜਾਤਮਿਕਤਾ ਦੇ ਨਿਰਮਾਣ ਨਾਲ ਸੰਬੰਧ ਰੱਖਦਾ ਹੈ ਜਿਸ ਕਰਕੇ ਸਾਹਿਤਕਾਰ ਆਪਣੀ ਵਿਲੱਖਣ ਵਿਸ਼ਵ-ਦ੍ਰਿਸ਼ਟੀ ਰਾਹੀਂ ਵਸਤੂ-ਯਥਾਰਥ, ਪ੍ਰਕਿਰਿਤੀ ਤੇ ਬ੍ਰਹਿਮੰਡ ਦੇ ਅਨੰਤ ਸੰਦਰਭਾਂ ਦਾ ਦਸਤਾਵੇਜ਼ੀ ਬਿਉਰਾ ਪੇਸ਼ ਕਰਨ ਦੀ ਥਾਂ ਉਨ੍ਹਾਂ ਨੂੰ ਕਲਾਤਮਿਕ ਤੇ ਸੁਹਜਾਤਮਿਕ ਪ੍ਰਕਰਣ ਵਿਚ ਪੇਸ਼ ਕਰਦਾ ਹੈ। ਇਹ ਪ੍ਰਕਰਣ ਇੱਕੋ ਸਮੇਂ ਉਸਦੀ ਵਿਲੱਖਣ ਰਚਨਾਤਮਿਕ ਪ੍ਰਤਿਭਾ ਉਪਰ ਵੀ ਆਧਾਰਿਤ ਹੁੰਦੇ ਹਨ ਅਤੇ ਕਲਾਤਮਿਕ ਸਮਰੱਥਾ ਉਪਰ ਵੀ।

ਇਸ ਕਰਕੇ ਹੀ ਨਵ-ਅਮਰੀਕੀ ਆਲੋਚਨਾ ਵਿਚ ਵੀ ਸਾਹਿਤਕ ਭਾਸ਼ਾ ਦੀ ਵਿਗਿਆਨਕ ਭਾਸ਼ਾ ਉਤੇ ਸਰਦਾਰੀ ਕਾਇਮ ਕੀਤੀ ਗਈ ਸੀ। ਰੂਸੀ ਰੂਪਵਾਦ ਵਿਚ ਕਾਵਿ-ਭਾਸ਼ਾ ਅਤੇ ਟਕਸਾਲੀ ਭਾਸ਼ਾ ਦਾ ਨਿਖੇੜਾ ਕੀਤਾ ਗਿਆ ਸੀ। ਪ੍ਰਸਿੱਧ ਫਰਾਂਸੀਸੀ ਚਿੰਤਕ ਜੂਲੀਆ ਕ੍ਰਿਸਟੇਵਾ ਨੇ ਚਿਹਨਾਤਮਿਕ ਅਤੇ ਪ੍ਰਤੀਕਾਤਮਿਕ ਪ੍ਰਗਟਾਅ ਦੇ ਨਿਖੇੜੇ ਰਾਹੀਂ ਕਾਵਿਕ-ਭਾਸ਼ਾ ਦੇ ਇਨਕਲਾਬੀ ਖਾਸੇ ਨੂੰ ਸਵੀਕਾਰ ਕੀਤਾ ਹੈ। ਸਪਸ਼ਟ ਹੈ ਕਿ ਸਾਹਿਤਕ ਪਾਠ ਦੀ ਬੁਨਿਆਦੀ ਪ੍ਰਾਪਤੀ ਆਪਣੇ ਮਖ਼ਸੂਸ ਕਲਾਤਮਿਕ ਤੇ ਸੁਹਜਾਤਮਿਕ ਸਰੂਪ ਨੂੰ ਧਾਰਨ ਕਰਨ ਵਿਚ ਹੀ ਨਿਹਿਤ ਹੈ। ਇਹ, ਉਹੀ ਬੁਨਿਆਦੀ ਤੱਤ ਹੈ ਜਿਸਨੂੰ ਰੋਮਨ ਜੈਕਬਸਨ ਦੇ ਚਿੰਤਨ ਵਿਚ "ਸਾਹਿਤਿਕਤਾ" ਕਿਹਾ ਗਿਆ ਹੈ ਜੋ ਉਸ ਦੇ ਸ਼ਬਦਾਂ ਵਿਚ ਕਿਸੇ ਸਾਧਾਰਨ ਭਾਸ਼ਾਈ ਕਿਰਤ ਨੂੰ 'ਸਾਹਿਤਕ-ਪਾਠ' ਬਣਾਉਂਦੀ ਹੈ।

ਸ਼ਿਵ ਕੁਮਾਰ ਦੀ ਕਵਿਤਾ ਨੂੰ ਜਦੋਂ ਉਸਦੀਆਂ ਵਿਲੱਖਣ ਤੇ ਸੁਹਜਾਤਮਿਕ ਪ੍ਰਾਪਤੀਆਂ ਦੇ ਨੁਕਤੇ ਤੋਂ ਦੇਖਦੇ ਹਾਂ ਤਾਂ ਸਭ ਤੋਂ ਪਹਿਲਾਂ ਕਾਵਿਕਤਾ ਦੇ ਸ੍ਰੋਤਾਂ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ। ਉਸ ਦੇ ਇਨ੍ਹਾਂ ਸ੍ਰੋਤਾਂ ਵਿਚ ਮਿੱਥ ਦੇ ਰੂਪਾਂਤਰਣ ਰਾਹੀਂ ਸਭਿਆਚਾਰਕ ਅਵਚੇਤਨ ਦਾ ਨਿਰਮਾਣ ਕਰਨ ਲਈ ਸਭਿਆਚਾਰਕ ਪ੍ਰਤੀਕ-ਪ੍ਰਬੰਧ ਦੀ ਸਿਰਜਣਾ ਹੈ ਜਿਸ ਕਰਕੇ ਉਹ

ਮੁੱਖ ਤੌਰ 'ਤੇ ਮਨੁੱਖ ਤੇ ਬ੍ਰਹਿਮੰਡ ਵਿਚ ਇਕਸੁਰਤਾ ਸਥਾਪਤ ਕਰਨ ਦਾ ਯਤਨ ਕਰਦਾ ਹੈ ਪਰੰਤੂ ਵਸਤੂ ਯਥਾਰਥ ਵਿਚ ਵਿਆਪਕ ਮਨੁੱਖ ਤੇ ਬ੍ਰਹਿਮੰਡ ਵਿਚ ਅਸੰਤੁਲਨ ਕਾਰਨ ਉਪਜੀ ਹੋਈ ਮਾਨਵ-ਪੀੜਾ ਨੂੰ ਉਹ ਔਰਤ ਦੇ ਸਵੈਮੁਖੀ ਸੰਬੰਧ ਦੀ ਜੁਗਤ ਨਾਲ਼ ਵੈਰਾਗ ਦੇ ਨਿਵੇਕਲੇ ਸੁਰਾਂ ਤੇ ਸੰਦਰਭਾਂ ਤੱਕ ਫੈਲਾ ਦਿੰਦਾ ਹੈ। ਇਸ ਕਰਕੇ ਹੀ ਉਸ ਦੇ ਪ੍ਰਗਟਾਅ-ਮਾਧਿਅਮ ਵਿਚ ਰੁਮਾਂਟਿਕਤਾ, ਪ੍ਰਗੀਤਾਤਮਿਕਤਾ, ਸੁਹਜਾਤਮਿਕਤਾ, ਸਰੋਦੀਪਣ ਅਤੇ ਵਿਲੱਖਣ ਭਾਸ਼ਾਈ ਸਿਸਟਮ ਦੇ ਨਿਰਮਾਣ, ਗੈਰਮਾਮੂਲੀ ਪੱਧਰ ਉਤੇ ਕਾਰਜਸ਼ੀਲ ਹਨ। ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਦੇ ਉਪਰੋਕਤ ਪੈਟਰਨ ਉਸਦੇ ਸਮੁੱਚੇ ਕਾਵਿ-ਪ੍ਰਬੰਧ ਨੂੰ ਅਜਿਹੇ ਕਾਵਿਕ ਪ੍ਰਵਚਨ ਵਿਚ ਰੂਪਾਂਤ੍ਰਿਤ ਕਰਦੇ ਹਨ ਜਿਸਦੀ ਬੁਨਿਆਦ ਮਾਨਵੀ-ਹੋਂਦ ਦੀ ਦੁਫੇੜਤਾ, ਸਮਾਜਿਕ ਮਰਯਾਦਾਵਾਂ ਦੇ ਭੰਜਨ ਅਤੇ ਦਾਰਸ਼ਨਿਕ ਸੰਕਲਪਨਾ ਨੂੰ ਅੰਤਰਮੁਖਤਾ ਦੀ ਸੁਰ ਰਾਹੀਂ ਪੇਸ਼ ਕਰਨ ਉਪਰ ਉਸਰੀ ਹੋਈ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਸਾਹਿਤਕ ਪਾਠ ਦਾ ਉਹ ਮੂਲ਼-ਭੂਤ ਸਿਰਜਣਾਤਮਿਕ ਪ੍ਰਵਰਗ ਹੈ ਜੋ ਉਸਨੂੰ ਵਿਲੱਖਣ ਤੇ ਨਿਵੇਕਲੀ ਹੋਂਦ-ਵਿਧੀ ਪ੍ਰਦਾਨ ਕਰਦਾ ਹੈ। ਇਸ ਕਰਕੇ ਸਾਹਿਤਕ ਪਾਠ ਦਾ ਵਿਧੀਗਤ ਅਤੇ ਵਿਗਿਆਨਕ ਵਿਸ਼ਲੇਸ਼ਣ ਮਿੱਥ-ਰੂਪਾਂਤਰਣ ਦੀ ਪ੍ਰਕਿਰਿਆ ਨੂੰ ਸਮਝਣ ਤੇ ਉਸਦੇ ਮੁਲਾਂਕਣ ਰਾਹੀਂ ਹੀ ਸੰਭਵ ਹੋ ਸਕਦਾ ਹੈ।

* * * *

# ਪੁਸਤਕ ਸੂਚੀ

**ਪੰਜਾਬੀ**


ਅਤਰ ਸਿੰਘ (ਡਾ.), **ਕਾਵਿ ਅਧਿਅਨ**
ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990

-----, **ਸਮਦਰਸ਼ਨ,**
ਰਘਬੀਰ ਰਚਨਾ ਪ੍ਰਕਾਸ਼ਨ, ਅੰਮਿਤਸਰ, 1975

----, **ਸਾਹਿਤ ਸੰਵੇਦਨਾ,**
ਰਘਬੀਰ ਰਚਨਾ ਪ੍ਰਕਾਸ਼ਨ, ਅੰਮਿਤਸਰ,1985

ਅਰਸ਼ੀ, ਗੁਰਚਰਨ ਸਿੰਘ (ਡਾ.) (ਸੰਪਾ.,) **ਲੂਣਾ (ਸਮੀਖਿਆ ਵਿਧੀਮੂਲਕ ਦ੍ਰਿਸ਼ਟੀ-ਬਿੰਦੂ)**
ਪੰਜਾਬੀ ਆਕਦਮੀ, ਦਿੱਲੀ, 1989

-----, **ਸਾਹਿਤ ਸਮੀਖਿਆ,**
ਨੈਸ਼ਨਲ ਬੁੱਕ ਸ਼ਾਪ, ਦਿੱਲੀ, 1969

-----, **ਸਮੀਖਿਆ ਦ੍ਰਿਸ਼ਟੀਆਂ,**
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1984

ਆਹਲੂਵਾਲੀਆਂ, ਜਸਬੀਰ ਸਿੰਘ, (ਸੰਪਾ.), **ਆਲੋਚਨਾ ਦੀਆਂ ਪ੍ਰਣਾਲੀਆਂ,**
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

-----, **ਆਧੁਨਿਕ ਪੰਜਾਬੀ ਆਲੋਚਨਾ, ਦਾਰਸ਼ਨਿਕ** ਸਿਧਾਂਤਕ ਸੰਦਰਭ, ਰਘਬੀਰ ਰਚਨਾ ਪ੍ਰਕਾਸ਼ਨ,1991

ਸੁਹਿੰਦਰਬੀਰ (ਡਾ.), **ਸ਼ਿਵ ਕੁਮਾਰ ਦਾ ਕਾਵਿ ਸੰਸਾਰ,**
ਅਕਾਲ ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ 1985

ਸਤਿੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ-ਰੂਪ ਅਧਿਐਨ,**
ਗੁਰੂ ਨਾਨਕ ਦੇਵ ਯੂਨੀਵਰਸਿਟੀ, 1980

ਸਿੰਗਲ, ਧਰਮਪਾਲ (ਡਾ.), **ਸ਼ਿਵ ਕੁਮਾਰ ਦਾ ਕਾਵਿ-ਜਗਤ,**
ਨਿਊ ਬੁੱਕ ਕੰਪਨੀ, ਜਲੰਧਰ, 1979

ਸਿੱਧੂ, ਜਸਬੀਰ ਸਿੰਘ (ਪ੍ਰੋ), **ਸ਼ਿਵ ਕੁਮਾਰ ਬਟਾਲਵੀ ਦੀ ਕਾਵਿ ਰਚਨਾ,**
ਜਸ਼ਨਦੀਪ ਪਬਲੀਕੇਸ਼ਨਜ਼, ਜਲੰਧਰ, 1981

ਸ਼ਿਵ ਕੁਮਾਰ **ਸੰਪੂਰਨ ਕਾਵਿ ਸੰਗ੍ਰਹਿ,**
ਲਾਹੌਰ ਬੁੱਕ ਸ਼ਾਪ, ਲੁਧਿਆਣਾ, 1989

ਸੀਤਲ, ਜੀਤ ਸਿੰਘ (ਡਾ.), **ਸ਼ਿਵ ਕੁਮਾਰ ਬਟਾਲਵੀ, ਜੀਵਨ ਤੇ ਰਚਨਾ,**

ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

ਸੇਖੋਂ, ਸੰਤ ਸਿੰਘ, ਸਾਹਿਤਿਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1970

ਸੰਧੂ, ਗੁਰਪਾਲ ਸਿੰਘ, ਰੋਲਾਂ ਬਾਰਤ: ਚਿਹਨ ਵਿਗਿਆਨ ਦੇ ਤੱਤ (ਅਨੁ.) ਲੋਕਗੀਤ ਪ੍ਰਕਾਸ਼ਨ, ਸਰਹਿੰਦ, 1991

ਹਰਿਭਜਨ ਸਿੰਘ (ਡਾ.) ਮੁਲ ਤੇ ਮੁਲਾਂਕਣ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972

--------, ਰਚਨਾ ਸੰਰਚਨਾ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1977

-------, ਸਾਹਿਤ ਸ਼ਾਸਤਰ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1973

-------, ਅਧਿਅਨ ਤੇ ਅਧਿਆਪਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970

-------, ਸਾਹਿਤ ਵਿਗਿਆਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1978

------, ਪਾਰਗਾਮੀ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1974

ਕਰਮਜੀਤ ਸਿੰਘ (ਡਾ.), ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982

-------, ਕਾਵਿ ਸੰਵੇਦਨਾ (ਸੰਪਾ. ਹਰਚੰਦ ਸਿੰਘ ਬੇਦੀ) ਕਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1983

ਕ੍ਰਿਸ਼ਨ ਸਿੰਘ (ਪ੍ਰੋ.), ਸਾਹਿਤ ਦੀ ਸਮਝ, ਸੇਧ ਪ੍ਰਕਾਸ਼ਨ , ਨਵੀਂ ਦਿੱਲੀ, 1974.

ਕੁਲਦੀਪ ਐਸ (ਸੰਪਾ.), ਬਿਰਹੋਂ ਦਾ ਮਸੀਹਾ, ਕਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1980

ਕੇਸਰ, ਕੇਸਰ ਸਿੰਘ (ਡਾ.), ਸਾਹਿਤ ਖੋਜ ਅਤੇ ਸਾਹਿਤ ਆਲੋਚਨਾ ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਕਰਨੈਲ ਸਿੰਘ ਥਿੰਦ, (ਸੰਪਾ.), ਸਾਹਿਤ ਅਧਿਐਨ ਪ੍ਰਣਾਲੀਆਂ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, 1977

ਕੁਲਵੰਤ ਕੌਰ (ਡਾ.), ਭਾਈ ਗੁਰਦਾਸ ਦੀਆਂ ਵਾਰਾਂ ਦਾ ਮਿੱਥ-ਵਿਗਿਆਨਕ ਅਧਿਐਨ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, 1991

ਕੋਮਲ, ਅਮਰ (ਡਾ.), ਸ਼ਿਵ ਕੁਮਾਰ ਦਾ ਕਾਵਿ ਲੋਕ (ਲੂਣਾ ਦੇ ਆਧਾਰ 'ਤੇ) ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979

ਕੰਵਲ, ਸੁਰਜੀਤ ਸਿੰਘ ਸ਼ਿਵ ਕੁਮਾਰ-ਕਾਵਿ ਵਿਚ ਬਿਰਹਾ,

ਸੈਂਟਰਲ ਪਬਲਿਸ਼ਰਜ਼, ਲੁਧਿਆਣਾ, 1987

ਕੰਵਰ, ਤਰਲੋਕ ਸਿੰਘ — **ਵਿਹਾਰਕੀ,** ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1980

ਗੁਰਦਿਆਲ ਸਿੰਘ — **ਸ਼ਿਵ ਕੁਮਾਰ : ਇਕ ਅਧਿਐਨ,** ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1979

ਗੁਬਚਨ, — **ਚਿਹਨ, ਸੰਰਚਨਾ ਅਤੇ ਮਾਰਕਸਵਾਦ,** ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1985

ਗੁਰਬਚਨ ਸਿੰਘ (ਡਾ.), — **ਸਾਹਿਤ ਸਿਧਾਂਤ ਤੇ ਸਮੀਖਿਆ** (ਭਾਗ ਪਹਿਲਾ) ਮਦਾਨ ਪਬਲਿਸ਼ਰਜ਼, ਪਟਿਆਲਾ, 1971

ਜੱਗੀ, ਰਤਨ ਸਿੰਘ (ਸੰਪਾ.), — **ਖੋਜ ਪਤ੍ਰਿਕਾ: ਆਧੁਨਿਕ ਕਾਵਿ ਅੰਕ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983

------, — **ਸਾਹਿਤ ਅਧਿਐਨ ਵਿਧੀਆਂ,** ਪੰਜਾਬੀ ਯੂਨੀਵਸਿਟੀ ਪਟਿਆਲਾ, 1988

ਨਾਰੰਗ, ਸੀ. ਐਲ., — **ਸ਼ਿਵ : ਇਕ ਸਾਹਿਤਕ ਸਮੀਖਿਆ,** ਪੈਪਸੂ ਬੁੱਕ ਡਿਪੂ, ਪਟਿਆਲਾ, 1989

ਨੂਰ, ਸੁਤਿੰਦਰ ਸਿੰਘ — **ਆਧੁਨਿਕ ਪੰਜਾਬੀ ਕਾਵਿ : ਸਿਧਾਂਤਿਕ ਪਰਿਪੇਖ,** ਆਰਸੀ ਪਬਲਿਸ਼ਰਜ਼ ਚਾਂਦਨੀ ਚੌਕ, ਦਿੱਲੀ, 1991

-----(ਸੰਪਾ.), — **ਨਵੀਂ ਪੰਜਾਬੀ ਆਲੋਚਨਾ,** ਇੱਕਤੀ ਫਰਵਰੀ ਪ੍ਰਕਾਸ਼ਨ , ਦਿੱਲੀ, 1977

ਨੂਰ, ਸੁਤਿੰਦਰ ਸਿੰਘ (ਡਾ.), — **ਨਵੀਂ ਕਵਿਤਾ, ਸੀਮਾ ਤੇ ਸੰਭਾਵਨਾ,** ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1972

ਪੁੰਨੀ, ਅਮਰੀਕ ਸਿੰਘ (ਡਾ.), — **ਸਿਰਜਣਾ ਤੇ ਸਮੀਖਿਆ,** ਵਰਤਮਾਨ ਪ੍ਰਕਾਸ਼ਨ ਦਿੱਲੀ, 1976

ਪਾਤਰ, ਸੁਰਜੀਤ, — **ਹਵਾ 'ਚ ਲਿਖੇ ਹਰਫ਼** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1991

ਮਨਜੀਤ ਸਿਘ (ਡਾ.), — **ਜਨਮ ਸਾਖੀ/ਮਿੱਥ ਵਿਗਿਆਨ** ਪ੍ਰਿੰਸ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1982

------, — **ਮਿੱਥ ਵਿਗਿਆਨ,** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ, 1986

ਮਨਜੀਤਪਾਲ ਕੌਰ, — **ਪੰਜਾਬੀ ਕਾਵਿ-ਨਾਟ ਦਾ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1986

ਰਵੀ, ਰਵਿੰਦਰ ਸਿੰਘ (ਡਾ.), — **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ** ਸੇਧ ਪ੍ਰਕਾਸ਼ਨ, ਪਟਿਆਲਾ, 1982

-------, ਵਿਰਸਾ ਤੇ ਵਰਤਮਾਨ,
ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ 1986

ਰਾਜਿੰਦਰਪਾਲ ਸਿੰਘ **ਆਧੁਨਿਕ ਪੰਜਾਬੀ ਕਵਿਤਾ**,
ਲੋਕਗੀਤ ਪ੍ਰਕਾਸ਼ਨ, ਸਰਹਿੰਦ, 1991

ਬ੍ਰਹਮ ਜਗਦੀਸ਼ ਸਿੰਘ **ਪੱਛਮੀ ਸਮੀਖਿਆ-ਸਿਧਾਂਤ ਤੇ ਸੰਦਰਭ**,
ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ,
ਲਿਮ. ਲੁਧਿਆਣਾ, 1989

ਬਲਜੀਤ ਕੌਰ, **ਸੁਹਜ ਸ਼ਾਸਤਰ ਦੀ ਰੂਪ ਰੇਖਾ**,
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ,1987.

ਭਾਟੀਆ, ਹਰਿਭਜਨ ਸਿੰਘ, **ਪੰਜਾਬੀ ਆਲੋਚਨਾ-ਸਿਧਾਂਤ ਤੇ ਵਿਹਾਰ**,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ, 1988

* * * *

# ਅਪ੍ਰਕਾਸ਼ਿਤ ਖੋਜ-ਪ੍ਰਬੰਧ ਅਤੇ ਹੋਰ ਖੋਜ-ਕਾਰਜ

**ਪੀ- ਐਚ. ਡੀ. ਦੀ ਡਿਗਰੀ ਲਈ ਪ੍ਰਵਾਨ ਹੋਏ ਖੋਜ-ਪ੍ਰਬੰਧ**

| | |
|---|---|
| ਹਰਵਿੰਦਰ, ਦਰਸ਼ਨ ਸਿੰਘ, | **ਸ਼ਿਵ ਕੁਮਾਰ ਦੀ ਕਵਿਤਾ ਵਿਚ ਪੰਜਾਬੀ ਸਭਿਆਚਾਰ** |
| ਦੀਪਕ ਮਨਮੋਹਨ ਸਿੰਘ, | **ਸ਼ਿਵ ਕੁਮਾਰ ਦੀ ਕਵਿਤਾ ਦਾ ਰਤੀ-ਪ੍ਰਤੀਕ ਵਿਧਾਨ** |
| ਪੁਸ਼ਪਿੰਦਰਪਾਲ ਕੌਰ, | **ਸ਼ਿਵ ਕੁਮਾਰ ਦੀ ਕਵਿਤਾ ਵਿਚ ਵਿਜੋਗੇ ਮਾਨਵ ਦਾ ਬਿੰਬ** |
| ਮਨਜੀਤ ਸਿੰਘ, | **ਸ਼ਿਵ ਕੁਮਾਰ ਬਟਾਲਵੀ, ਜੀਵਨ ਰਚਨਾ ਅਤੇ ਪੰਜਾਬੀ ਸਾਹਿਤ ਵਿਚ ਸਥਾਨ** |

**ਸਤੰਬਰ 1980 ਵਿਚ ਖਾਲਸਾ ਕਾਲਜ, ਦਿੱਲੀ ਵਿਖੇ ਕਰਵਾਏ ਗਏ ਸੈਮੀਨਾਰ ਵਿਚ ਪੜ੍ਹੇ ਗਏ ਖੋਜ-ਪੱਤਰ**

| | |
|---|---|
| ਅਰਸ਼ੀ, ਗੁਰਚਰਨ ਸਿੰਘ (ਡਾ.), | ਸ਼ਿਵ ਕੁਮਾਰ ਰਚਿਤ ਲੂਣਾ ਦਾ ਵਿਸ਼ਲੇਸ਼ਣਾਤਮਿਕ ਅਧਿਐਨ |
| ਹਰਿਭਜਨ ਸਿੰਘ (ਡਾ.), | ਸ਼ਿਵ ਕੁਮਾਰ, ਜੀਵਨ ਤੇ ਰਚਨਾ |
| ਦੀਪ, ਦਲੀਪ ਸਿੰਘ (ਡਾ.), | ਸ਼ਿਵ ਕੁਮਾਰ ਦੀ ਬਿੰਬ-ਯੋਜਨਾ |

**ਅਪ੍ਰਕਾਸ਼ਿਤ ਖੋਜ-ਨਿਬਧ**

ਸੰਧੂ, ਗੁਰਪਾਲ ਸਿੰਘ (ਡਾ.), **ਹਾਰਲਡ ਬਲੂਮ**

ਅੰਗਰੇਜ਼ੀ


Abrams, M.H., **The Mirror and the Lamp,** Oxford University Press, New York, 1971.

Althusser, Louis, **Lenin and philosophy and other Essays.** (Trans.)Ben Brenster, N.L.B. London, 1971.

Abercrombie, Lascelles, **Principles of Literary criticism,** Vora & co. Bombay, 1971.

Ahluwalia, Jasbir Singh (Dr.), **Tradition and Experiment in Modern Punjabi Poetry,** Bawa Publishing House Ferozepur (Publication Year not mentioned).

Attar Singh, **The secular principle in Modern Punjabi Peotry,** (Ph.D. thesis) Delhi Uni. Delhi.

Archard, Devid, **The consciousness and the Unconsciousness,** Hutchison & Co.Ltd. London, 1984.

Barabash, Yuri **Aesthetics and poetics,** Progress Publishers, Moscow, 1977.

Barthes, Roland, **Image, Music-Text,** Fontana Collins, London, 1977.

------, **Writing Degree Zero,** Jonathan Cape Ltd, London, 1975.

------, **Mythologies,** Granda Publications, London, 1984.

------, **S/Z** Jonathan Cape Ltd, London, 1975.

------, **Elements of Semiology (Trans.)** Hill & Wang, New York, 1985.

------, **Pleasure of the Text,** Hill & Wang, New York, 1977.

Brown, J.A.C. **Freud and Post Freudian,**

Penguins Books, Middlesex, 1983.

Benneth, Tony — **Formalism and Marxism,** Methuen and Co. Ltd, London, 1979.

Caudwell, Christopher, — **Illusion and Reality,** People's Publishing House, New Delhi, 1956.

Casey, John, — **The Language of Criticism,** Methuen and Co, Ltd, London, 1966.

Chatman, Seymour, — **Literary Style : A Symposium,** Oxford University Press, London, 1971.

Culler, Jonathan, — **Structuralist Poetics: Structuralism, Linguistics and the study of Literature,** R.K. paul, London, 1975.

------, — **The persuit of Sign: Semiotics, Literature Deconstruction,** R.K. paul, London, 1980.

------, — **On Deconstruction Theory and Criticism after Structuralism.** R.K. paul, London, 1983.

Cassirer, Earnest, — **New Hawan,** Yale Uni. Press, London, 1945.

Daiches, David, — **Critical Approaches to Literature,** Orient Longman, Bombay, 1967.

Derrida, Jacques, — **Writing and Difference,** Routledge and Kegan Paul, London, 1984.

Eagleton, Terry, — **Literary Theory,** Basil Blackwell, London, 1985.

-----, — **Marxism and Literary Criticism,** Methuen & Co. Ltd. London, 1977.

Eliot, T.S., — **Selected Essays,** Faber and Faber, London, 1969.

Eco, Umberto, — **Theory of Semiotics,** Indiana University press, Bloomington, 1976.

----- — **Role of the Reader,**

Hutchison Publishing Group, London, 1981.

Fredric, Jameson, **Marxism and Form,** Princeton Uni. press, New Jercy, 1971.

Frank Lentiriche, **After the New criticism** Metheun & Co. Ltd, London, 1984

Freud, Sigmund, **New Introductory Lectures on psycho-Analysis,** Penguins Books Ltd. Middlesex, 1986.

-----, **Introductory Lectures in psycology**,vol.xx Penguins Books, Middlesex, 1977.

-----, **Totem and Taboo,** Routledge and Kegan paul, London, 1980.

Frye, Northrop, **Anatomy of Criticism,** Princeton Uni. Press, Princeton, 1973.

-----, **Fables of Identity: Studies in Poetry-Mythology,** Harcourt Brace & co,New York,1963

Foucault, Michåel, **Archaelogy of Knowledge,** Pantheon Books, New York, 1972.

George, A.G. **Critics and Criticism,** Asia Publishing House, Bombay, 1969.

Gill, Harjit Singh, **Structuralism and Literary Critique**, Punjabi Uni. Patiala, 1979.

-----(Ed.), **Pakha Sanjam,The Human Conditions in Puran Bhagat** Vol. XVI, Punjabi Uni. Patiala, 1983.

Handy, W.J., & Max Westbrook (Eds), **Twentieth Century Criticism,** Light and Life publishers. New Delhi, 1974.

Helmslev, Louis, **Prolegomna to Theory of Language,** University of Wisconsin press, Milwauky, 1969.

Hawkes, Terence, **Structuralism & Semiotics,** Methuen & Co. Ltd, London, 1977.

Jacobson, Romen, & Marris Halle, **Fundamentals of Language,** The Hague Mouton, Paris, 1956.

Jacobson, Ramen **Main Trends in Science of Language,** George Allen and Unwin Ltd, London, 1973.

Jung, C,G., **Four Archetypes,** Routledge & Kegan Paual, London, 1959.

------, **Introduction to a Science of Mythology,** Routledge and Kegan paul London, 1957.

------, **Modern Man in Search of Soul,** Routledge and Kegan Paul, London, 1961.

Kirks, G.S., **Myth–Its Meaning and Function in Ancient and other Cultures,** Uni. of California Press, Berkaley, 1970.

Kristeva, Julia, **Revolution in Poetic Language,** Columbia Uni. Press New York, 1984.

------, **Desire in Language,** Basil Blackwell, Oxford, 1980.

Levi Strauss, Claude, **Structral Anthropology,** Penguin Books, Ltd, Middlesex, 1977.

------, **The Savage Mind,** Uni.of Chicago Press, Chicago, 1968

-----, **Totemism,** Penguin Books Ltd, Middlesex,

1973.

-----, **Myth and Meaning,** Routledge & Kegan paul, London, 1978.

Lacan, Jacques, **Four Fundamental Concepts of . Psycho- Analysis,** Penguin Books, Middlesex, 1986.

------, **The Language of the Self,** John Hopkin Press, Boltimore, 1968

Leach, Edmund, **The Structural Study of Myth and Totemism,** Tevistock Publication, London, 1967.

Leith, V.B., **Deconstructive Criticism,** Hutchison & Co. Ltd, London ,1983.

Morris, Charles, **Signification and Significance,** The MIT Press, London, 1964.

Max Mullar, Friedrich, **The Science of Religion,** Munshi Lal, Monohar Lal, Delhi, 1965.

Piaget, Jean, **Structuralism,** Routledge & Kegan Paul, London, 1971.

Propp, Vladimir **Morphology of Folktale,** Uni. of Texas Press London, 1968.

Rattan, B.S., **Shiv Batalvi:The Poetry of Growth** (A Ph.D. thesis)

Righter, William, **Myth and Literature,** Routledge and Kegan Paul, London, 1975.

Richards, I.A., **Practical Criticism,** Harcourt Brace and Co. New York, 1925.

Robey, Devid (Ed.), **Structuralism : An Introduction,** Clarendon Press, Oxford, 1973.

Stiener, George, **Language and Science,** Faber and Faber, London, 1966.

Silverman, Kaja **Subject of Semiotics,**

Oxford Uni. Press, New York, 1983.

Saussure, Ferdinand De, **Course in General Linguistics,** Fontana, Collins, London, 1974.

Scholes, Robert, **Semiotics and Interpretation,** Yale Uni. Press, London, 1982.

------, **Structuralism in Literature,** Yale Uni. Press, London, 1976.

Scott, Willbur (Ed.), **Five Approaches of Literary Criticism,** Collier Meamillan, London, 1969.

Salusinszky, Imre, **Criticism in Society,** Methuen & Co. Ltd, New York, 1987.

Tate, Allen, **On the limits of Poetry,** The Swallon Press and W. Morrow Co. New York, 1948.

Todorov, Tzvetan, **The Fantastic, (Trans)** Richard Howard, Carvell Uni. Press, New York, 1970.

Vico, Glambetista, **The New Science,** Corvell Uni. Press New York, 1948.

Volosinov, V.N., **Marxism and Philosophy of Language**, Harward Uni. Press, London, 1986.

Wellek, Rene, **Concepts of Criticism** Yale Uni. Press, London, 1963.

Waugh, Patricia, **Meta-Fiction,** Methuen and Co. Ltd, London, 1984.

Welleck, Rene & Austin Warren **Theory of Literature,** Jonathan Cape. London, 1955.

Wright, Elizabeth, **Psycho-analytic Criticism : Theory in Practice,** Methuen and Co, Ltd, London, 1984.

Zis, Avener, **Foundation of Marxist Aesthetics,** Progress Publishers , Moscow, 1977.

Oxford Uni. Press, New York, 1983.

Saussure, Ferdinand De, **Course in General Linguistics,** Fontana, Collins, London, 1974.

Scholes, Robert, **Semiotics and Interpretation,** Yale Uni. Press, London, 1982.

------, **Structuralism in Literature,** Yale Uni. Press, London, 1976.

Scott, Willbur (Ed.), **Five Approaches of Literary Criticism,** Collier Meamillan, London, 1969.

Salusinszky, Imre, **Criticism in Society,** Methuen & Co. Ltd, New York, 1987.

Tate, Allen, **On the limits of Poetry,** The Swallon Press and W. Morrow Co. New York, 1948.

Todorov,Tzvetan, **The Fantastic, (Trans)** Richard Howard, Carvell Uni. Press, New York, 1970.

Vico, Glambetista, **The New Science,** Corvell Uni. Press New York, 1948.

Volosinov, V.N., **Marxism and Philosophy of Language**, Harward Uni. Press, London, 1986.

Wellek, Rene, **Concepts of Criticism** Yale Uni. Press, London, 1963.

Waugh, Patricia, **Meta-Fiction,** Methuen and Co. Ltd, London, 1984.

Welleck, Rene & Austin Warren **Theory of Literature,** Jonathan Cape. London, 1955.

Wright, Elizabeth, **Psycho-analytic Criticism : Theory in Practice,** Methuen and Co, Ltd, London, 1984.

Zis, Avener, **Foundation of Marxist Aesthetics,** Progress Publishers , Moscow, 1977.



ਸਾਹਿਤਕ ਪਾਠ ਦਾ ਸਮੁੱਚਾ ਮਿੱਥ-ਪ੍ਰਬੰਧ ਉਸ ਵਿਚ ਪੇਸ਼ ਹੋਏ ਮਾਨਵੀ ਭਾਵ-ਸੰਸਾਰ ਰਾਹੀਂ ਪਛਾਣਿਆ ਜਾ ਸਕਦਾ ਹੈ। ਇਹ ਭਾਵ-ਸੰਸਾਰ ਆਪਣੇ ਕਾਲ-ਖੰਡ ਦੀ ਇਤਿਹਾਸਕਤਾ ਅਤੇ ਬੁਨਿਆਦੀ ਮਾਨਵੀ ਵ੍ਰਿਤੀਆਂ ਦੇ ਸੰਜਮਸ਼ੀਲ ਸੰਗਠਨ ਵਿਚੋਂ ਉਦੈ ਹੁੰਦਾ ਹੈ। ਇਸ ਕਰਕੇ ਵਿਚਾਰਾਂ ਦੇ ਨਿਰਮਾਣ ਦੀ ਪ੍ਰਕਿਰਿਆ ਵਿਚ ਇਹ ਸਭਿਆਚਾਰਕ, ਭਾਸ਼ਾਈ, ਰੂਪਾਕਾਰਕ ਅਤੇ ਸਾਹਿਤਕ ਮਰਯਾਦਾਵਾਂ ਤੇ ਪ੍ਰਤਿਮਾਨਾਂ ਨੂੰ ਖ਼ਾਸ ਕਿਸਮ ਦੇ ਮਾਧਿਅਮ ਦੇ ਰੂਪ ਵਿਚ ਵਰਤਦਾ ਹੈ।

ਸ਼ਿਵ ਕੁਮਾਰ ਦੇ ਕਾਵਿ-ਸੰਸਾਰ ਨੂੰ ਵਿਲੱਖਣਤਾ ਪ੍ਰਦਾਨ ਕਰਨ ਵਾਲਾ ਪ੍ਰਮੁੱਖ ਤੱਤ ਉਸਦਾ ਮਿੱਥ-ਪ੍ਰਬੰਧ ਹੈ। ਉਸ ਵਿਚ ਪੇਸ਼ ਮਾਨਵੀ ਵ੍ਰਿਤੀਆਂ ਚਾਰ ਪੱਧਰਾਂ 'ਤੇ ਮਾਨਵੀ ਭਾਵ-ਸੰਸਾਰ ਦੀ ਸਿਰਜਣਾ ਕਰਦੀਆਂ ਹਨ। ਪਹਿਲੇ ਪੱਧਰ 'ਤੇ ਆਧੁਨਿਕਤਾਵਾਦੀ ਚਿੰਤਨ ਉਸ ਲਈ ਮਨੁੱਖ ਦੀ ਸੰਕਲਪਨਾ ਤੇ ਮਨੁੱਖੀ ਹੋਂਦ ਦੇ ਸਰਬਾਂਗੀ ਪਾਸਾਰਾਂ ਨੂੰ ਸਮਝਣ ਦਾ ਆਧਾਰ ਬਣਦਾ ਹੈ। ਇਸ ਕਰਕੇ ਉਹ ਮਨੁੱਖ ਨੂੰ ਪੂਰਨ ਦੀ ਥਾਂ ਅਪੂਰਨ, ਸ਼ਕਤੀਮਾਨ ਦੀ ਥਾਂ ਸੰਕਟ-ਗ੍ਰਸਤ, ਸਰਬਵਿਜਈ ਦੀ ਥਾਂ ਸੰਤਾਪਗ੍ਰਸਤ ਅਤੇ ਸਮਰਥਾਵਾਨ ਦੀ ਥਾਂ ਬੱਲਹੀਣ ਪੇਸ਼ ਕਰਦਾ ਹੈ। ਦੂਜੇ ਪੱਧਰ 'ਤੇ ਉਹ ਸਭਿਆਚਾਰਕ ਮਾਨਤਾਵਾਂ ਦੇ ਵਿਸ਼ਾਲ ਤਾਣੇ-ਪੇਟੇ ਰਾਹੀਂ ਮਨੁੱਖੀ ਵਿਵਹਾਰ ਦੀ ਪੇਸ਼ਕਾਰੀ ਕਰਦਾ ਹੈ। ਅਜਿਹਾ ਕਰਦਿਆਂ ਹੋਇਆਂ ਉਹ ਸਭਿਆਚਾਰਕ ਰੂਪਾਂ ਨੂੰ ਸਥਾਪਤ ਮਾਣ-ਮਰਯਾਦਾ, ਰਸਮੋ-ਰਿਵਾਜ, ਰਿਸ਼ਤੇ-ਨਾਤੇ, ਸਦਾਚਾਰ ਤੇ ਨੈਤਿਕਤਾ ਦੇ ਸੰਗਠਨ ਦੇ ਰੂਪ ਵਿਚ ਪੇਸ਼ ਕਰਦਾ ਹੈ। ਤੀਜੇ ਪੱਧਰ 'ਤੇ ਇਨ੍ਹਾਂ ਦਾ ਖੰਡਨ ਕਰਕੇ ਅਤੇ ਇਨ੍ਹਾਂ ਦੇ ਤਿਆਗ ਰਾਹੀਂ ਮਾਨਵੀ ਕਾਮਨਾਵਾਂ ਦੇ ਅਨੁਰੂਪ, ਸਭਿਆਚਾਰਕ ਸਥਾਪਨਾਵਾਂ ਦੀ ਕਲਪਨਾ ਕਰਦਾ ਹੋਇਆ ਮਿੱਥ-ਪ੍ਰਬੰਧ ਨੂੰ ਵਿਉਂਤਬੱਧ ਕਰਦਾ ਹੈ। ਸਪਸ਼ਟ ਹੈ ਕਿ ਸੁਪਨਿਆਂ ਦੀ ਪ੍ਰਾਪਤੀ ਲਈ ਕਲਪਿਤ ਮਾਨਤਾਵਾਂ ਅਤੇ ਸਥਾਪਤ ਮਾਨਤਾਵਾਂ ਦੇ ਦੁਫੇੜ ਦੇ ਫਲਸਰੂਪ ਮਨੁੱਖੀ ਹੋਂਦ ਹਮੇਸ਼ਾਂ ਹੀ ਸੰਕਟਗ੍ਰਸਤ ਰਹਿੰਦੀ ਹੈ। ਇਸ ਕਰਕੇ ਸ਼ਿਵ ਕੁਮਾਰ ਦਾ ਮਿੱਥ-ਪ੍ਰਬੰਧ ਇਸ ਪ੍ਰਕਾਰ ਦੀ ਸੰਕਟਗ੍ਰਸਤ ਮਨੁੱਖੀ ਹੋਂਦ ਦੀ ਉਚੇਚ ਰੂਪ ਵਿਚ ਪੇਸ਼ਕਾਰੀ ਕਰਦਾ ਹੈ। ਇਸ ਲਈ ਮਨੁੱਖ ਦੀਆਂ ਬਹਾਦਰੀਆਂ, ਪ੍ਰਾਪਤੀਆਂ ਅਤੇ ਜਿੱਤਾਂ ਦੀ ਬਜਾਇ ਉਸ ਦੇ ਕਾਵਿ-ਜਗਤ ਵਿਚ ਨਿਗੁਣਾਪਣ, ਨਮੋਸ਼ੀਆਂ, ਹਾਰਾਂ, ਪਾਪਾਂ-ਗੁਨਾਹਾਂ ਅਤੇ ਅਪ੍ਰਾਪਤੀਆਂ ਦੀ ਬਹੁ-ਪਾਸਾਰੀ ਟੁੱਟ-ਭੱਜ ਦੀ ਭਰਮਾਰ ਹੈ। ਚੌਥੇ ਪੱਧਰ 'ਤੇ ਸ਼ਿਵ ਕੁਮਾਰ ਦਾ ਕਾਵਿ-ਸੰਸਾਰ ਸੰਤੁਲਿਤ ਮਾਨਵੀ ਹੋਂਦ ਨੂੰ ਸਥਾਪਤ ਕਰਨ ਲਈ ਅਗਰਸਰ ਹੈ।